# ਮੇਰੀ ਦੁਨੀਆ

(ਵਾਤਾਵਰਨ ਸਿੱਖਿਆ)

## ਚੌਥੀ ਸ਼੍ਰੇਣੀ

D3D1L3

ਸਮੱਗਰ ਸਿੱਖਿਆ ਅਭਿਆਨ

ਪੜ੍ਹੋ ਸਾਰੇ ਵਧੋ ਸਾਰੇ

ਸਿੱਖਿਆ ਅਤੇ ਭਲਾਈ ਵਿਭਾਗ, ਪੰਜਾਬ ਦਾ ਸਾਂਝਾ ਉਪਰਾਲਾ


## ਪੰਜਾਬ ਸਕੂਲ ਸਿੱਖਿਆ ਬੋਰਡ

ਸਾਹਿਬਜ਼ਾਦਾ ਅਜੀਤ ਸਿੰਘ ਨਗਰ

© ਪੰਜਾਬ ਸਰਕਾਰ

ਚੌਥਾ ਐਡੀਸ਼ਨ 2021.......................200,300 ਕਾਪੀਆਂ
ਪੰਜਵਾਂ ਐਡੀਸ਼ਨ 2022.......................1,86,000 ਕਾਪੀਆਂ

All rights, including those of translation, reproduction and annotation etc., are reserved by the Punjab Government.

ਕੋਆਰਡੀਨੇਟਰ - **ਡਾ. ਸ਼ਰੁਤੀ ਸ਼ੁਕਲਾ**
ਵਿਸ਼ਾ ਮਾਹਰ, ਵਾਤਾਵਰਨ ਸਿੱਖਿਆ, ਪੰਜਾਬ ਸਕੂਲ ਸਿੱਖਿਆ ਬੋਰਡ

ਕਵਰ ਡਿਜ਼ਾਈਨ - **ਮਨਜੀਤ ਸਿੰਘ ਢਿੱਲੋਂ**
ਚੀਫ ਆਰਟਿਸਟ, ਪੰਜਾਬ ਸਕੂਲ ਸਿੱਖਿਆ ਬੋਰਡ

## ਚੇਤਾਵਨੀ

1. ਕੋਈ ਵੀ ਏਜੰਸੀ-ਹੋਲਡਰ ਵਾਧੂ ਪੈਸੇ ਵਸੂਲਣ ਦੇ ਮੰਤਵ ਨਾਲ਼ ਪਾਠ-ਪੁਸਤਕਾਂ 'ਤੇ ਜਿਲਦਸਾਜ਼ੀ ਨਹੀਂ ਕਰ ਸਕਦਾ। (ਏਜੰਸੀ-ਹੋਲਡਰਾਂ ਨਾਲ਼ ਹੋਏ ਸਮਝੌਤੇ ਦੀ ਧਾਰਾ ਨੰ. 7 ਅਨੁਸਾਰ)
2. ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਛਪਾਈਆਂ ਅਤੇ ਪ੍ਰਕਾਸ਼ਿਤ ਪਾਠ-ਪੁਸਤਕਾਂ ਦੇ ਜਾਲ੍ਹੀ/ਨਕਲੀ ਪ੍ਰਕਾਸ਼ਨਾਂ (ਪਾਠ-ਪੁਸਤਕਾਂ) ਦੀ ਛਪਾਈ, ਸਟਾਕ ਕਰਨਾ, ਜਮ੍ਹਾਖ਼ੋਰੀ ਜਾਂ ਵਿਕਰੀ ਆਦਿ ਕਰਨਾ ਭਾਰਤੀ ਦੰਡ-ਪ੍ਰਨਾਲ਼ੀ ਦੇ ਅੰਤਰਗਤ ਫ਼ੌਜਦਾਰੀ ਜੁਰਮ ਹੈ।
(ਪੰਜਾਬ ਸਕੂਲ ਸਿੱਖਿਆ ਬੋਰਡ ਦੀਆਂ ਪਾਠ-ਪੁਸਤਕਾਂ ਬੋਰਡ ਦੇ 'ਵਾਟਰ ਮਾਰਕ' ਵਾਲੇ ਕਾਗਜ਼ ਉੱਪਰ ਹੀ ਛਪਵਾਈਆਂ ਜਾਂਦੀਆਂ ਹਨ।)

ਸਮੱਗਰ ਸਿੱਖਿਆ ਅਭਿਆਨ
ਪੜ੍ਹੋ ਸਾਰੇ ਵਧੋ ਸਾਰੇ
ਸਿੱਖਿਆ ਅਤੇ ਭਲਾਈ ਵਿਭਾਗ, ਪੰਜਾਬ ਦਾ ਸਾਂਝਾ ਉਪਰਾਲਾ

**ਇਹ ਪੁਸਤਕ ਵਿਕਰੀ ਲਈ ਨਹੀਂ ਹੈ**

ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਵਿੱਦਿਆ ਭਵਨ ਫੇਜ਼-8, ਸਾਹਿਬਜ਼ਾਦਾ ਅਜੀਤ ਸਿੰਘ ਨਗਰ-160062 ਰਾਹੀਂ ਪ੍ਰਕਾਸ਼ਿਤ ਅਤੇ ਚੋਵਾਇਸ ਬੁੱਕਸ ਐਂਡ ਪ੍ਰਿੰਟਜ਼ ਪ੍ਰਾ. ਲਿਮਿਟਿਡ, ਜਲੰਧਰ ਦੁਆਰਾ ਛਾਪੀ ਗਈ।

# ਦੋ ਸ਼ਬਦ

ਪੰਜਾਬ ਸਕੂਲ ਸਿੱਖਿਆ ਬੋਰਡ ਆਪਣੀ ਸਥਾਪਨਾ ਤੋਂ ਹੀ ਸਕੂਲ ਪੱਧਰ ਦੇ ਪਾਠਕ੍ਰਮ ਬਣਾਉਣ, ਰਾਸ਼ਟਰ ਅਤੇ ਰਾਜ ਪੱਧਰ 'ਤੇ ਬਦਲਦੀਆਂ ਵਿੱਦਿਅਕ ਲੋੜਾਂ ਅਨੁਸਾਰ ਪਾਠ ਕ੍ਰਮ ਨੂੰ ਨਵਿਆਉਣ ਅਤੇ ਉਸ ਅਨੁਸਾਰ ਪਾਠ-ਪੁਸਤਕਾਂ ਤਿਆਰ ਕਰਨ ਲਈ ਯਤਨਸ਼ੀਲ ਰਿਹਾ ਹੈ।

ਹੱਥਲੀ ਪੁਸਤਕ ਵੱਖ-ਵੱਖ ਵਰਕਸ਼ਾਪਾਂ ਲਗਾ ਕੇ ਖੇਤਰੀ ਮਾਹਿਰਾਂ ਵੱਲੋਂ NCF-2005 ਅਤੇ PCF-2013 ਦੇ ਆਧਾਰ 'ਤੇ ਤਿਆਰ ਕੀਤੀ ਗਈ ਹੈ। ਕਿਰਿਆਵਾਂ ਅਤੇ ਚਿੱਤਰਾਂ ਦੀ ਸਹਾਇਤਾ ਨਾਲ਼ ਇਸ ਪਾਠ-ਪੁਸਤਕ ਨੂੰ ਰੋਚਕ ਬਣਾਉਣ ਦਾ ਪੂਰਾ ਯਤਨ ਕੀਤਾ ਗਿਆ ਹੈ। ਇਹ ਪੁਸਤਕ ਬੋਰਡ, SCERT ਦੇ ਮਾਹਰਾਂ ਅਤੇ ਖੇਤਰ ਦੇ ਤਜ਼ਰਬੇਕਾਰ ਅਧਿਆਪਕਾਂ/ਮਾਹਰਾਂ ਦੇ ਸਹਿਯੋਗ ਨਾਲ਼ ਤਿਆਰ ਕੀਤੀ ਗਈ ਹੈ। ਬੋਰਡ ਇਨ੍ਹਾਂ ਸਭ ਦਾ ਧੰਨਵਾਦੀ ਹੈ।

ਲੇਖਕਾਂ ਵੱਲੋਂ ਇਹ ਪੂਰੀ ਕੋਸ਼ਿਸ਼ ਕੀਤੀ ਗਈ ਹੈ ਕਿ ਪੁਸਤਕ ਦੀ ਰੂਪ-ਰੇਖਾ ਚੌਥੀ ਸ਼੍ਰੇਣੀ ਦੇ ਵਿਦਿਆਰਥੀਆਂ ਦੇ ਮਾਨਸਿਕ ਪੱਧਰ ਮੁਤਾਬਿਕ ਹੀ ਹੋਵੇ। ਪੁਸਤਕ ਵਿੱਚ ਦਿੱਤੀ ਵਿਸ਼ਾ-ਸਮੱਗਰੀ ਅਤੇ ਉਦਾਹਰਨਾ ਵਿਦਿਆਰਥੀਆਂ ਦੇ ਆਲ਼ੇ-ਦੁਆਲ਼ੇ ਦੇ ਵਾਤਾਵਰਨ ਅਤੇ ਉਸ ਨਾਲ਼ ਸੰਬੰਧਤ ਪ੍ਰਸਥਿਤੀਆਂ ਮੁਤਾਬਿਕ ਹੀ ਤਿਆਰ ਕੀਤੀਆਂ ਗਈਆਂ ਹਨ। ਹਰੇਕ ਪਾਠ ਵਿੱਚ ਕਈ ਕਿਰਿਆਵਾਂ ਦਿੱਤੀਆਂ ਗਈਆਂ ਹਨ। ਸਥਾਨਕ ਸਾਧਨਾਂ ਅਤੇ ਵਿਦਿਆਰਥੀ ਜੀਵਨ ਦੀਆਂ ਅਸਲੀ ਹਾਲਤਾਂ ਅਨੁਸਾਰ ਇਹ ਕਿਰਿਆਵਾਂ ਬਦਲੀਆਂ ਜਾ ਸਕਦੀਆਂ ਹਨ।

ਆਸ ਹੈ ਕਿ ਇਹ ਪਾਠ-ਪੁਸਤਕ ਵਿਦਿਆਰਥੀਆਂ ਲਈ ਰੋਚਕ ਅਤੇ ਲਾਹੇਵੰਦ ਸਿੱਧ ਹੋਵੇਗੀ। ਪੁਸਤਕ ਨੂੰ ਹੋਰ ਚੰਗੇਰਾ ਬਣਾਉਣ ਲਈ ਖੇਤਰ ਵਿੱਚੋਂ ਆਏ ਸੁਝਾਵਾਂ ਨੂੰ ਬੋਰਡ ਆਦਰ ਸਹਿਤ ਸਵੀਕਾਰ ਕਰੇਗਾ।

ਚੇਅਰਮੈਨ

**ਪੰਜਾਬ ਸਕੂਲ ਸਿੱਖਿਆ ਬੋਰਡ**

# ਪੁਸਤਕ ਤਿਆਰ ਕਰਤਾ ਕਮੇਟੀ

## ਲੇਖਕ

| | |
|---|---|
| • ਡਾ. ਸ਼ਰੁਤੀ ਸ਼ੁਕਲਾ | ਕੋਆਰਡੀਨੇਟਰ, ਵਾਤਾਵਰਨ ਸਿੱਖਿਆ |
| • ਰਾਜਪਾਲ ਸਿੰਘ | (ਰਿਟਾ. ਲੈੱਕ.) ਸਸਸਸ ਹਰੀਨੌਂ, ਕੋਟਕਪੂਰਾ, ਫ਼ਰੀਦਕੋਟ |
| • ਵਰਿੰਦਰ ਕੁਮਾਰ | ਮੁੱਖ ਅਧਿਆਪਕ ਸ.ਪ੍ਰ.ਸ. ਮਚਾਕੀ ਮੱਲ ਸਿੰਘ, ਫ਼ਰੀਦਕੋਟ |
| • ਗੁਰਵਿੰਦਰ ਸਿੰਘ | ਸਾਇੰਸ ਮਾਸਟਰ, ਸਸਸਸ ਡੂੰਬਾ, ਬਠਿੰਡਾ |
| • ਨਿਰਮਲ ਸਿੰਘ | ਅਧਿਆਪਕ, ਸ.ਪ੍ਰ.ਸ. ਨੰਗਲ, ਫ਼ਰੀਦਕੋਟ |
| • ਅਮਰਜੀਤ ਸਿੰਘ | ਸਾਇੰਸ ਮਾਸਟਰ, ਸ.ਸ.ਸ.ਸ. ਰੰਘੜਿਆਲ, ਮਾਨਸਾ |
| • ਅਮ੍ਰਿਤਵੀਰ ਸਿੰਘ ਬੋਹਾ | ਅਧਿਆਪਕ, ਸ.ਪ੍ਰ.ਸ. ਜਲਵੇੜਾ, ਮਾਨਸਾ |
| • ਹਰਿੰਦਰ ਸਿੰਘ ਗਰੇਵਾਲ | ਡੀ.ਪੀ.ਈ. ਸ.ਰ.ਸ., ਬੂਹੀ, ਪਟਿਆਲਾ |
| • ਗੁਰਬਾਜ਼ ਸਿੰਘ | ਅਧਿਆਪਕ, ਸ.ਪ੍ਰ.ਸ. ਇੱਛੇਵਾਲ, ਪਟਿਆਲਾ |
| • ਪੰਕਜ ਸ਼ਰਮਾ | ਸਾਇੰਸ ਮਾਸਟਰ, ਸਰਕਾਰੀ ਮਿਡਲ ਸਕੂਲ, ਭੋਏਵਾਲੀ, ਸ੍ਰੀ ਅੰਮ੍ਰਿਤਸਰ ਸਾਹਿਬ |

## ਸੋਧ ਕਮੇਟੀ

| | |
|---|---|
| • ਸੀਮਾ ਖੇੜਾ | ਵਿਸ਼ਾ ਮਾਹਰ, ਐਸ.ਸੀ.ਈ.ਆਰ.ਟੀ |
| • ਮਹਿੰਦਰ ਸਿੰਘ | ਅਧਿਆਪਕ, ਸ.ਪ੍ਰ.ਸ. ਢੁੱਡੀ, ਫ਼ਰੀਦਕੋਟ |
| • ਵਜਿੰਦਰ ਕੁਮਾਰ | ਮੁੱਖ ਅਧਿਆਪਕ, ਸ.ਪ੍ਰ.ਸ. ਨਵਾਂ ਨੱਥੇਵਾਲ, ਫ਼ਰੀਦਕੋਟ |
| • ਜਸਵਿੰਦਰ ਸਿੰਘ | ਸੈਂਟਰ ਮੁੱਖ ਅਧਿਆਪਕ, ਸ.ਪ੍ਰ.ਸ. ਸਾਦਿਕ, ਫ਼ਰੀਦਕੋਟ |

# ਤਤਕਰਾ


| ਲੜੀ ਨੰ. | ਪਾਠ | ਪੰਨਾ ਨੰ. |
|---|---|---|
| 1. | ਬੇਟੀ ਆਈ, ਖ਼ੁਸ਼ੀ ਲਿਆਈ | 1-5 |
| 2. | ਪਾਰਕ ਦੀ ਸੈਰ | 6-12 |
| 3. | ਮੇਲੇ ਅਤੇ ਖੇਡਾਂ | 13-20 |
| 4. | ਵੱਖ-ਵੱਖ ਕਿੱਤਾਕਾਰ | 21-26 |
| 5. | ਜੰਤੂਆਂ ਦੀ ਦੁਨੀਆ | 27-32 |
| 6. | ਜੰਤੂ ਅਤੇ ਝੁੰਡ | 33-38 |
| 7. | ਪੌਦਿਆਂ ਦੀਆਂ ਜੜ੍ਹਾਂ | 39-45 |
| 8. | ਰੰਗ ਬਰੰਗੇ ਫੁੱਲ | 46-54 |
| 9. | ਰੁੱਖ ਦੇਣ ਸੁੱਖ | 55-61 |
| 10. | ਖੇਤ ਤੋਂ ਘਰ ਤਕ | 62-70 |
| 11. | ਚੰਗਾ ਖਾਈਏ, ਸਿਹਤ ਬਣਾਈਏ | 71-79 |
| 12. | ਚੁੰਝ ਅਤੇ ਦੰਦ | 80-92 |
| 13. | ਮਨੁੱਖੀ ਅਵਾਸ | 93-100 |
| 14. | ਜੀਵ-ਜੰਤੂਆਂ ਦਾ ਅਵਾਸ | 101-108 |
| 15. | ਅਵਾਸ -ਸਵੱਛਤਾ | 109-119 |
| 16. | ਪਾਣੀ ਦਾ ਸੰਜਮ | 120-124 |
| 17. | ਪਾਣੀ-ਪ੍ਰਦੂਸ਼ਣ | 125-130 |
| 18. | ਪਾਣੀ ਦੀ ਸੰਭਾਲ | 131-136 |
| 19. | ਛੁੱਕ ਛੁੱਕ ਰੇਲ | 137-145 |
| 20. | ਜਾਣੋ ਆਪਣੀ ਕਰੰਸੀ (ਮੁਦਰਾ) ਨੂੰ | 146-151 |
| 21. | ਇਮਾਰਤਾਂ ਅਤੇ ਪੁਲ਼ | 152-161 |
| 22. | ਕੰਪਿਊਟਰ ਇੱਕ ਅਨੋਖੀ ਮਸ਼ੀਨ | 162-170 |

## ਵਾਤਾਵਰਨ ਸਿੱਖਿਆ
## ਸਿੱਖਣ ਦੇ ਨਤੀਜੇ

**ਸਿਖਿਆਰਥੀ**

- ਆਪਣੇ ਆਲ਼ੇ-ਦੁਆਲ਼ੇ ਵਿੱਚ ਫੁੱਲਾਂ, ਜੜ੍ਹਾਂ, ਫਲ਼ਾਂ ਦੇ ਸਧਾਰਨ ਲੱਛਣ (ਉਦਾਹਰਨ ਦੇ ਤੌਰ ਤੇ ਆਕਾਰ, ਰੰਗ, ਗੰਧ, ਕਿੱਥੇ ਉੱਗਦੇ ਹਨ/ਜਾਂ ਹੋਰ ਕੋਈ) ਦੱਸਦਾ ਹੈ
- ਪੰਛੀਆਂ ਅਤੇ ਜੰਤੂਆਂ ਦੇ ਵੱਖ-ਵੱਖ ਲੱਛਣ (ਚੁੰਝ/ਦੰਦ, ਪੰਜੇ, ਕੰਨ, ਵਾਲ, ਆਣੇ/ਨਿਵਾਸ ਆਦਿ) ਨੂੰ ਪਹਿਚਾਣਦਾ ਹੈ।
- ਪਰਿਵਾਰ, ਪਰਿਵਾਰ ਦੇ ਵਾਧੇ ਉਪਰੰਤ ਮੈਂਬਰਾਂ ਨਾਲ ਰਿਸ਼ਤੇ ਅਤੇ ਪਰਿਵਾਰਕ ਤਬਦੀਲੀਆਂ (ਜਨਮ, ਵਿਆਹ,ਬਦਲੀ) ਬਾਰੇ ਦੱਸਦਾ ਹੈ।
- ਜੰਤੂਆਂ (ਕੀੜੀਆਂ, ਸ਼ਹਿਦ ਦੀਆਂ ਮੱਖੀਆਂ, ਹਾਥੀਆਂ) ਦਾ ਸਮੂਹ ਵਿੱਚ ਵਿਵਹਾਰ, ਪੰਛੀਆਂ (ਆਣੇ ਬਣਾਉਣਾ), ਬਾਰੇ ਦੱਸਦਾ ਹੈ
- ਰੋਜ਼ਾਨਾ ਜ਼ਿੰਦਗੀ ਵਿੱਚ ਹੁਨਰ ਅਧਾਰਤ ਵੱਖ ਕਿੱਤਿਆਂ (ਖੇਤੀਬਾੜੀ, ਉਸਾਰੀ ਕਲਾ/ਸ਼ਿਲਪ ਆਦਿ) ਦੀ ਵਿਰਾਸਤ (ਪੁਰਖਿਆਂ) ਵਿੱਚੋਂ ਪ੍ਰਾਪਤੀ ਅਤੇ ਸਿਖਲਾਈ (ਸੰਸਥਾਵਾਂ ਦੀ ਭੂਮਿਕਾ) ਦਾ ਵਰਨਣ ਕਰਦਾ ਹੈ।
- ਰੋਜ਼ਾਨਾਂ ਲੋੜਾਂ (ਭੋਜਨ, ਪਾਣੀ, ਕੱਪੜੇ) ਲਈ ਉਤਪਾਦਨ ਅਤੇ ਸੰਭਾਲ, ਸੋਮੇ ਤੋਂ ਘਰ ਤੱਕ ਪਹੁੰਚਣਾ ਫਸਲ ਦਾ ਖੇਤ ਤੋਂ ਮੰਡੀ, ਫਿਰ ਮੰਡੀ ਤੋਂ ਘਰ ਤੱਕ ਪਹੁੰਚਣਾ, ਪਾਣੀ ਦਾ ਸਥਾਨਕ ਸੋਮੇ ਘਰ/ਗੁਆਂਢ ਵਿੱਚ ਸ਼ੁੱਧੀਕਰਨ ਦੀ ਪ੍ਰਕਿਰਿਆ ਦਾ ਬਿਆਨ ਕਰਦਾ ਹੈ।
- ਬੀਤੇ ਸਮੇਂ ਅਤੇ ਮੌਜੂਦਾ ਸਮੇਂ ਦੀਆਂ ਗਤੀਵਿਧੀਆਂ ਅਤੇ ਵਸਤਾਂ (ਆਵਾਜਾਈ ਦੇ ਸਾਧਨ, ਮੁਦਰਾ, ਘਰ, ਸਾਮਾਨ, ਔਜ਼ਾਰ, ਖੇਤੀ ਅਤੇ ਉਸਾਰੀ ਆਦਿ) ਦੀਆਂ ਕੁਸ਼ਲਤਾਵਾਂ ਵਿੱਚ ਅੰਤਰ ਕਰਦਾ ਹੈ।
- ਜੰਤੂਆਂ, ਪੌਦਿਆਂ, ਪੰਛੀਆਂ, ਵਸਤਾਂ, ਵਾਧੂ ਪਦਾਰਥਾਂ ਨੂੰ ਉਹਨਾਂ ਦੀਆਂ ਦੇਖਣਯੋਗ ਵਿਸ਼ੇਸ਼ਤਾਵਾਂ (ਦਿੱਖ, ਕੰਨ, ਵਾਲ, ਚੁੰਝ/ਦੰਦ, ਚਮੜੀ/ਸਤ੍ਹਾ ਦੀ ਛੂਹ, ਖਸਲਤ (ਘਰੇਲੂ/ਜੰਗਲੀ), ਸਬਜ਼ੀਆਂ/ਦਾਲਾਂ, ਮਸਾਲਿਆਂ ਦਾ ਰੱਖਣ ਯੋਗ ਸਮਾਂ, ਵਰਤੋਂ (ਖਾਣਯੋਗਤਾ, ਵਜ਼ਨ, ਸਮਾਂ, ਅਵਧੀ), ਮਿਆਰੀ ਅਤੇ ਸਥਾਨਕ ਇਕਾਈਆਂ (ਕਿੱਲੋ, ਗਜ਼, ਪਾਈਆ) ਕਾਰਨ ਅਤੇ ਪ੍ਰਭਾਵ ਦੀ ਪੜਤਾਲ ਕਰਨ ਵਾਲੇ ਸਧਾਰਨ ਉਪਕਰਨ (ਵਾਸ਼ਪੀਕਰਨ, ਵੀਕਰਨ, ਘੁਲਣ, ਸੋਖਣ, ਦਰ/ਨੇੜੇ, ਆਕਾਰ ਅਤੇ ਵਾਧਾ, ਫੁੱਲ, ਸਬਜ਼ੀ, ਫਲ ਦੀ ਰੱਖਣਯੋਗ ਅਵਧੀ) ਬਾਰੇ ਜਾਨਣ ਅਤੇ ਬਿਆਨ ਕਰਨ ਦੀ ਕੋਸ਼ਿਸ਼ ਕਰਦਾ
- ਵਸਤਾਂ, ਗਤੀਵਿਧੀਆਂ, ਵਰਤਾਰਿਆਂ/ਤੱਥਾਂ, ਦੇਖੀਆਂ ਥਾਂਵਾਂ (ਮੇਲਾ, ਸਮਾਰੋਹ , ਇਤਿਹਾਸਿਕ) ਬਾਰੇ ਆਪਣੇ ਤਜ਼ਰਬੇ/ਅਵਲੋਕਣ/ਸੂਚਨਾ ਨੂੰ ਰਿਕਾਰਡ ਕਰਦਾ ਹੈ
- ਚਿੰਨ੍ਹਾਂ, ਸਥਾਨਾਂ ਦੀ ਸਥਿਤੀ ਅਤੇ ਦਿਸ਼ਾਵਾਂ (ਨਕਸ਼ੇ ਅਤੇ ਸਥਾਨ ਚਿੰਨ੍ਹ ਦੀ ਵਰਤੋਂ ਨਾਲ) ਨੂੰ ਪਛਾਣਦਾ ਹੈ
- ਅਧਿਕਾਰਾਂ ਬਾਰੇ ਆਪਣੀ ਆਵਾਜ਼ ਉਠਾਉਂਦਾ ਹੈ
- ਸਵੱਛਤਾ, ਕੂੜਾ ਘੱਟ ਪੈਦਾ ਕਰਨ/ਮੁੜ ਵਰਤੋਂ/ਮੁੜ ਵਰਤੋਂਯੋਗ ਬਨਾਉਣ ਵੱਖ-ਵੱਖ ਦੀ ਪ੍ਰਾਣੀਆਂ (ਪੌਦਿਆਂ, ਜੰਤੂਆਂ, ਬਜ਼ੁਰਗਾਂ ਅਤੇ ਵਿਸ਼ੇਸ਼ ਲੋੜਾਂ ਵਾਲੇ ਵਿਅਕਤੀਆਂ), ਸੋਮਿਆਂ (ਭੋਜਨ, ਪਾਣੀ, ਸਾਂਝੀ ਸੰਪਤੀ) ਦੀ ਦੇਖਭਾਲ, ਦੇ ਢੰਗ ਸੁਝਾਉਂਦਾ ਹੈ
- ਸੂਚਨਾਂ ਬੋਰਡਾਂ, ਇਸ਼ਤਿਹਾਰਾਂ , ਮੁਦਰਾ (ਨੋਟ ਅਤੇ ਸਿੱਕੇ), ਰੇਲ ਟਿਕਟ/ਸਮਾਂ ਸਾਰਣੀ ਵਿਚਲੀ ਜਾਣਕਾਰੀ ਦੀ ਵਰਤੋਂ ਕਰਦਾ ਹੈ
- ਉਪਲੱਬਧ ਸਾਮਾਨ/ਵਾਧੂ ਪਦਾਰਥਾਂ ਦੀ ਮਦਦ ਨਾਲ ਸਧਾਰਨ ਨਕਸ਼ੇ, ਐਲਬਮ, ਡਿਜ਼ਾਇਨ, ਰੰਗੋਲੀ, ਪੋਸਟਰ ਆਦਿ ਬਣਾਉਂਦਾ ਹੈ
- ਪਰਿਵਾਰ/ਸਕੂਲ/ਆਂਢ-ਗੁਆਂਢ ਵਿੱਚ ਅਹਿਮ ਮੁੱਦੇ/ਤਜ਼ਰਬੇ ਜਿਵੇਂ ਰੂੜੀਵਾਦੀ ਵਿਚਾਰ (ਫੈਸਲਾ ਕਰਨ ਦੇ ਤਰੀਕੇ/ਸਮੱਸਿਆਂ ਨੂੰ ਹੱਲ ਕਰਨ ਦਾ ਢੰਗ) ਸਰਵਜਨਿਕ ਥਾਂਵਾਂ 'ਤੇ ਜਾਤੀ ਦੇ ਆਧਾਰ 'ਤੇ ਵਿਤਕਰਾ, ਮਿਡ-ਡੇ-ਮੀਲ, ਸਮੁਦਾਇਕ ਭੋਜਨ ਵਿਵਸਥਾ, ਬਾਲ ਅਧਿਕਾਰਾਂ ਬਾਰੇ ਆਪਣੀ ਆਵਾਜ਼ ਉਠਾਉਂਦਾ ਹੈ

ਪਾਠ - 1

# ਬੇਟੀ ਆਈ ਖ਼ੁਸ਼ੀ ਲਿਆਈ

ਦੀਪੂ ਦੇ ਘਰ ਕੁਝ ਦਿਨ ਪਹਿਲਾਂ ਉਸਦੀ ਭੈਣ ਨੇ ਜਨਮ ਲਿਆ। ਅੱਜ ਉਸ ਦਾ ਨਾਮਕਰਣ ਹੈ ਜਿਸ ਕਰਕੇ ਉਸਦੀ ਭੂਆ ਜੀ ਅਤੇ ਹੋਰ ਰਿਸ਼ਤੇਦਾਰ ਆਏ ਹੋਏ ਹਨ। ਨਵਜਨਮੀ ਬੱਚੀ ਦਾ ਨਾਮ ਅਨੂੰ ਰੱਖਿਆ ਗਿਆ। ਦੀਪੂ ਨੇ ਜਦੋਂ ਘਰ ਵਿੱਚ ਭੂਆ ਨੂੰ ਦੇਖਿਆ ਤਾਂ ਉਹ ਬਹੁਤ ਖੁਸ਼ ਹੋਇਆ। ਆਪਣੇ ਵਿਆਹ ਤੋਂ ਪਹਿਲਾਂ ਜਦੋਂ ਭੂਆ ਦੀਪੂ ਹੋਰਾਂ ਦੇ ਪਰਿਵਾਰ ਵਿੱਚ ਸੀ ਤਾਂ ਉਹ ਦੀਪੂ ਨੂੰ ਬਹੁਤ ਪਿਆਰ ਕਰਦੀ ਤੇ ਸੰਭਾਲ ਕਰਦੀ ਸੀ। ਇਸ ਲਈ ਦੀਪੂ ਦਾ ਆਪਣੀ ਭੂਆ ਨਾਲ਼ ਬਹੁਤ ਪਿਆਰ ਸੀ। ਦੀਪੂ ਦੀ ਮੰਮੀ ਉਸ ਦੀ ਭੂਆ ਨੂੰ ਕਹਿਣ ਲੱਗੀ, "ਭੈਣ ਜੀ, ਤੁਹਾਡੇ ਆਉਣ ਨਾਲ਼ ਦੀਪੂ ਬਹੁਤ ਖ਼ੁਸ਼ ਹੋ ਗਿਆ ਹੈ। ਉਹ ਤੁਹਾਨੂੰ ਬਹੁਤ ਯਾਦ ਕਰਦਾ ਸੀ।"

**ਭੂਆ ਜੀ :** ਮੈਨੂੰ ਵੀ ਇੱਥੋਂ ਦੀ ਤੇ ਪਰਿਵਾਰਿਕ ਮੈਂਬਰਾਂ ਦੀ ਬਹੁਤ ਯਾਦ ਆਉਂਦੀ ਹੈ। ਇੱਥੇ ਆਪਣਾ ਬਹੁਤ ਵੱਡਾ ਪਰਿਵਾਰ ਹੈ। ਤੁਸੀਂ ਹੋ, ਵੱਡੇ ਵੀਰ ਜੀ ਦਾ ਪਰਿਵਾਰ ਹੈ, ਮਾਤਾ ਜੀ ਹਨ, ਬੱਚੇ ਹਨ। ਉੱਥੇ ਸ਼ਹਿਰ ਵਿੱਚ ਤਾਂ ਪਹਿਲਾਂ ਮੈਂ ਅਤੇ ਦੀਪੂ ਦੇ ਫੁੱਫੜ ਜੀ ਦੋਨੋਂ ਹੀ ਸਾਂ। ਇਨ੍ਹਾਂ ਦੀ ਨੌਕਰੀ ਕਾਰਨ ਅਸੀਂ ਸਾਂਝੇ ਪਰਿਵਾਰ ਨਾਲ ਪਿੰਡ ਵਿੱਚ ਨਹੀਂ ਰਹਿ ਸਕਦੇ ਸੀ। ਫਿਰ ਤੁਹਾਨੂੰ ਪਤਾ ਹੀ ਹੈ ਸਾਡੇ ਬੱਚਾ ਨਹੀਂ ਹੋਇਆ। ਹੁਣ ਜਦੋਂ ਦਾ ਅਸੀਂ ਸੋਨੂੰ ਨੂੰ ਗੋਦ ਲਿਆ ਹੈ, ਸਾਡੇ ਦਿਨ ਬੜੇ ਚੰਗੇ ਲੰਘ ਰਹੇ ਹਨ।



ਮੰਮੀ : ਪਹਿਲਾਂ ਤਾਂ ਸਾਰੇ ਸਾਂਝੇ ਪਰਿਵਾਰ ਹੀ ਹੁੰਦੇ ਸਨ। ਸਾਂਝੇ ਪਰਿਵਾਰਾਂ ਵਿੱਚ ਰਹਿਣਾ ਲਾਭਕਾਰੀ ਤੇ ਮਜ਼ੇਦਾਰ ਹੁੰਦਾ ਸੀ। ਇਨ੍ਹਾਂ ਵਿੱਚ ਬੱਚੇ ਪਾਲਣੇ ਸੌਖੇ ਹੁੰਦੇ ਸਨ। ਸਿਆਣੇ ਬਜ਼ੁਰਗਾਂ ਦੀ ਨਿਗਰਾਨੀ ਵਿੱਚ ਬੱਚੇ ਸੁਰੱਖਿਅਤ ਰਹਿੰਦੇ ਸਨ ਅਤੇ ਸਿਆਣਿਆਂ ਦਾ ਰੋਅਬ ਵੀ ਹੁੰਦਾ ਸੀ। ਜਿਸ ਕਾਰਨ ਬੱਚੇ ਵਿਗੜਦੇ ਵੀ ਨਹੀਂ ਸਨ। ਉਨ੍ਹਾਂ ਨੂੰ ਸਮਾਜ ਵਿੱਚ ਵਿਚਰਨ ਦੀ ਜਾਚ ਆਉਂਦੀ ਸੀ, ਨਾਲ਼ੇ ਸਭ ਦਾ ਦਿਲ ਵੀ ਲੱਗਾ ਰਹਿੰਦਾ ਸੀ।

1. ਖ਼ਾਲੀ ਥਾਂਵਾਂ ਭਰੋ :

**(ਦੇਖਭਾਲ਼, ਪਰਿਵਾਰ, ਪਿਆਰ)**

(ੳ) ਇੱਥੇ ਆਪਣਾ ਬਹੁਤ ਵੱਡਾ.................. ਹੈ।

(ਅ) ਬਜ਼ੁਰਗਾਂ ਦੀ.................. ਵਿੱਚ ਬੱਚੇ ਵਿਗੜਦੇ ਨਹੀਂ ਹਨ।

ਭੂਆ ਜੀ : ਮੈਂ ਤਾਂ ਸਾਂਝੇ ਪਰਿਵਾਰ ਵਿੱਚ ਹੀ ਰਹਿਣਾ ਚਾਹੁੰਦੀ ਸੀ। ਪਰ ਇਨ੍ਹਾਂ ਦੀ ਨੌਕਰੀ ਦੀ ਮਜਬੂਰੀ ਸੀ। ਕਿੱਥੇ ਆਪਣਾ ਐਨਾ ਵੱਡਾ ਪਰਿਵਾਰ ਅਤੇ ਕਿੱਥੇ ਸਿਰਫ਼ ਤਿੰਨ ਜੀਆਂ ਨੇ ਹੀ ਰਹਿਣਾ।

ਮੰਮੀ ਜੀ : ਖ਼ੈਰ, ਤੁਸੀਂ ਸੋਨੂੰ ਨੂੰ ਗੋਦ ਲੈ ਕੇ ਬਹੁਤ ਚੰਗਾ ਕੰਮ ਕੀਤਾ। ਕਿੰਨਾ ਸੋਹਣਾ ਬੱਚਾ ਹੈ!

ਭੂਆ ਜੀ : ਹਾਂ, ਅਸੀਂ ਹੁਣ ਬਹੁਤ ਖ਼ੁਸ਼ ਰਹਿੰਦੇ ਹਾਂ। ਇਹ ਸਾਨੂੰ ਤੰਗ ਨਹੀਂ ਕਰਦਾ। ਸਾਨੂੰ ਤਾਂ ਇਸਦਾ ਬਹੁਤ ਹੀ ਮੋਹ ਆਉਂਦਾ ਹੈ। ਕਦੇ ਇਹ ਖ਼ਿਆਲ ਹੀ ਨਹੀਂ ਆਇਆ ਕਿ ਮੈਂ ਇਸਨੂੰ ਜਨਮ ਨਹੀਂ ਦਿੱਤਾ।

ਏਨੇ ਨੂੰ ਦੀਪੂ ਦੀ ਤਾਈ ਅਤੇ ਉਸਦੀ ਲੜਕੀ ਸੁਮਨ ਵੀ ਆ ਗਈਆਂ। ਸੁਮਨ ਆ ਕੇ ਅਨੂੰ ਨੂੰ ਛੇੜਨ ਲੱਗੀ, ਜਿਸ ਨਾਲ਼ ਅਨੂੰ ਰੋਣ ਲੱਗ ਪਈ। ਦੀਪੂ ਦੀ ਮੰਮੀ ਨੇ ਉਸਨੂੰ ਚੁੱਕ ਲਿਆ।

ਪ੍ਰਸ਼ਨ 2. ਸਾਂਝੇ ਪਰਿਵਾਰ ਦੇ ਕੋਈ ਦੋ ਲਾਭ ਲਿਖੋ।

..........................................................................................................

..........................................................................................................

ਕਿਰਿਆ-1 : ਤੁਸੀਂ ਆਪਣੇ ਪਰਿਵਾਰ ਦੇ ਮੌਜੂਦਾ ਮੈਂਬਰਾਂ ਦਾ ਪਰਿਵਾਰਕ ਖਾਕਾ ਬਣਾਓ।

ਅਨੂੰ ਚੁੱਪ ਹੋ ਗਈ ਅਤੇ ਦੀਪੂ ਦੀ ਮੰਮੀ ਉਸਦੀ ਭੂਆ ਅਤੇ ਤਾਈ ਜੀ ਨਾਲ਼ ਗੱਲਾਂ ਕਰਨ ਲੱਗੀ। ਦੀਪੂ ਦੀ ਭੂਆ ਨੇ ਉਸਦੀ ਮੰਮੀ ਨੂੰ ਦੱਸਿਆ ਕਿ ਉਸਦੇ ਸਹੁਰੇ ਘਰ ਰਸੋਈ ਬਹੁਤ ਵਧੀਆ ਬਣੀ ਹੋਈ ਹੈ ਪਰ ਇੱਥੇ ਤਾਂ ਅਜੇ ਧੂੰਆਂ ਬਾਹਰ ਕੱਢਣ ਵਾਲਾ ਪੱਖਾ ਵੀ ਨਹੀਂ ਲਗਵਾਇਆ।

ਦੀਪੂ ਦੀ ਮੰਮੀ ਨੇ ਦੱਸਿਆ ਕਿ ਉਸਨੇ ਤਾਂ ਬਹੁਤ ਵਾਰ ਕਿਹਾ ਹੈ ਪਰ ਦੀਪੂ ਦੇ ਪਾਪਾ ਮੰਨਦੇ ਨਹੀਂ। ਉਹ ਸਾਰਾ ਖ਼ਰਚ ਆਪਣੀ ਮਰਜ਼ੀ ਨਾਲ ਹੀ ਕਰਦੇ ਹਨ। ਭੂਆ ਕਹਿਣ ਲੱਗੀ, "ਵੀਰ ਜੀ ਦੀ ਇਹ ਗੱਲ ਠੀਕ ਨਹੀਂ, ਸਭ ਦੀ ਸਲਾਹ ਨਾਲ ਹੀ ਘਰ ਚਲਾਉਣਾ ਚਾਹੀਦਾ ਹੈ। ਜੇ ਉਹ ਦਫ਼ਤਰ ਜਾਂਦੇ ਹਨ ਤਾਂ ਤੁਸੀਂ ਕਿਹੜਾ ਵਿਹਲੇ ਬੈਠੇ ਰਹਿੰਦੇ ਹੋ ?"

"ਤੁਸੀਂ ਸਾਰਾ ਦਿਨ ਘਰ ਦੇ ਕੰਮ ਕਰਦੇ ਹੋ। ਮੈਂ ਤਾਂ ਕਹਿੰਦੀ ਹਾਂ ਕਿ ਤੁਸੀਂ ਸਿਲਾਈ ਮਸ਼ੀਨ ਲੈ ਆਓ, ਕੱਪੜੇ ਸਿਊਣਾ ਤਾਂ ਤੁਸੀਂ ਜਾਣਦੇ ਹੀ ਹੋ। ਤੁਹਾਡੇ ਕੋਲ ਕੁਝ ਪੈਸੇ ਆਉਣਗੇ ਤਾਂ ਤੁਸੀਂ ਆਪਣੀ ਲੋੜ ਦੀ ਚੀਜ਼ ਲੈ ਸਕੋਗੇ।"

ਦੀਪੂ ਦੀ ਮੰਮੀ ਨੇ ਕਿਹਾ, "ਭੈਣ ਜੀ ਗੱਲ ਤਾਂ ਤੁਹਾਡੀ ਠੀਕ ਹੈ। ਮੈਂ ਵੀ ਇਹੀ ਸੋਚਦੀ ਹਾਂ ਪਰ ਅਜੇ ਅਨੂੰ ਨਿੱਕੀ ਹੈ ਇਸ ਲਈ ਹੋਰ ਕੰਮਾਂ ਵਾਸਤੇ ਸਮਾਂ ਨਹੀਂ ਬਚਦਾ, ਥੋੜ੍ਹੀ ਵੱਡੀ ਹੋ ਜਾਵੇ ਤਾਂ ਇਸੇ ਤਰ੍ਹਾਂ ਕਰਾਂਗੇ।"

ਕੁਝ ਦੇਰ ਬਾਅਦ ਦੀਪੂ ਦੇ ਘਰ ਉਸਦਾ ਦੋਸਤ ਹੈਪੀ ਆ ਗਿਆ। ਦੀਪੂ ਅਤੇ ਹੈਪੀ ਇਕੱਠਿਆਂ

ਰੋਟੀ ਖਾਣ ਲੱਗੇ। ਦੀਪੂ ਦੀ ਦਾਦੀ ਇਹ ਵੇਖ ਕੇ ਨਰਾਜ਼ ਹੋ ਰਹੀ ਸੀ। ਦੀਪੂ ਦੀ ਮੰਮੀ ਕਹਿਣ ਲੱਗੀ, "ਮਾਂ ਜੀ ਤੁਸੀਂ ਕਿਉਂ ਦੁਖੀ ਹੋ ਰਹੇ ਹੋ ? ਦੀਪੂ ਦਾ ਇਹ ਦੋਸਤ ਬਹੁਤ ਚੰਗਾ ਲੜਕਾ ਹੈ, ਉਹ ਪੜ੍ਹਾਈ ਵਿੱਚ ਬਹੁਤ ਹੁਸ਼ਿਆਰ ਹੈ। ਮੈਂ ਤਾਂ ਸਗੋਂ ਕਹਿੰਦੀ ਹਾਂ ਕਿ ਦੀਪੂ ਇਸੇ ਲੜਕੇ ਨਾਲ ਰਹੇ ਤਾਂ ਇਹ ਵੀ ਸਿਆਣਾ ਬੱਚਾ ਬਣਿਆ ਰਹੇਗਾ।"

**ਦਾਦੀ ਜੀ :** ਪਰ ਮੈਨੂੰ ਪਤਾ ਲੱਗਾ ਹੈ ਕਿ ਇਹ ਹੋਰ ਜਾਤ ਦਾ ਲੜਕਾ ਹੈ। ਇਸ ਨਾਲ ਇਕੱਠੇ ਖਾਣਾ ਤਾਂ ਮੈਨੂੰ ਬਹੁਤ ਹੀ ਬੁਰਾ ਲੱਗਦਾ ਹੈ। ਸਾਡੇ ਵੇਲ਼ੇ ਤਾਂ ਇਉਂ ਖਾਣ-ਪੀਣ ਨਹੀਂ ਸੀ ਹੁੰਦਾ।

**ਮੰਮੀ ਜੀ :** ਮਾਤਾ ਜੀ, ਹੁਣ ਜ਼ਮਾਨਾ ਬਦਲ ਗਿਆ ਹੈ। ਇਸਦੇ ਦੋਸਤ ਚੰਗੇ ਆਚਰਣ ਵਾਲ਼ੇ ਹੋਣੇ ਚਾਹੀਦੇ ਹਨ, ਚਾਹੇ ਉਹ ਕਿਸੇ ਵੀ ਧਰਮ ਜਾਂ ਜਾਤ ਦੇ ਹੋਣ। ਇਸ ਨਾਲ਼ ਕੋਈ ਫ਼ਰਕ ਨਹੀਂ ਪੈਂਦਾ ਕਿ ਕੋਈ ਕਿਸ ਧਰਮ ਜਾਂ ਜਾਤ ਵਿੱਚ ਜਨਮਿਆ ਹੈ।



## ਯਾਦ ਰੱਖਣ ਯੋਗ ਗੱਲਾਂ

- ਬੱਚੇ ਦੇ ਜਨਮ ਜਾਂ ਗੋਦ ਲੈਣ ਨਾਲ਼ ਪਰਿਵਾਰ ਦੇ ਮੈਂਬਰਾਂ ਦੀ ਗਿਣਤੀ ਵਧਦੀ ਹੈ।
- ਜਦੋਂ ਕਿਸੇ ਕੁੜੀ ਦਾ ਵਿਆਹ ਹੋ ਜਾਂਦਾ ਹੈ ਤਾਂ ਪਰਿਵਾਰ ਦੇ ਮੈਂਬਰਾਂ ਦੀ ਗਿਣਤੀ ਘੱਟ ਜਾਂਦੀ ਹੈ।
- ਮੁੰਡੇ ਦੇ ਵਿਆਹ ਮਗਰੋਂ ਨਵੀਂ ਵਹੁਟੀ ਦੇ ਆਉਣ ਨਾਲ਼ ਗਿਣਤੀ ਵੱਧ ਜਾਂਦੀ ਹੈ।
- ਸਾਂਝੇ ਪਰਿਵਾਰਾਂ ਵਿੱਚ ਰਹਿਣਾ ਜ਼ਿਆਦਾ ਫ਼ਾਇਦੇਮੰਦ ਅਤੇ ਸੁਰੱਖਿਅਤ ਹੈ।
- ਸਾਨੂੰ ਪਰਿਵਾਰ ਦੀ ਸਲਾਹ ਨਾਲ ਹੀ ਖ਼ਰਚ ਕਰਨਾ ਚਾਹੀਦਾ ਹੈ।
- ਇਸਤਰੀਆਂ ਵੀ ਅੱਜ-ਕੱਲ੍ਹ ਮਰਦਾਂ ਦੇ ਬਰਾਬਰ ਕੰਮਾਂ ਵਿੱਚ ਹਿੱਸਾ ਲੈ ਰਹੀਆਂ ਹਨ।
- ਘਰੇਲੂ ਕੰਮ ਕਰ ਰਹੀਆਂ ਔਰਤਾਂ ਦਾ ਕੰਮ ਵੀ ਬਹੁਤ ਜ਼ਿਆਦਾ ਹੁੰਦਾ ਹੈ।



3. **ਸਹੀ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ—**

**(ਖ਼ੁਸ਼ੀ, ਚੰਗੇ, ਮਾੜੇ, ਗ਼ਮੀ)**

(ੳ) ਸਾਡੇ ਦੋਸਤ .......................... ਹੋਣੇ ਚਾਹੀਦੇ ਹਨ।

(ਅ) ਬੇਟੀ ਦੇ ਜਨਮ 'ਤੇ ਵੀ ਬੇਟੇ ਵਾਂਗ ........................ਮਨਾਉਣੀ ਚਾਹੀਦੀ ਹੈ।

**ਪ੍ਰਸ਼ਨ 4. ਤੁਹਾਡੇ ਪਰਿਵਾਰ ਵਿੱਚ ਕਿੰਨੇ ਮੈਂਬਰ ਹਨ ?**

.............................................................................................

.............................................................................................

**ਪ੍ਰਸ਼ਨ 5. ਤੁਹਾਡੇ ਪਰਿਵਾਰ ਵਿੱਚ ਕੌਣ-ਕੌਣ ਪੈਸਾ ਕਮਾਉਂਦਾ ਹੈ ?**

.............................................................................................

.............................................................................................

**ਪ੍ਰਸ਼ਨ 6. ਤੁਹਾਡਾ ਸਭ ਤੋਂ ਚੰਗਾ ਦੋਸਤ ਕੌਣ ਹੈ ?**

.............................................................................................

.............................................................................................

**ਪ੍ਰਸ਼ਨ 7. ਆਪਣੇ ਦੋਸਤ ਦੀ ਕੋਈ ਇੱਕ ਚੰਗੀ ਆਦਤ ਲਿਖੋ ?**

.............................................................................................

.............................................................................................

**ਪ੍ਰਸ਼ਨ 8. ਭੂਆ ਸਾਂਝੇ ਪਰਿਵਾਰ ਤੋਂ ਅਲੱਗ ਕਿਉਂ ਰਹਿ ਰਹੀ ਸੀ ?**

.............................................................................................

.............................................................................................

*****

ਪਾਠ - 2

# ਪਾਰਕ ਦੀ ਸੈਰ

ਪਿਆਰੇ ਬੱਚਿਉ ! ਹਰ ਰੋਜ਼ ਸਾਡਾ ਵਾਸਤਾ ਬਹੁਤ ਸਾਰੀਆਂ ਵਸਤੂਆਂ ਨਾਲ਼ ਪੈਂਦਾ ਹੈ,ਜਿਨ੍ਹਾਂ ਨੂੰ ਅਸੀਂ ਝੱਟ ਹੀ ਪਹਿਚਾਣ ਜਾਂਦੇ ਹਾਂ। ਕੀ ਤੁਹਾਨੂੰ ਪਤਾ ਹੈ ਕਿ ਅਸੀਂ ਇਨ੍ਹਾਂ ਵਸਤੂਆਂ ਦੀ ਪਛਾਣ ਸਿਰਫ਼ ਦੇਖ ਕੇ ਹੀ ਨਹੀਂ ਕਰਦੇ,ਸਗੋਂ ਸਾਡੀ ਚਮੜੀ, ਨੱਕ ਅਤੇ ਕੰਨ ਵੀ ਇਸ ਕੰਮ ਵਿੱਚ ਆਪਣਾ ਯੋਗਦਾਨ ਪਾਉਂਦੇ ਹਨ। ਅਸੀਂ ਕਿਸੇ ਵਸਤੂ ਨੂੰ ਛੂਹ ਕੇ, ਸੁੰਘ ਕੇ ਜਾਂ ਉਸਦੀ ਅਵਾਜ਼ ਸੁਣ ਕੇ ਵੀ ਪਹਿਚਾਣ ਸਕਦੇ ਹਾਂ, ਭਾਂਵੇਂ ਸਾਡੀਆਂ ਅੱਖਾਂ ਬੰਦ ਹੀ ਕਿਉਂ ਨਾ ਹੋਣ। ਆਉ ! ਕੁੱਝ ਬੱਚਿਆਂ ਦੁਆਰਾ ਪਾਰਕ ਦੀ ਸੈਰ ਦੌਰਾਨ ਕੀਤੇ ਅਨੁਭਵਾਂ ਨੂੰ ਸਮਝਣ ਦੀ ਕੋਸ਼ਿਸ਼ ਕਰੀਏ—

ਕਿਰਨ ਅੱਜ ਬਹੁਤ ਖ਼ੁਸ਼ ਸੀ। ਕਿਉਂਕਿ ਉਹ ਜਮਾਤ ਵਿੱਚ ਪਹਿਲੇ ਸਥਾਨ 'ਤੇ ਰਹੀ ਸੀ। ਘਰ ਆ ਕੇ ਉਸਨੇ ਬਸਤਾ ਰੱਖਿਆ ਅਤੇ ਫਟਾ-ਫਟ ਆਪਣੇ ਪਿਤਾ ਜੀ ਕੋਲ ਇਹ ਖ਼ੁਸ਼ਖ਼ਬਰੀ ਦੱਸਣ ਲਈ ਗਈ। ਪਿਤਾ ਜੀ ਬਹੁਤ ਖ਼ੁਸ਼ ਹੋਏ। ਉਨ੍ਹਾਂ ਨੇ ਕਿਰਨ ਨੂੰ ਸ਼ਾਬਾਸ਼ ਦਿੰਦੇ ਹੋਏ ਉਸਦਾ ਮੋਢਾ ਥਪਥਪਾਇਆ। ਕਿਰਨ ਨੂੰ ਇਹ ਬਹੁਤ ਚੰਗਾ ਲੱਗਿਆ। ਕਿਰਨ ਦੇ ਪਿਤਾ ਨੇ ਉਸਦੀ ਮੰਮੀ ਨੂੰ ਅਵਾਜ਼ ਦਿੱਤੀ। "ਆਹ ਦੇਖੋ, ਆਪਣੀ ਬੇਟੀ ਜਮਾਤ ਵਿੱਚੋਂ ਫ਼ਸਟ ਆਈ ਹੈ।"



ਕਿਰਨ ਕੱਲ੍ਹ ਸ਼ਰਾਰਤਾਂ ਕਰਨ ਤੋਂ ਹਟ ਨਹੀਂ ਰਹੀ ਸੀ। ਇਸ ਤਰ੍ਹਾਂ ਕਰਦਿਆਂ ਜਦ ਉਸਨੇ ਆਪਣੇ ਕੱਪੜਿਆਂ ਉੱਤੇ ਚਾਹ ਡੋਲ੍ਹ ਲਈ ਤਾਂ ਉਸਦੀ ਮੰਮੀ ਨੇ ਖਿਝ ਕੇ ਝਿੜਕ ਦਿੱਤਾ ਸੀ। ਇਸ ਕਰਕੇ ਕਿਰਨ ਆਪਣੀ ਮੰਮੀ ਨਾਲ਼ ਗ਼ੁੱਸੇ ਸੀ ਅਤੇ ਉਸ ਨਾਲ਼ ਬੋਲ ਨਹੀਂ ਰਹੀ ਸੀ। ਅੱਜ ਜਦੋਂ ਮੰਮੀ ਨੇ ਆ ਕੇ ਉਸਨੂੰ ਆਪਣੀ ਬੁੱਕਲ ਵਿੱਚ ਲੈ ਕੇ ਪਿਆਰ ਨਾਲ਼ ਪਲੋਸਿਆ ਤਾਂ ਉਹ ਆਪਣਾ ਸਾਰਾ ਗ਼ੁੱਸਾ ਭੁੱਲ ਗਈ ਅਤੇ ਖ਼ੁਸ਼ ਹੋ ਗਈ।

ਉਸ ਨੇ ਮੰਮੀ ਨਾਲ ਅੱਗੇ ਤੋਂ ਇਸ ਤਰ੍ਹਾਂ ਦੀਆਂ ਸ਼ਰਾਰਤਾਂ ਨਾ ਕਰਨ ਦਾ ਵਾਅਦਾ ਵੀ ਕੀਤਾ ਜਿਨ੍ਹਾਂ ਨਾਲ਼ ਉਸ ਦਾ ਜਾਂ ਕਿਸੇ ਹੋਰ ਦਾ ਨੁਕਸਾਨ ਹੋਵੇ। ਪਿਤਾ ਜੀ ਨੇ ਦੱਸਿਆ ਕਿ ਗ਼ੁੱਸਾ ਅਤੇ ਖ਼ੁਸ਼ੀ ਸਾਡੀਆਂ ਭਾਵਨਾਵਾਂ ਹਨ, ਜਿੰਨ੍ਹਾਂ ਨੂੰ ਸਾਡਾ ਮਨ ਮਹਿਸੂਸ ਕਰਦਾ ਹੈ।

**ਪ੍ਰਸ਼ਨ 1. ਜਦੋਂ ਕੋਈ ਤੁਹਾਡੀ ਪਿੱਠ ਥਾਪੜ ਕੇ ਸ਼ਾਬਾਸ਼ ਦਿੰਦਾ ਹੈ ਤਾਂ ਤੁਹਾਨੂੰ ਕਿਸ ਤਰ੍ਹਾਂ ਲਗਦਾ ਹੈ ?**

.................................................................................................

.................................................................................................

ਸ਼ਾਮ ਨੂੰ ਕਿਰਨ ਅਤੇ ਉਸਦਾ ਵੱਡਾ ਭਰਾ ਰਾਜੂ ਖੇਡਣ ਲਈ ਪਾਰਕ ਵਿੱਚ ਗਏ। ਉੱਥੇ ਗੇਟ ਦੇ ਲਾਗੇ ਹੀ ਮਾਲੀ ਗਿੱਲੀ ਜ਼ਮੀਨ ਨੂੰ ਪੁੱਟ ਕੇ ਕਿਆਰੀਆਂ ਬਣਾ ਰਿਹਾ ਸੀ। ਤਾਜ਼ੀ ਪੁੱਟੀ ਮਿੱਟੀ ਵਿੱਚੋਂ ਬੜੀ ਭਿੰਨੀ-ਭਿੰਨੀ ਮਹਿਕ ਆ ਰਹੀ ਸੀ। ਅੱਗੇ ਗਏ ਤਾਂ ਬਹਾਰ ਦੀ ਰੁੱਤ ਹੋਣ ਕਰਕੇ ਬਹੁਤ ਫੁੱਲ ਖਿੜੇ ਹੋਏ ਸਨ। ਕਿਰਨ ਨੇ ਰਾਜੂ ਨੂੰ ਗੁਲਾਬ ਦੇ ਫ਼ੁੱਲਾਂ ਕੋਲ਼ ਲਿਜਾ ਕੇ ਕਿਹਾ "ਦੇਖ ਕਿੰਨੀ ਸੋਹਣੀ ਖ਼ੁਸ਼ਬੂ ਆ ਰਹੀ ਹੈ।" ਰਾਜੂ ਨੇ ਕਿਹਾ "ਹਾਂ, ਅੱਛੀ ਹੈ। ਪਰ ਉੱਧਰ ਜੋ ਚਿੱਟੇ ਫੁੱਲ ਖਿੜੇ ਹਨ ਮੈਨੂੰ ਉਨ੍ਹਾਂ ਦੀ ਖ਼ੁਸ਼ਬੂ ਬਹੁਤ ਵਧੀਆ ਲੱਗਦੀ ਹੈ।"

**ਪ੍ਰਸ਼ਨ 2. ਕੋਈ ਚਾਰ ਫੁੱਲਾਂ ਦੀ ਸੂਚੀ ਬਣਾਉ ਜਿੰਨ੍ਹਾਂ ਦੀ ਖ਼ੁਸ਼ਬੂ ਤੁਹਾਨੂੰ ਚੰਗੀ ਲਗਦੀ ਹੈ।**

1. .................................... 3. ....................................

2. .................................... 4. ....................................

ਜਦ ਉਹ ਫੁੱਲਾਂ ਨੂੰ ਸੁੰਘਣ ਵਿੱਚ ਮਗਨ ਸਨ ਤਾਂ ਰਾਜੂ ਦੇ ਇੱਕ ਦੋਸਤ ਨੇ ਪਿੱਛੋਂ ਆ ਕੇ ਉਸਦੀਆਂ ਅੱਖਾਂ ਬੰਦ ਕਰ ਦਿੱਤੀਆਂ। ਰਾਜੂ ਨੇ ਉਸਦੇ ਹੱਥਾਂ ਨੂੰ ਟੋਹਿਆ ਅਤੇ ਤੁਰੰਤ ਬੋਲ ਉੱਠਿਆ, "ਅਰਸ਼ਦੀਪ" ਅਰਸ਼ ਨੇ ਅੱਖਾਂ ਤੋਂ ਹੱਥ ਚੁੱਕ ਲਏ ਅਤੇ ਕਹਿਣ ਲੱਗਾ, "ਵਾਹ ਬਈ ਵਾਹ! ਮੈਨੂੰ ਤਾਂ ਲਗਦਾ ਸੀ ਕਿ ਤੈਨੂੰ ਪਤਾ ਹੀ ਨਹੀਂ ਲੱਗਣਾ ਅਤੇ ਮੈਂ ਤੈਨੂੰ ਖ਼ੂਬ ਖਿਝਾਵਾਂਗਾ।" ਰਾਜੂ ਨੇ ਅੱਗੋਂ ਕਿਹਾ, "ਯਾਰ, ਤੇਰੇ ਹੱਥ ਬੜੇ ਸਖ਼ਤ ਅਤੇ ਉਂਗਲਾਂ ਮੋਟੀਆਂ ਹਨ, ਸੋ ਮੈਨੂੰ ਛੂਹਣ ਸਾਰ ਹੀ ਪਤਾ ਚੱਲ ਗਿਆ ਕਿ ਇਹ ਅਰਸ਼ ਦੇ ਹੱਥ ਹੀ ਹੋ ਸਕਦੇ ਹਨ।"

**ਕਿਰਿਆ-1 :** ਇੱਕ ਬੱਚਾ ਜਮਾਤ ਵੱਲ ਪਿੱਠ ਕਰਕੇ ਬੈਠੇਗਾ। ਸ਼੍ਰੇਣੀ ਵਿੱਚੋਂ ਕੋਈ ਹੋਰ ਬੱਚਾ ਪਿਛਲੇ ਪਾਸਿਓਂ ਉਸ ਦੀਆਂ ਅੱਖਾਂ ਬੰਦ ਕਰੇਗਾ। ਪਹਿਲਾਂ ਬੱਚਾ ਉਸ ਦੇ ਹੱਥਾਂ, ਬਾਹਵਾਂ, ਕੱਪੜਿਆਂ ਆਦਿ ਨੂੰ ਛੂਹ ਕੇ ਪਛਾਣਨ ਦੀ ਕੋਸ਼ਿਸ਼ ਕਰੇਗਾ। ਇਹ ਕਿਰਿਆ ਵਾਰੀ-ਵਾਰੀ ਹੋਰ ਬੱਚਿਆਂ ਨਾਲ਼ ਦੁਹਰਾਈ ਜਾਵੇਗੀ।

ਅਰਸ਼ ਅੱਜ ਆਪਣੇ ਕੁੱਤੇ ਨੂੰ ਵੀ ਨਾਲ਼ ਲੈ ਕੇ ਆਇਆ ਸੀ। ਉਸ ਤੋਂ ਡਰ ਕੇ ਰਾਜੂ ਪਾਸੇ ਹੋ ਰਿਹਾ ਸੀ। ਅਰਸ਼ ਕਹਿਣ ਲੱਗਾ, "ਤੂੰ ਇਸ ਤੋਂ ਡਰ ਨਾ, ਇਹ ਤੈਨੂੰ ਕੁਝ ਨਹੀਂ ਕਹਿੰਦਾ। ਮੈਂ ਇਸਨੂੰ ਸਾਬਣ ਨਾਲ਼ ਨੁਹਾ ਕੇ ਲਿਆਇਆ ਹਾਂ। ਛੂਹ ਕੇ ਦੇਖ ਇਸ ਦੀ ਜੱਤ ਕਿੰਨੀ ਮੁਲਾਇਮ ਹੈ।" ਅਰਸ਼ ਦੇ ਕਹਿਣ 'ਤੇ ਰਾਜੂ ਉਸਦੀ ਪਿੱਠ ਉੱਤੇ ਹੱਥ ਫੇਰਨ ਲੱਗਾ। ਉਸਦੀ ਜੱਤ ਸਚਮੁੱਚ ਹੀ ਬਹੁਤ ਮੁਲਾਇਮ ਸੀ ਅਤੇ ਰਾਜੂ ਨੂੰ ਉਸ 'ਤੇ ਹੱਥ ਲਗਾਉਣਾ ਚੰਗਾ ਲੱਗਿਆ। ਰਾਜੂ ਦੇ ਹੱਥ ਫੇਰਨ ਨਾਲ ਕੁੱਤੇ ਨੂੰ ਵੀ ਚੰਗਾ ਲੱਗਾ ਤੇ ਉਹ, ਉਸ ਵੱਲ ਦੇਖ ਕੇ ਪੂਛ ਹਿਲਾਉਣ ਲੱਗਾ। ਅਰਸ਼ ਨੇ ਕਿਹਾ, "ਦੇਖਿਆ ਤੂੰ ਐਵੇਂ ਹੀ ਡਰ ਰਿਹਾ ਸੀ, ਇਹ ਤੈਨੂੰ ਕਿੰਨੇ ਪਿਆਰ ਨਾਲ ਦੇਖ ਰਿਹਾ ਹੈ।" ਰਾਜੂ ਨੂੰ ਯਾਦ ਆਇਆ ਕਿ ਆਪਣੇ ਘਰ ਜਦ ਉਹ ਵੱਛੀ ਨੂੰ ਪਿਆਰ ਨਾਲ਼ ਛੂੰਹਦਾ ਹੈ ਤਾਂ ਉਹ ਵੀ ਉਸਦਾ ਹੱਥ ਚੱਟਣ ਲੱਗ ਜਾਂਦੀ ਹੈ।

ਉਸ ਨੂੰ ਸਮਝ ਆ ਗਈ ਸੀ ਕਿ ਮਨੁੱਖਾਂ ਵਾਂਗ ਜਾਨਵਰ ਵੀ ਭਾਵਨਾਵਾਂ ਅਤੇ ਛੋਹ ਮਹਿਸੂਸ ਕਰਦੇ ਹਨ। ਐਨੇ ਵਿੱਚ ਪਾਰਕ ਦਾ ਮਾਲੀ ਉਨ੍ਹਾਂ ਕੋਲ ਆ ਗਿਆ ਅਤੇ ਉਸ ਨੇ ਅਰਸ਼ ਨੂੰ ਕਿਹਾ ਕਿ ਪਾਰਕ ਵਿੱਚ ਕੁੱਤਾ ਲੈ ਕੇ ਆਉਣ ਦੀ ਮਨਾਹੀ ਹੈ। ਤੁਸੀਂ ਇਸ ਨੂੰ ਬਾਹਰ ਲੈ ਜਾਉ। ਅਰਸ਼ ਨੂੰ ਉਸ ਵੇਲੇ ਉਸ ਦੀ ਗੱਲ ਬੁਰੀ ਤਾਂ ਲੱਗੀ ਪਰ ਬਾਅਦ ਵਿੱਚ ਉਸ ਨੂੰ ਆਪਣੀ ਗ਼ਲਤੀ ਦਾ ਅਹਿਸਾਸ ਵੀ ਹੋਇਆ।

**ਕਿਰਿਆ-2 :** ਮੇਜ਼ ਉੱਪਰ ਲੋਹਾ, ਲੱਕੜ, ਪਲਾਸਟਿਕ, ਰਬੜ, ਇੱਟ, ਪੱਥਰ, ਚੀਕਣੀ ਮਿੱਟੀ ਆਦਿ ਦੇ ਟੁਕੜੇ ਰੱਖੇ ਜਾਣ। ਵਿਦਿਆਰਥੀ ਆਪਣੀਆਂ ਅੱਖਾਂ ਬੰਦ ਕਰ ਕੇ ਵਾਰੀ-ਵਾਰੀ ਇੰਨ੍ਹਾਂ ਨੂੰ ਛੂਹ ਕੇ ਪਛਾਣਨ ਦੀ ਕੋਸ਼ਿਸ਼ ਕਰਨਗੇ ਕਿ ਇਹ ਕਿਸ ਪਦਾਰਥ ਦੇ ਟੁਕੜੇ ਹਨ।

ਕਿਰਨ ਦਾ ਖਿਆਲ ਭੁੱਲ ਕੇ, ਰਾਜੂ ਅਤੇ ਅਰਸ਼ ਆਪਸ ਵਿੱਚ ਗੱਲਾਂ ਕਰਦੇ-ਕਰਦੇ ਕੁਝ ਦੂਰ ਨਿਕਲ ਗਏ ਤਾਂ ਕਿਰਨ ਉਨ੍ਹਾਂ ਫੁੱਲਾਂ ਕੋਲ ਹੀ ਬਣੇ ਬੈਂਚ ਉੱਤੇ ਬੈਠ ਗਈ। ਉਸ ਬੈਂਚ 'ਤੇ ਇੱਕ ਹੋਰ ਆਦਮੀ ਵੀ ਬੈਠਾ ਸੀ। ਉਹ ਕਿਰਨ ਦੇ ਨੇੜੇ ਆ ਗਿਆ ਅਤੇ ਕਿਰਨ ਨੂੰ ਗੱਲਾਂ ਵਿੱਚ ਲਾਉਣ ਲੱਗਾ। ਉਹ ਉਸਨੂੰ ਪੁੱਛਣ ਲੱਗਾ ਕਿ ਉਹ ਕਿਹੜੀ ਜਮਾਤ ਵਿੱਚ ਪੜ੍ਹਦੀ ਹੈ ? ਉਸ ਦਾ ਘਰ ਕਿੱਥੇ ਹੈ ? ਉਸਨੇ ਕਿਰਨ ਨੂੰ ਇੱਕ ਟਾਫੀ ਵੀ ਦਿੱਤੀ। ਗੱਲਾਂ ਕਰਦੇ – ਕਰਦੇ ਉਹ ਕਿਰਨ ਦੀ ਪਿੱਠ 'ਤੇ ਹੱਥ ਫੇਰਨ ਲੱਗਾ। ਕਿਰਨ ਨੂੰ ਉਸਦਾ ਇਸ ਤਰ੍ਹਾਂ ਛੂਹਣਾ ਬਹੁਤ ਬੁਰਾ ਲੱਗਾ। ਉਹ ਉਥੋਂ ਦੌੜ ਕੇ ਰਾਜੂ ਤੇ ਅਰਸ਼ ਚਲੀ ਗਈ ਅਤੇ ਉਨ੍ਹਾਂ ਨੂੰ ਦੱਸਣ ਲੱਗੀ ਕਿ ਬੈਂਚ ਉਤੇ ਕੋਈ ਬੁਰਾ ਆਦਮੀ ਬੈਠਾ ਹੈ। ਰਾਜੂ ਅਤੇ ਅਰਸ਼ ਬੈਂਚ ਵੱਲ ਦੌੜੇ ਤਾਂ ਉਹ ਆਦਮੀ ਉਥੋਂ ਜਾ ਚੁੱਕਾ ਸੀ।

ਬੱਚਿਓ ! ਜਦੋਂ ਕੋਈ ਵੀ ਤੁਹਾਨੂੰ ਇਸ ਤਰ੍ਹਾਂ ਛੂਹੇ ਜਾਂ ਗੱਲਬਾਤ ਕਰੇ ਜੋ ਤੁਹਾਨੂੰ ਠੀਕ ਨਾ ਲੱਗੇ ਅਤੇ ਪਰੇਸ਼ਾਨ ਕਰੇ ਤਾਂ ਉਸ ਵਿਅਕਤੀ ਤੋਂ ਪਾਸੇ ਹੋ ਜਾਉ। ਇਸ ਬਾਰੇ ਤੁਰੰਤ ਆਪਣੇ ਵੱਡਿਆਂ ਨੂੰ ਦੱਸੋ।

ਫਿਰ ਉਨ੍ਹਾਂ ਨੇ ਪਾਰਕ ਦੀ ਇੱਕ ਨੁੱਕਰ ਵਿੱਚ ਪਏ ਵਾਟਰ ਕੂਲਰ ਤੋਂ ਠੰਡਾ-ਠੰਡਾ ਪਾਣੀ ਪੀਤਾ। ਦਿਨ ਛਿਪ ਰਿਹਾ ਸੀ। ਉਹ ਘਰ ਮੁੜਨ ਲੱਗੇ। ਪਾਰਕ ਦੇ ਇੱਕ ਕੋਨੇ ਵਿੱਚ ਕੂੜੇ ਦਾ ਵੱਡਾ ਢੇਰ ਪਿਆ ਸੀ। ਇਸ ਵਿੱਚੋਂ ਬੜੀ ਬਦਬੂ ਆ ਰਹੀ ਸੀ। ਕਿਰਨ ਨੇ ਨੱਕ ਬੰਦ ਕਰ ਲਿਆ। ਰਾਜੂ ਕਹਿਣ ਲੱਗਾ, "ਹੁਣੇ ਕਿੰਨੀ ਸੋਹਣੀ ਮਹਿਕ ਲੈਂਦੇ ਆਏ ਹਾਂ ਅਤੇ ਇੱਥੇ ਕਿੰਨੀ ਬਦਬੂ ਆ ਰਹੀ ਹੈ।"

"ਇਹ ਕੂੜਾ ਹਰ ਰੋਜ਼ ਇੱਥੋਂ ਚੁੱਕਿਆ ਜਾਵੇ ਤਾਂ ਬਦਬੂ ਨਾ ਆਵੇ। ਜਦੋਂ ਇਹ ਕਈ ਦਿਨ ਇੱਥੇ ਪਿਆ ਰਹਿੰਦਾ ਹੈ ਤਾਂ ਗਲ਼-ਸੜ ਕੇ ਮੁਸ਼ਕ ਮਾਰਨ ਲੱਗ ਪੈਂਦਾ ਹੈ।" ਅਰਸ਼ ਨੇ ਕਿਹਾ।

ਸਾਨੂੰ ਘੱਟ ਤੋਂ ਘੱਟ ਕੂੜਾ ਪੈਦਾ ਕਰਨਾ ਚਾਹੀਦਾ ਹੈ ਅਤੇ ਇਸ ਦੀ ਵੱਧ ਪੈਦਾਇਸ਼ ਲਈ ਜ਼ਿੰਮੇਵਾਰ ਵਸਤੂਆਂ,ਜਿਵੇਂ ਪਾਲੀਥੀਨ ਦੇ ਲਿਫ਼ਾਫ਼ੇ ਆਦਿ ਦੀ ਵਰਤੋਂ ਘਟਾਉਣੀ ਚਾਹੀਦੀ ਹੈ।



ਪਾਰਕ ਦੇ ਕੋਨੇ ਵਿੱਚ ਕੂੜੇ ਦਾ ਢੇਰ

ਕਿਰਨ ਅਤੇ ਰਾਜੂ ਜਦ ਘਰ ਪੁੱਜੇ ਤਾਂ ਰਸੋਈ ਵਿੱਚੋਂ ਬੜੀ ਮਹਿਕ ਆ ਰਹੀ ਸੀ। ਉਹ ਦੋਵੇਂ ਸਿੱਧੇ ਰਸੋਈ ਵਿੱਚ ਚਲੇ ਗਏ।

ਕਿਰਨ : ਮੰਮੀ ਜੀ, ਕੀ ਬਣ ਰਿਹਾ ਹੈ ? ਬੜੀ ਮਹਿਕ ਆ ਰਹੀ ਹੈ।

ਮੰਮੀ ਜੀ : ਤੁਸੀਂ ਬੁੱਝੋ।

ਰਾਜੂ : ਮਹਿਕ ਤੋਂ ਤਾਂ ਜਾਪਦਾ ਹੈ ਕਿ ਹਲਵਾ ਬਣ ਰਿਹਾ ਹੈ।

ਮੰਮੀ ਜੀ : ਬਿਲਕੁਲ ਠੀਕ।

ਕਿਰਨ : (ਪੁਦੀਨੇ ਦੀ ਗੁੱਟੀ ਚੁੱਕ ਕੇ) ਇਹ ਕੀ ਚੀਜ਼ ਹੈ ? ਇਸ ਵਿਚੋਂ ਬੜੀ ਮਹਿਕ ਆ ਰਹੀ ਹੈ।

**ਮੰਮੀ ਜੀ :** ਇਹ ਪੁਦੀਨਾ ਹੈ, ਆਪਾਂ ਇਸਦੀ ਚਟਨੀ ਬਣਾਵਾਂਗੇ।

**ਰਾਜੂ :** ਮੰਮੀ ਖਾਣੇ ਦੀ ਮਹਿਕ ਨੇ ਤਾਂ ਭੁੱਖ ਹੋਰ ਵਧਾ ਦਿੱਤੀ ਹੈ। ਹੁਣ ਤੁਸੀਂ ਸਾਨੂੰ ਜਲਦੀ ਖਾਣਾ ਦਿਓ।

**ਮੰਮੀ ਜੀ :** ਚਲੋ ਤੁਸੀਂ ਹੱਥ ਧੋਵੋ, ਮੈਂ ਹੁਣੇ ਖਾਣਾ ਲਗਾ ਦਿੰਦੀ ਹਾਂ।

ਫਿਰ ਸਾਰੇ ਪਰਿਵਾਰ ਨੇ ਮਿਲ਼ ਕੇ ਖਾਣੇ ਦੇ ਨਾਲ਼ ਗਰਮਾ-ਗਰਮ ਹਲਵਾ ਖਾਧਾ।



## ਯਾਦ ਰੱਖਣ ਯੋਗ ਗੱਲਾਂ

- ਸਾਨੂੰ ਅਜਿਹੀਆਂ ਸ਼ਰਾਰਤਾਂ ਨਹੀਂ ਕਰਨੀਆਂ ਚਾਹੀਦੀਆਂ, ਜਿਸ ਨਾਲ਼ ਨੁਕਸਾਨ ਹੋ ਸਕਦਾ ਹੋਵੇ।
- ਅਸੀਂ ਦੇਖ ਕੇ ਹੀ ਨਹੀਂ ਸਗੋਂ ਸੁੰਘ ਕੇ, ਛੂਹ ਕੇ ਜਾਂ ਅਵਾਜ਼ ਸੁਣ ਕੇ ਵੀ ਵਸਤੂਆਂ ਨੂੰ ਪਹਿਚਾਣ ਸਕਦੇ ਹਾਂ।
- ਬਹੁਤ ਸਾਰੇ ਫੁੱਲ ਬਹਾਰ ਰੁੱਤ ਵਿੱਚ ਹੀ ਖਿੜਦੇ ਹਨ।
- ਮਨੁੱਖਾਂ ਵਾਂਗ ਜਾਨਵਰ ਵੀ ਭਾਵਨਾਵਾਂ ਅਤੇ ਛੋਹ ਮਹਿਸੂਸ ਕਰਦੇ ਹਨ।
- ਕਿਸੇ ਵੀ ਜਾਣ ਪਹਿਚਾਣ ਵਾਲੇ ਜਾਂ ਅਣਜਾਣ ਵਿਅਕਤੀ ਦਾ ਵਿਵਹਾਰ ਚੰਗਾ ਨਾ ਲੱਗੇ ਤਾਂ ਵੱਡਿਆਂ ਨੂੰ ਜਰੂਰ ਦੱਸਣਾ ਚਾਹੀਦਾ ਹੈ।
- ਸਾਨੂੰ ਘੱਟ ਤੋਂ ਘੱਟ ਕੂੜਾ ਪੈਦਾ ਕਰਨਾ ਚਾਹੀਦਾ ਹੈ।
- ਜੀਭ ਨਾਲ ਹੀ ਅਸੀਂ ਵੱਖ-ਵੱਖ ਤਰ੍ਹਾਂ ਦੇ ਸੁਆਦ ਮਹਿਸੂਸ ਕਰ ਸਕਦੇ ਹਾਂ।



**3. ਖ਼ਾਲੀ ਥਾਂਵਾਂ ਭਰੋ—**

(ਆਦਮੀ, ਜੱਤ, ਪਿਆਰ, ਖ਼ੁਸ਼, ਮਹਿਕ, ਫੁੱਲ)

(ੳ) ਪਿਤਾ ਜੀ ਬਹੁਤ .................. ਹੋਏ।

(ਅ) ਕਿਰਨ ਨੂੰ ਮੰਮੀ ਜੀ ਨੇ ਬੁੱਕਲ ਵਿੱਚ ਲੈ ਕੇ ..................ਕੀਤਾ।

(ੲ) ਬਹਾਰ ਦੀ ਰੁੱਤ ਹੋਣ ਕਰਕੇ ਬਹੁਤ ਸਾਰੇ .................. ਖਿੜੇ ਹੋਏ ਸਨ।

(ਸ) ਕੁੱਤੇ ਦੀ .................. ਮੁਲਾਇਮ ਹੁੰਦੀ ਹੈ।

(ਹ) ਬੈਂਚ 'ਤੇ ਇੱਕ ਹੋਰ .................. ਵੀ ਬੈਠਾ ਸੀ।

**4. ਸਹੀ ਵਾਕਾਂ ਅੱਗੇ (✓) ਅਤੇ ਗ਼ਲਤ ਵਾਕਾਂ ਅੱਗੇ (×) ਦਾ ਨਿਸ਼ਾਨ ਲਗਾਓ —**

(ੳ) ਸਾਰੇ ਫੁੱਲਾਂ ਦੀ ਖ਼ੁਸ਼ਬੂ ਇੱਕੋ ਜਿਹੀ ਹੁੰਦੀ ਹੈ। ☐

(ਅ) ਕੂੜੇ ਕਰਕਟ ਦਾ ਨਿਪਟਾਰਾ ਹਰ ਰੋਜ਼ ਕੀਤਾ ਜਾਣਾ ਚਾਹੀਦਾ ਹੈ। ☐

**5. ਸਹੀ ਉੱਤਰਾਂ ਅੱਗੇ (✓) ਦਾ ਨਿਸ਼ਾਨ ਲਗਾਓ —**

(ੳ) ਕੁੱਤੇ ਦੀ ਜੱਤ ਬਹੁਤ-

ਸਖ਼ਤ ਸੀ ☐ ਮੁਲਾਇਮ ਸੀ ☐ ਵੱਡੀ ਸੀ ☐

(ਅ) ਕਿਸੇ ਦਾ ਛੂਹਣਾ ਠੀਕ ਨਾ ਲੱਗੇ ਤਾਂ-

ਵੱਡਿਆਂ ਨੂੰ ਦੱਸ ਦੇਣਾ ਚਾਹੀਦਾ ਹੈ ☐

ਵੱਡਿਆਂ ਤੋਂ ਛੁਪਾਉਣਾ ਚਾਹੀਦਾ ਹੈ ☐

ਕੁੱਝ ਨਹੀਂ ਕਰਨਾ ਚਾਹੀਦਾ ☐

(ੲ) ਬਦਬੂ ਆ ਰਹੀ ਸੀ

ਮਿੱਟੀ ਦੇ ਢੇਰ ਵਿੱਚੋਂ ☐ ਫੁੱਲਾਂ ਦੇ ਢੇਰ ਵਿੱਚੋਂ ☐

ਕੂੜੇ ਦੇ ਢੇਰ ਵਿੱਚੋਂ ☐

**ਪ੍ਰਸ਼ਨ 6. ਕੋਈ ਦੋ ਬਦਬੂਦਾਰ ਵਸਤੂਆਂ ਦੇ ਨਾਂ ਦੱਸੋ—**

..........................................................................................................

..........................................................................................................

**ਪ੍ਰਸ਼ਨ 7. ਕੋਈ ਤਿੰਨ ਫੁੱਲਾਂ ਦੇ ਨਾਂ ਲਿਖੋ, ਜਿਨ੍ਹਾਂ ਵਿੱਚੋਂ ਖ਼ੁਸ਼ਬੂ ਆਉਂਦੀ ਹੈ—**
**ਘੱਟ ਕੂੜਾ ਪੈਦਾ ਕਰਨ ਲਈ ਅਸੀਂ ਕੀ ਕਰ ਸਕਦੇ ਹਾਂ।**

..........................................................................................................

..........................................................................................................


8. ਦਿੱਤੀਆਂ ਤਸਵੀਰਾਂ ਹੇਠਾਂ ਉਨ੍ਹਾਂ ਦੇ ਨਾਂ ਲਿਖੋ—







............................ ............................ ............................





............................ ............................

(ਉਪਰੋਕਤ ਪੰਜਾਂ ਨੂੰ ਗਿਆਨ-ਇੰਦਰੀਆਂ ਵੀ ਕਿਹਾ ਜਾਂਦਾ ਹੈ।)

*****

ਪਾਠ - 3



# ਮੇਲੇ ਅਤੇ ਖੇਡਾਂ

ਸਿਮਰਨ ਆਪਣੇ ਪਤੰਗ ਕਦੇ ਕਿਸੇ ਜਗ੍ਹਾ, ਕਦੇ ਕਿਸੇ ਜਗ੍ਹਾ ਲੁਕੋਅ ਰਹੀ ਸੀ। ਉਸਨੇ ਬੜੀ ਮਿਹਨਤ ਨਾਲ਼ ਇਹ ਪਤੰਗ ਬਣਾਏ ਸਨ। ਅੱਜ ਉਸਦੇ ਸਕੂਲ ਵਿੱਚ ਪਤੰਗ ਉਡਾਉਣ ਦਾ ਮੁਕਾਬਲਾ ਸੀ। ਉਸਨੂੰ ਡਰ ਸੀ ਕਿ ਉਸਦਾ ਛੋਟਾ ਭਰਾ ਕਿਤੇ ਪਤੰਗ ਖ਼ਰਾਬ ਹੀ ਨਾ ਕਰ ਦੇਵੇ। ਉਸਦੇ ਮੰਮੀ ਨੂੰ ਕੁੜੀਆਂ ਦਾ ਪਤੰਗ ਉਡਾਉਣਾ ਬੜਾ ਅਜੀਬ ਲੱਗ ਰਿਹਾ ਸੀ। ਉਸਦੇ ਪਾਪਾ ਨੇ ਕਿਹਾ, "ਜੇ ਕੁੜੀਆਂ ਹਵਾਈ ਜਹਾਜ਼ ਉਡਾ ਸਕਦੀਆਂ ਹਨ ਤਾਂ ਪਤੰਗ ਕਿਉਂ ਨਹੀਂ। ਫ਼ਿਕਰ ਦੀ ਕੋਈ ਗੱਲ ਨਹੀਂ। ਮੁਕਾਬਲਾ ਸਕੂਲ ਦੇ ਮੈਦਾਨ ਵਿੱਚ ਹੈ। ਘਰਾਂ ਦੀਆਂ ਛੱਤਾਂ ਉੱਪਰ ਪਤੰਗ ਉਡਾਉਣ ਨਾਲੋਂ ਤਾਂ ਕਿਸੇ ਖੁੱਲ੍ਹੀ ਜਗ੍ਹਾ 'ਤੇ ਪਤੰਗ ਉਡਾਉਣਾ ਜ਼ਿਆਦਾ ਸੁਰੱਖਿਅਤ ਹੈ। ਬਸੰਤ ਕਿਹੜਾ ਹਰ ਰੋਜ਼ ਹੁੰਦੀ ਹੈ।" ਉਸਦੇ ਭਰਾ ਨੇ ਪੁੱਛਿਆ, "ਪਾਪਾ ਇਸਦਾ ਮਤਲਬ ਅਸੀਂ ਅੱਜ ਸ਼ਾਲੀਮਾਰ ਬਾਗ਼ ਵਿੱਚ ਮੇਲਾ ਦੇਖਣ ਨਹੀਂ ਜਾਵਾਂਗੇ?" ਉਸਦੇ ਮੰਮੀ ਬੋਲੇ "ਕਿਉਂ ਨਹੀਂ, ਜਾਵਾਂਗੇ? ਅੱਜ ਤਾਂ ਬੱਚਿਓ ਤੁਹਾਡੇ ਮਨਪਸੰਦ ਮਿੱਠੇ ਪੀਲ਼ੇ ਚੌਲ ਬਣਾਏ ਹਨ। ਪਹਿਲਾਂ ਇਹ ਖਾਓ, ਫਿਰ ਸਿਮਰਨ ਨੂੰ ਉਸਦੇ ਸਕੂਲ ਛੱਡ ਕੇ ਆਪਾਂ ਸ਼ਾਲੀਮਾਰ ਬਾਗ਼ ਚਲੇ ਜਾਵਾਂਗੇ। ਇਸੇ ਤਰ੍ਹਾਂ ਵਾਪਸੀ ਸਮੇਂ ਇਸ ਨੂੰ ਸਕੂਲ ਵਿਚੋਂ ਲੈ ਆਵਾਂਗੇ।"

ਛੱਤ 'ਤੇ ਪਤੰਗ ਉਡਾਉਣ ਦੇ ਬਹੁਤ ਖਤਰੇ ਹਨ। ਜਿਵੇਂ—

1. ਬੇਧਿਆਨੀ ਵਿੱਚ ਛੱਤ ਤੋਂ ਡਿੱਗ ਪੈਣ ਦਾ ਖ਼ਤਰਾ
2. ਬਿਜਲੀ ਦਾ ਝਟਕਾ ਲੱਗਣ ਦਾ ਖ਼ਤਰਾ

ਪ੍ਰਸ਼ਨ 1. ਘਰਾਂ ਦੀਆਂ ਛੱਤਾਂ 'ਤੇ ਪਤੰਗ ਉਡਾਉਣਾ ਕਿਉਂ ਖ਼ਤਰਨਾਕ ਹੈ ?

..........................................................................................

..........................................................................................

ਪ੍ਰਸ਼ਨ 2. ਕਿਸ ਦਿਨ ਵਿਸ਼ੇਸ਼ ਤੌਰ 'ਤੇ ਪੀਲ਼ੇ ਚੌਲ ਬਣਾਉਣ ਦੀ ਰਵਾਇਤ ਹੈ ?

..........................................................................................

..........................................................................................

## ਕੀ ਤੁਸੀਂ ਜਾਣਦੇ ਹੋ ?

**ਮੇਲੇ :** ਪੰਜਾਬ ਵਿੱਚ ਬਹੁਤ ਸਾਰੇ ਮੇਲੇ ਲਗਦੇ ਹਨ। ਕਪੂਰਥਲਾ ਸ਼ਹਿਰ (ਜੋ ਕਿ ਜ਼ਿਲ੍ਹਾ ਵੀ ਹੈ) ਵਿੱਚ ਬਸੰਤ ਪੰਚਮੀ ਦਾ ਮੇਲਾ ਬਹੁਤ ਧੂਮਧਾਮ ਨਾਲ ਮਨਾਇਆ ਜਾਂਦਾ ਹੈ। 2018 ਤੱਕ ਇਸ ਮੇਲੇ ਨੂੰ ਲਗਦਿਆਂ ਲਗਭਗ 100 ਸਾਲ ਹੋ ਚੁੱਕੇ ਹਨ। ਕੀ ਤੁਸੀਂ ਅੰਦਾਜ਼ਾ ਲਗਾ ਸਕਦੇ ਹੋ ਕਿ ਇਹ ਕਦੋਂ ਸ਼ੁਰੂ ਹੋਇਆ ਹੋਵੇਗਾ? ਇਹ ਮੇਲਾ ਸ਼ਹਿਰ ਦੇ ਮਸ਼ਹੂਰ ਸ਼ਾਲੀਮਾਰ ਬਾਗ਼ ਵਿੱਚ ਲਗਦਾ ਹੈ। ਮੇਲੇ ਵਿੱਚ ਬੱਚਿਆਂ ਦੇ ਪਸੰਦ ਦੀਆਂ ਚੀਜ਼ਾਂ ਵਾਲੀਆਂ ਬਹੁਤ ਸਾਰੀਆਂ ਦੁਕਾਨਾਂ ਲਗਦੀਆਂ ਹਨ, ਜਿਵੇਂ ਖਿਡਾਉਣੇ ਅਤੇ ਖਾਣ-ਪੀਣ ਦੇ ਸਾਮਾਨ ਵਾਲੀਆਂ ਦੁਕਾਨਾਂ।







ਇਸੇ ਤਰ੍ਹਾਂ ਸ੍ਰੀ ਮੁਕਤਸਰ ਸਾਹਿਬ ਵਿਖੇ ਮਾਘੀ ਦਾ ਮੇਲਾ ਬੜੇ ਜੋਸ਼ ਅਤੇ ਸ਼ਰਧਾ ਨਾਲ ਮਨਾਇਆ ਜਾਂਦਾ ਹੈ। ਲੋਹੜੀ ਤੋਂ ਇੱਕ ਦਿਨ ਬਾਅਦ ਮਾਘੀ (ਮਾਘ ਮਹੀਨੇ ਦੀ ਸੰਗਰਾਂਦ) ਵਾਲੇ ਦਿਨ ਲੋਕ ਪਵਿੱਤਰ ਸਰੋਵਰ ਵਿੱਚ ਇਸ਼ਨਾਨ ਕਰਦੇ ਹਨ। ਇਹ ਮੇਲਾ ਹਰ ਸਾਲ ਜਨਵਰੀ ਮਹੀਨੇ ਵਿੱਚ 40 ਮੁਕਤਿਆਂ ਦੀ ਯਾਦ ਵਿੱਚ ਮਨਾਇਆ ਜਾਂਦਾ ਹੈ ਅਤੇ ਕਈ ਦਿਨ ਤੱਕ ਚਲਦਾ ਹੈ। ਸਾਰਾ ਸ਼ਹਿਰ ਹੀ ਮੇਲੇ ਦਾ ਰੂਪ ਧਾਰਨ ਕਰ ਲੈਂਦਾ ਹੈ। ਬਜ਼ਾਰਾਂ ਵਿੱਚ ਬਹੁਤ ਭੀੜ ਹੁੰਦੀ ਹੈ। ਜਗ੍ਹਾ-

ਜਗ੍ਹਾ ਦੁਕਾਨਾਂ ਲੱਗੀਆਂ ਹੁੰਦੀਆਂ ਹਨ। ਪੰਜਾਬ ਹੀ ਨਹੀਂ ਸਗੋਂ ਪੂਰੇ ਭਾਰਤ ਵਿਚੋਂ ਵੀ ਬਹੁਤ ਸਾਰੇ ਵਪਾਰੀ ਇਸ ਮੇਲੇ ਵਿਚ ਭਾਗ ਲੈਣ ਆਉਂਦੇ ਹਨ ਅਤੇ ਸਮਾਨ ਵੇਚਦੇ ਹਨ। ਮੇਲੇ ਵਿੱਚ ਮਨੋਰੰਜਨ ਦੇ ਬਹੁਤ ਸਾਧਨ ਮੌਜੂਦ ਹੁੰਦੇ ਹਨ। ਝੂਲਿਆਂ ਉੱਪਰ ਝੂਟੇ ਲੈਣ ਵਾਲ਼ਿਆਂ ਦੀ ਬਹੁਤ ਭੀੜ ਹੁੰਦੀ ਹੈ ਪਰ ਕਈ ਲੋਕ ਚੰਡੋਲ ਵਿੱਚ ਬੈਠਣ ਤੋਂ ਡਰਦੇ ਹਨ। ਹਾਂ, ਸਰਕਸ ਤਾਂ ਲਗਭਗ ਸਾਰੇ ਹੀ ਚਾਅ ਨਾਲ ਦੇਖਦੇ ਹਨ। ਨਿਹੰਗ ਸਿੰਘ ਗਤਕੇ ਦੇ ਕਰਤਬ ਦਿਖਾਉਂਦੇ ਹਨ।



ਮੇਲਾ ਮਾਘੀ (ਸ੍ਰੀ ਮੁਕਤਸਰ ਸਾਹਿਬ) ਦਾ ਦ੍ਰਿਸ਼

ਕੀ ਤੁਸੀਂ ਜਾਣਦੇ ਹੋ ਕਿ ਸ੍ਰੀ ਮੁਕਤਸਰ ਸਾਹਿਬ ਦਾ ਪਹਿਲਾ ਨਾਂ **ਖਿਦਰਾਣੇ ਦੀ ਢਾਬ** ਸੀ। ਪਤਾ ਕਰੋ, ਕੀ ਤੁਹਾਡੇ ਪਿੰਡ ਜਾਂ ਸ਼ਹਿਰ ਦਾ ਵੀ ਕੋਈ ਹੋਰ ਨਾਂ ਹੁੰਦਾ ਸੀ ?

**ਪ੍ਰਸ਼ਨ 3. ਤੁਸੀਂ ਕਿਹੜੇ-ਕਿਹੜੇ ਮੇਲੇ ਵੇਖੇ ਹਨ ?**

..........................................................................................

..........................................................................................

**ਖੇਡਾਂ** : ਕੇਵਲ ਮੇਲੇ ਹੀ ਨਹੀਂ ਖੇਡਾਂ ਵੀ ਸਾਡੇ ਮਨੋਰੰਜਨ ਦਾ ਸਾਧਨ ਹਨ। ਖੇਡਾਂ ਮਨਪਰਚਾਵੇ ਦੇ ਨਾਲ਼-ਨਾਲ਼ ਸਰੀਰਕ ਅਤੇ ਮਾਨਸਿਕ ਤੰਦਰੁਸਤੀ ਵੀ ਪ੍ਰਦਾਨ ਕਰਦੀਆਂ ਹਨ।

ਅਸੀਂ ਵੱਖ-ਵੱਖ ਤਰ੍ਹਾਂ ਦੀਆਂ ਖੇਡਾਂ ਖੇਡਦੇ ਹਾਂ, ਜਿਵੇਂ -ਘਰਾਂ ਵਿੱਚ ਆਪਣੇ ਦੋਸਤਾਂ ਜਾਂ ਭੈਣਾਂ ਭਰਾਵਾਂ ਨਾਲ਼ ਲੁੱਡੋ, ਕੈਰਮਬੋਰਡ, ਲੁਕਣ-ਮੀਟੀ, ਚੋਰ ਸਿਪਾਹੀ ਆਦਿ। ਕੁਝ ਬੱਚੇ ਗਲ਼ੀ ਜਾਂ ਪਾਰਕ ਵਿੱਚ ਕ੍ਰਿਕਟ ਖੇਡਦੇ ਹਨ, ਜਿਸ ਲਈ ਬੈਟ, ਬਾਲ, ਵਿਕਟਾਂ ਆਦਿ ਦੀ ਜ਼ਰੂਰਤ ਹੁੰਦੀ ਹੈ। ਸਾਡੀ ਰਾਸ਼ਟਰੀ ਖੇਡ ਹਾਕੀ ਹੈ, ਇਸ ਨੂੰ ਖੇਡਣ ਲਈ ਹਾਕੀ-ਸਟਿੱਕ, ਬਾਲ, ਜਾਲ਼

ਅਤੇ ਗੋਲਚੀ ਲਈ ਹੈੱਲਮੈਟ ਆਦਿ ਵਰਤੇ ਜਾਂਦੇ ਹਨ। ਸਕੂਲ ਵਿੱਚ ਅਸੀਂ ਕਬੱਡੀ, ਕੁਸ਼ਤੀ, ਦੌੜਾਂ, ਲੰਬੀ-ਛਾਲ, ਖੋ-ਖੋ ਆਦਿ ਖੇਡਾਂ ਖੇਡਦੇ ਹਾਂ। ਕਬੱਡੀ, ਕੁਸ਼ਤੀ, ਖੋ-ਖੋ ਅਸੀਂ ਖੇਡ ਮੈਦਾਨ ਵਿੱਚ ਖੇਡਦੇ ਹਾਂ। ਦੌੜਾਂ ਟ੍ਰੈਕ 'ਤੇ ਲਾਈਆਂ ਜਾਂਦੀਆਂ ਹਨ। ਇਨ੍ਹਾਂ ਲਈ ਰਿਬਨ ਅਤੇ ਵਿਸਲ ਆਦਿ ਦੀ ਜ਼ਰੂਰਤ ਹੁੰਦੀ ਹੈ। ਕੁਝ ਸਕੂਲਾਂ ਵਿੱਚ ਗੋਲ਼ਾ ਸੁੱਟਣਾ ਅਤੇ ਫੁੱਟਬਾਲ ਵੀ ਖਿਡਾਏ ਜਾਂਦੇ ਹਨ।

ਅੱਜ ਰਾਣੀ ਦੇ ਸਕੂਲ ਵਿੱਚ ਖੇਡ ਮੇਲਾ ਹੈ। ਆਉ ਦੇਖਦੇ ਹਾਂ ਰਾਣੀ ਕਿਸ ਖੇਡ ਵਿੱਚ ਭਾਗ ਲੈ ਰਹੀ ਹੈ।

ਰਾਣੀ ਨੂੰ ਸਭ ਤੋਂ ਅੱਗੇ ਦੌੜਦਿਆਂ ਦੇਖ ਕੇ ਸਾਰੇ ਵਿਦਿਆਰਥੀ ਖ਼ੁਸ਼ੀ ਵਿਚ ਤਾੜੀਆਂ ਮਾਰ ਰਹੇ ਸਨ। ਅਚਾਨਕ "ਹੈਪੀ ਜਿੱਤ ਗਈ", 'ਹੈਪੀ ਜਿੱਤ ਗਈ' ਦਾ ਰੌਲ਼ਾ ਪੈ ਗਿਆ। ਦੂਜੇ ਪਾਸਿਉਂ 'ਰਾਣੀ ਜਿੱਤ ਗਈ', 'ਰਾਣੀ ਜਿੱਤ ਗਈ' ਦੀਆਂ ਆਵਾਜ਼ਾਂ ਆਉਣ ਲੱਗੀਆਂ। ਵਿਦਿਆਰਥੀਆਂ ਦੇ ਦੋ ਗਰੁੱਪ ਬਣ ਗਏ। ਇੱਕ ਗਰੁੱਪ ਨੂੰ ਲਗਦਾ ਸੀ ਕਿ ਹੈਪੀ ਨੇ ਦੌੜ ਜਿੱਤੀ ਸੀ ਪਰ ਦੂਸਰੇ ਗਰੁੱਪ ਨੂੰ ਲਗਦਾ ਸੀ ਕਿ ਦੌੜ ਰਾਣੀ ਨੇ ਜਿੱਤੀ ਸੀ। ਆਖਿਰ ਉਨ੍ਹਾਂ ਨੇ ਕੋਲ ਖੜ੍ਹੀ ਆਪਣੀ ਅਧਿਆਪਕਾ ਵੱਲ ਦੇਖਿਆ। ਮੈਡਮ ਸੁਖਦੀਪ ਨੇ ਮੁਸਕਰਾਉਂਦਿਆਂ ਕਿਹਾ, "ਬੇਟਾ, ਖੇਡਾਂ ਵਿੱਚ ਭਾਗ ਲੈਣਾ ਜਿੱਤ-ਹਾਰ ਨਾਲੋਂ ਵੀ ਮਹੱਤਵਪੂਰਨ ਹੈ। ਇਸ ਦੌੜ ਵਿੱਚ ਹੈਪੀ ਜਿੱਤੀ ਹੈ"। "ਪਰ ਮੈਡਮ ਜੀ! ਅੱਗੇ ਤਾਂ ਜੀਤੀ ਸੀ?" ਬਹੁਤ ਸਾਰੇ ਬੱਚੇ ਇਕੱਠੇ ਹੀ ਬੋਲ ਪਏ। ਮੈਡਮ ਨੇ ਕਿਹਾ, "ਇਹ ਠੀਕ ਹੈ ਲਗਭਗ ਸਾਰੀ ਦੌੜ ਵਿੱਚ ਜੀਤੀ ਅੱਗੇ ਸੀ ਪਰ ਅੰਤ ਵਿੱਚ ਹੈਪੀ ਨੇ ਅਗਾਂਹ ਵਧ ਕੇ ਰਿਬਨ ਨੂੰ ਛੂਹ ਲਿਆ। ਪਿਆਰੇ ਬੱਚਿਓ! ਹਰ ਖੇਡ ਦੇ ਕੁੱਝ ਨਿਯਮ ਹੁੰਦੇ ਹਨ, ਜਿਹੜੇ ਖੇਡ ਨੂੰ ਸਹੀ ਤਰੀਕੇ ਨਾਲ ਖੇਡਣ ਵਿੱਚ ਸਾਡੀ ਸਹਾਇਤਾ ਕਰਦੇ ਹਨ। ਇਨ੍ਹਾਂ ਨਿਯਮਾਂ ਨਾਲ਼ ਜਿੱਤ ਹਾਰ ਦਾ ਫ਼ੈਸਲਾ ਕਰਨਾ ਵੀ ਸੌਖਾ ਹੋ ਜਾਂਦਾ ਹੈ।"

**ਖੇਡਾਂ ਵਿੱਚ ਪਏ ਰੌਲ਼ੇ ਦਾ ਨਿਪਟਾਰਾ ਮੈਚ-ਰੈਫਰੀ ਜਾਂ ਅੰਪਾਇਰ ਕਰਦਾ ਹੈ।**

**ਪ੍ਰਸ਼ਨ 4. ਖੇਡ ਨਿਯਮਾਂ ਦਾ ਕੀ ਮਹੱਤਵ ਹੈ ?**

..........................................................................................

..........................................................................................

ਅੱਗੇ ਕੁਝ ਭਾਰਤੀ ਖਿਡਾਰੀਆਂ ਦੀਆਂ ਤਸਵੀਰਾਂ ਦਿੱਤੀਆਂ ਗਈਆਂ ਹਨ ਜਿਨ੍ਹਾਂ ਨੇ ਸਖ਼ਤ ਮਿਹਨਤ ਅਤੇ ਦ੍ਰਿੜ ਵਿਸ਼ਵਾਸ ਨਾਲ਼ ਆਪਣਾ ਅਤੇ ਆਪਣੇ ਮਾਤਾ-ਪਿਤਾ ਦਾ ਨਾਂ ਰੌਸ਼ਨ ਕੀਤਾ ਹੈ। ਅੱਜ-ਕੱਲ੍ਹ ਲੜਕਿਆਂ ਵਾਂਗ ਲੜਕੀਆਂ ਦੁਆਰਾ ਵੀ ਸਾਰੀਆਂ ਹੀ ਖੇਡਾਂ ਵਿੱਚ ਹਿੱਸਾ ਲਿਆ ਜਾਣ ਲੱਗਾ ਹੈ। ਹੁਣ ਤੱਕ ਬਹੁਤ ਸਾਰੇ ਭਾਰਤੀ ਖਿਡਾਰੀਆਂ ਅਤੇ ਖਿਡਾਰਨਾਂ ਨੇ ਰਾਸ਼ਟਰੀ ਅਤੇ ਅੰਤਰ-ਰਾਸ਼ਟਰੀ ਪੱਧਰ 'ਤੇ ਨਾਮਣਾ ਖੱਟਿਆ ਹੈ।



ਸੁਨੀਤਾ ਰਾਣੀ,

ਖੇਤਰ-ਐਥਲੈਟਿਕਸ

ਸਨਮਾਨ - ਪਦਮ ਸ਼੍ਰੀ



ਡਾ. ਰੂਪਾ ਸੈਣੀ,

ਖੇਤਰ - ਹਾਕੀ

ਸਨਮਾਨ - ਅਰਜੁਨ ਐਵਾਰਡ



ਮਨਜੀਤ ਕੌਰ,

ਖੇਤਰ - ਐਥਲੈਟਿਕਸ

ਉਪਾਧੀ - ਗੋਲਡਨ ਗਰਲ



ਮਿਲਖਾ ਸਿੰਘ, (ਉੱਡਣਾ ਸਿੱਖ)

ਖੇਤਰ-ਐਥਲੈਟਿਕਸ

ਸਨਮਾਨ - ਪਦਮ ਸ਼੍ਰੀ

**ਕਿਰਿਆ-2 :** ਤੁਹਾਡਾ ਮਨ ਪਸੰਦ ਖੇਡ-ਸਿਤਾਰਾ ਕੌਣ ਹੈ ? ਉਸ ਦੇ ਚਿੱਤਰ ਅਖ਼ਬਾਰ ਜਾਂ ਰਸਾਲੇ ਵਿੱਚੋਂ ਕੱਟ ਕੇ ਬਾਕਸ ਵਿੱਚ ਚਿਪਕਾਓ।



## ਯਾਦ ਰੱਖਣ ਯੋਗ ਗੱਲਾਂ

- ਕਪੂਰਥਲਾ ਸ਼ਹਿਰ ਦੇ ਸ਼ਾਲੀਮਾਰ ਬਾਗ਼ ਵਿੱਚ ਲਗਦਾ ਬਸੰਤ ਦਾ ਮੇਲਾ, ਦੁਨੀਆ ਭਰ ਵਿੱਚ ਮਸ਼ਹੂਰ ਹੈ।
- ਮਾਘੀ ਮੇਲੇ ਲਈ ਮਸ਼ਹੂਰ ਸ਼ਹਿਰ ਸ੍ਰੀ ਮੁਕਤਸਰ ਸਾਹਿਬ ਦਾ ਪੁਰਾਣਾ ਨਾਂ 'ਖਿਦਰਾਣੇ ਦੀ ਢਾਬ' ਸੀ।
- ਵੱਖ-ਵੱਖ ਖੇਡਾਂ ਦੇ ਨਿਯਮ ਵੱਖਰੇ-ਵੱਖਰੇ ਹੁੰਦੇ ਹਨ।
- ਖੇਡਾਂ ਵਿੱਚ ਭਾਗ ਲੈਣਾ ਜਿੱਤ ਹਾਰ ਨਾਲ਼ੋਂ ਵੀ ਵੱਧ ਮਹੱਤਵਪੂਰਨ ਹੈ।
- ਖੇਡਾਂ ਮਨਪਰਚਾਵੇ ਦੇ ਨਾਲ਼-ਨਾਲ਼ ਸਰੀਰਕ ਅਤੇ ਮਾਨਸਿਕ ਤੰਦਰੁਸਤੀ ਵੀ ਪ੍ਰਦਾਨ ਕਰਦੀਆਂ ਹਨ।



5. **ਸਹੀ ਸ਼ਬਦ ਚੁਣ ਕੇ ਖਾਲੀ ਥਾਂਵਾਂ ਭਰੋ—**

(ਗਤਕੇ, ਭਾਗ, ਖੇਡਾਂ, ਕੁੜੀਆਂ, ਸਿਹਤਮੰਦ, ਮੇਲੇ)

(ੳ) ਮੇਲੇ ਹੀ ਨਹੀਂ .................. ਵੀ ਸਾਡੇ ਮਨੋਰੰਜਨ ਦਾ ਸਾਧਨ ਹਨ।

(ਅ) ਖੇਡ ਵਿੱਚ .................. ਲੈਣਾ ਜਿੱਤ-ਹਾਰ ਨਾਲੋਂ ਵੀ ਵੱਧ ਮਹੱਤਵਪੂਰਨ ਹੈ।

(ੲ) ਨਿਹੰਗ ਸਿੰਘ .................. ਦੇ ਜੌਹਰ ਵਿਖਾਉਂਦੇ ਹਨ।

(ਸ) ਜੇ.................. ਹਵਾਈ ਜਹਾਜ਼ ਉਡਾ ਸਕਦੀਆਂ ਹਨ ਤਾਂ ਪਤੰਗ ਕਿਉਂ ਨਹੀਂ।

(ਹ) ਪੰਜਾਬ ਵਿੱਚ ਬਹੁਤ ਸਾਰੇ .................. ਲਗਦੇ ਹਨ।

(ਕ) ਖੇਡਾਂ ਸਾਨੂੰ .................. ਬਣਾਉਂਦੀਆਂ ਹਨ।

6. **ਸਹੀ ਵਾਕਾਂ ਅੱਗੇ (✓) ਅਤੇ ਗ਼ਲਤ ਵਾਕਾਂ ਅੱਗੇ (×) ਦਾ ਨਿਸ਼ਾਨ ਲਗਾਉ—**

(ੳ) ਕਪੂਰਥਲਾ ਸ਼ਹਿਰ ਵਿੱਚ ਬਸੰਤ ਪੰਚਮੀ ਦਾ ਮੇਲਾ ਲਗਦਾ ਹੈ। ☐

(ਅ) ਹਰ ਖੇਡ ਦੇ ਕੁੱਝ ਨਿਯਮ ਹੁੰਦੇ ਹਨ। ☐

(ੲ) ਖੇਡਾਂ ਸਾਨੂੰ ਝਗੜਨਾ ਸਿਖਾਉਂਦੀਆਂ ਹਨ। ☐

(ਸ) ਬਸੰਤ ਸਰਦੀ ਦੀ ਰੁੱਤ ਤੋਂ ਬਾਅਦ ਆਉਂਦੀ ਹੈ। ☐

(ਹ) ਲੋਹੜੀ ਤੋਂ ਅਗਲੇ ਦਿਨ ਮਾਘੀ ਦਾ ਮੇਲਾ ਹੁੰਦਾ ਹੈ। ☐

7. **ਠੀਕ ਉੱਤਰ ਦੇ ਅੱਗੇ (✓) ਦਾ ਨਿਸ਼ਾਨ ਲਗਾਉ—**

(ੳ) ਮਿਲਖਾ ਸਿੰਘ ਦਾ ਸਬੰਧ ਕਿਸ ਖੇਡ ਨਾਲ਼ ਹੈ ?

ਕ੍ਰਿਕੇਟ ☐ ਹਾਕੀ ☐ ਦੌੜਾਂ ☐

(ਅ) ਖੇਡਾਂ ਸਾਨੂੰ ਕੀ ਸਿਖਾਉਂਦੀਆਂ ਹਨ ?

ਝਗੜਨਾ ☐ ਮਿਲਵਰਤਨ ☐ ਈਰਖਾ ☐

(ੲ) ਮਾਘੀ ਦਾ ਮੇਲਾ ਕਿੱਥੇ ਲਗਦਾ ਹੈ ?

ਸ੍ਰੀ ਅਨੰਦਪੁਰ ਸਾਹਿਬ ☐ ਸ੍ਰੀ ਮੁਕਤਸਰ ਸਾਹਿਬ ☐

ਜਲੰਧਰ ☐

(ਸ) ਇਨ੍ਹਾਂ ਵਿੱਚੋਂ ਹਾਕੀ ਨਾਲ ਸਬੰਧਤ ਖਿਡਾਰਨ ਕਿਹੜੀ ਹੈ ?

ਰੂਪਾ ਸੈਣੀ ☐ ਸੁਨੀਤਾ ਰਾਣੀ ☐

ਮਨਜੀਤ ਕੌਰ ☐

8. ਮਿਲਾਣ ਕਰੋ—

| | |
|---|---|
| ਕ੍ਰਿਕੇਟ | ਪਾਲਾ, ਧਾਵੀ, ਜਾਫੀ |
| ਹਾਕੀ | ਰੈਕਿਟ, ਸ਼ਟਲ, ਨੈੱਟ |
| ਕਬੱਡੀ | ਹਾਕੀ-ਸਟਿੱਕ, ਬਾਲ, ਜਾਲ |
| ਬੈਡਮਿੰਟਨ | ਬੈਟ, ਬਾਲ, ਵਿਕਟਾਂ |

ਪ੍ਰਸ਼ਨ 9. ਤੁਸੀਂ ਕਿਹੜੀਆਂ-ਕਿਹੜੀਆਂ ਖੇਡਾਂ ਖੇਡਦੇ ਹੋ ?

..............................................................................................

..............................................................................................

ਪ੍ਰਸ਼ਨ 10. ਸ੍ਰੀ ਮੁਕਤਸਰ ਸਾਹਿਬ ਦਾ ਪਹਿਲਾ ਨਾਂ ਕੀ ਸੀ ?

..............................................................................................

..............................................................................................

ਪ੍ਰਸ਼ਨ 11. ਕਿਸ ਤਿਉਹਾਰ 'ਤੇ ਪਤੰਗ ਉਡਾਏ ਜਾਂਦੇ ਹਨ ?

..............................................................................................

..............................................................................................

ਪ੍ਰਸ਼ਨ12. ਦਿਮਾਗੀ ਕਸਰਤ



ਪਾਠ - 4



# ਵੱਖ-ਵੱਖ ਕਿੱਤਾਕਾਰ

ਤੀਸਰੀ ਜਮਾਤ ਵਿੱਚ ਅਸੀਂ ਕੁਝ ਕਿੱਤਾਕਾਰਾਂ ਨਾਲ਼ ਜਾਣ-ਪਹਿਚਾਣ ਕਰ ਚੁੱਕੇ ਹਾਂ। ਆਉ ! ਹੁਣ ਆਪਾਂ ਕੁਝ ਹੋਰ ਕਿੱਤਾਕਾਰਾਂ ਅਤੇ ਉਨ੍ਹਾਂ ਦੁਆਰਾ ਵਰਤੇ ਜਾਂਦੇ ਔਜ਼ਾਰਾਂ ਬਾਰੇ ਜਾਣਕਾਰੀ ਹਾਸਲ ਕਰੀਏ।

ਅਗਲੇ ਹਫ਼ਤੇ ਰੱਜੂ ਦੇ ਸਕੂਲ ਵਿੱਚ ਸਲਾਨਾ ਸਮਾਰੋਹ ਹੈ। ਉਸ ਦਿਨ ਬੱਚਿਆਂ ਦਾ ਫ਼ੈਂਸੀ-ਡਰੈੱਸ ਮੁਕਾਬਲਾ ਕਰਵਾਇਆ ਜਾਣਾ ਹੈ। ਰੱਜੂ ਨੇ ਉਸ ਮੁਕਾਬਲੇ ਵਿੱਚ ਭਾਗ ਲੈਣ ਲਈ ਡਾਕਟਰ ਬਣਨਾ ਹੈ। ਉਸਨੇ ਆਪਣੀ ਮੰਮੀ ਨੂੰ ਕਿਹਾ, "ਮੰਮੀ ਜੀ, ਮੇਰੇ ਲਈ ਡਾਕਟਰ ਦੇ ਪਾਉਣ ਵਾਲਾ ਕੋਟ ਸਿਊਂ ਦੇਵੋ।"

"ਰੱਜੂ, ਮੈਨੂੰ ਤਾਂ ਅਜਿਹਾ ਕੋਟ ਸਿਊਂਣਾ ਨਹੀਂ ਆਉਂਦਾ।" ਉਸਦੀ ਮੰਮੀ ਨੇ ਨਾਂਹ ਵਿੱਚ ਸਿਰ ਹਿਲਾਇਆ।"

"ਮੰਮੀ, ਇੱਕ ਵਾਰ ਤੁਸੀਂ ਮੇਰੇ ਲਈ ਕਿੰਨਾ ਸੋਹਣਾ ਸਲਵਾਰ-ਕਮੀਜ਼ ਸਿਊਂਤਾ ਸੀ!" ਰੱਜੂ ਨੇ ਪੁੱਛਿਆ।

"ਬੇਟਾ, ਤੇਰੀ ਨਾਨੀ ਨੇ ਮੈਨੂੰ ਸਿਰਫ਼ ਸਲਵਾਰ-ਕਮੀਜ਼ ਸਿਊਂਣਾ ਹੀ ਸਿਖਾਇਆ ਸੀ।" ਉਸਦੀ ਮੰਮੀ ਨੇ ਜਵਾਬ ਦਿੱਤਾ।

"ਨਾਨੀ ਨੂੰ ਆਉਂਦਾ ਸੀ ਸਭ ਕੁੱਝ ?"

"ਹਾਂ, ਉਹ ਤਾਂ ਦਰੀਆਂ ਅਤੇ ਖੇਸ ਵੀ ਬਹੁਤ ਸੋਹਣੇ ਬੁਣ ਲੈਂਦੇ ਸੀ, ਅੱਜ ਵੀ ਉਨ੍ਹਾਂ ਨੇ ਆਪਣਾ ਚਰਖਾ, ਹੱਥਾ ਆਦਿ ਬੜੇ ਪਿਆਰ ਨਾਲ਼ ਸੰਭਾਲ ਕੇ ਰੱਖੇ ਹੋਏ ਹਨ।"



ਚਰਖਾ



ਹੱਥਾ

"ਪਰ ਮੇਰਾ ਕੋਟ...."

ਰੱਜੂ ਉਦਾਸ ਹੋ ਗਈ। ਉਸਦੀ ਮੰਮੀ ਨੇ ਰੱਜੂ ਦਾ ਸਿਰ ਪਲੋਸਦਿਆਂ ਕਿਹਾ, "ਉਦਾਸ ਨਾ ਹੋ,

ਚੱਲ ਆਪਾਂ ਹੁਣੇ ਦਰਜ਼ੀ ਤੋਂ ਪਤਾ ਕਰ ਆਉਂਦੇ ਹਾਂ।"

"ਹਾਂ ਠੀਕ ਹੈ,ਨਾਲ਼ੇ ਮੈਂ ਬਜ਼ਾਰੋਂ ਡਾਕਟਰ ਵਲੋਂ ਵਰਤਿਆ ਜਾਂਦਾ ਬਾਕੀ ਸਾਮਾਨ ਥਰਮਾਮੀਟਰ, ਸਰਿੰਜ, ਸਟੈਥੋਸਕੋਪ ਆਦਿ ਵੀ ਲੈ ਆਵਾਂਗੀ" ਰੱਜੂ ਬੋਲੀ।



ਸਟੈਥੋਸਕੋਪ



ਥਰਮਾਮੀਟਰ



ਸਰਿੰਜ

ਪ੍ਰਸ਼ਨ 1. ਡਾਕਟਰ ਦੁਆਰਾ ਥਰਮਾਮੀਟਰ ਦੀ ਵਰਤੋਂ ਕਿਸ ਮਕਸਦ ਲਈ ਕੀਤੀ ਜਾਂਦੀ ਹੈ ?

..........................................................................................

..........................................................................................

ਪ੍ਰਸ਼ਨ 2. ਦਰੀਆਂ ਬਣਾਉਣ ਲਈ ਕਿਹੜੇ-ਕਿਹੜੇ ਔਜ਼ਾਰਾਂ ਦੀ ਵਰਤੋਂ ਕੀਤੀ ਜਾਂਦੀ ਹੈ ?

..........................................................................................

..........................................................................................

ਰੱਜੂ ਦੀ ਮੰਮੀ ਨੇ ਨਾਲ ਜਾਣ ਲਈ ਤਿਆਰ ਹੁੰਦਿਆਂ ਕਿਹਾ, "ਚੱਲ ਮੈਂ ਵੀ ਪ੍ਰੇਮ ਮੋਚੀ ਤੋਂ ਤੇਰੇ ਨਾਲ਼ ਚਲਦੀ ਹਾਂ, ਰਸਤੇ ਵਿੱਚ ਮੈਂ ਪ੍ਰੇਮ ਮੋਚੀ ਤੋਂ ਆਪਣੀ ਜੁੱਤੀ ਠੀਕ ਕਰਵਾ ਲਿਆਵਾਂਗੀ।"

ਰੱਜੂ ਆਪਣੀ ਮੰਮੀ ਨਾਲ਼ ਦਰਜ਼ੀ ਦੀ ਦੁਕਾਨ 'ਤੇ ਪਹੁੰਚ ਗਈ।

"ਅੰਕਲ, ਮੇਰੇ ਲਈ ਡਾਕਟਰਾਂ ਵਾਲਾ ਕੋਟ ਸਿਊਂ ਦੇਵੋਗੇ ?" ਰੱਜੂ ਨੇ ਦਰਜ਼ੀ ਨੂੰ ਪੁੱਛਿਆ।

"ਹਾਂ ਬੇਟਾ, ਜ਼ਰੂਰ" ਦਰਜ਼ੀ ਨੇ ਜਵਾਬ ਦਿੱਤਾ।

"ਅੰਕਲ, ਤੁਸੀਂ ਇਹ ਸਭ ਕਿੱਥੋਂ ਸਿੱਖਿਆ ?"

"ਮੈਂ ਸਿਲਾਈ ਦਾ ਦੋ ਸਾਲ ਦਾ ਕੋਰਸ ਕੀਤਾ ਹੈ। ਕਢਾਈ ਤੇਰੀ ਆਂਟੀ ਕਰ ਲੈਂਦੀ ਹੈ।" ਦਰਜ਼ੀ ਨੇ ਆਪਣੀ ਪਤਨੀ ਵੱਲ ਇਸ਼ਾਰਾ ਕਰਦਿਆਂ ਦੱਸਿਆ।

ਦਰਜ਼ੀ ਨੇ ਫੀਤੇ (ਇੰਚਟੇਪ) ਨਾਲ ਰੱਜੂ ਦਾ ਨਾਪ ਲੈ ਲਿਆ।

ਰੱਜੂ ਨੇ ਬੜੇ ਧਿਆਨ ਨਾਲ ਕੱਪੜੇ ਸਿਉਂਣ ਵਾਲੀ ਮਸ਼ੀਨ ਵੇਖੀ। ਇਹ ਮਸ਼ੀਨ ਰੱਜੂ ਦੇ ਘਰ ਪਈ ਮਸ਼ੀਨ ਨਾਲੋਂ ਵੱਡੀ ਸੀ। ਕਢਾਈ ਵਾਲੀ ਮਸ਼ੀਨ ਉਸਨੇ ਪਹਿਲੀ ਵਾਰ ਵੇਖੀ ਸੀ। ਕੈਂਚੀ ਅਤੇ ਫੀਤਾ ਤਾਂ ਉਸਨੇ ਆਪਣੇ ਘਰ ਵੀ ਦੇਖੇ ਸਨ।

ਰੱਜੂ ਦਰਜੀ ਕੋਲ਼ ਪਏ ਰੰਗ-ਬਿਰੰਗੇ ਚਾਕ ਵੇਖ ਕੇ ਬਹੁਤ ਖੁਸ਼ ਹੋਈ। ਇਨ੍ਹਾਂ ਨਾਲ ਉਹ ਕੱਪੜਿਆਂ 'ਤੇ ਨਿਸ਼ਾਨ ਲਾ ਰਿਹਾ ਸੀ। ਉੱਥੇ ਬਟਨ ਲਾਉਣ ਅਤੇ ਤਰਪਾਈ ਕਰਨ ਵਾਲ਼ੀਆਂ ਸੂਈਆਂ ਵੀ ਪਈਆਂ ਸਨ।




ਦਰਜੀ ਦੁਆਰਾ ਵਰਤੇ ਜਾਂਦੇ ਕੁਝ ਸੰਦ

### ਇਕ ਫੁੱਟ ਵਿੱਚ 12 ਇੰਚ ਹੁੰਦੇ ਹਨ।

**ਕਿਰਿਆ-1 :** ਫੀਤੇ (ਇੰਚਟੇਪ) ਨਾਲ਼ ਆਪਣਾ ਕੱਦ ਨਾਪੋ ਅਤੇ ਪਤਾ ਕਰੋ ਕਿ ਤੁਹਾਡਾ ਕੱਦ ਕਿੰਨੇ ਫੁੱਟ ਅਤੇ ਕਿੰਨੇ ਇੰਚ ਹੈ। ........... ਫੁੱਟ......... ਇੰਚ।


ਵਾਪਸ ਮੁੜਦੇ ਹੋਏ ਰੱਜੂ ਦੀ ਮੰਮੀ ਨੇ ਮੋਚੀ ਨੂੰ ਜੁੱਤੀ ਠੀਕ ਕਰਨ ਲਈ ਦੇ ਦਿੱਤੀ। ਉਸਨੇ ਵੱਖ-ਵੱਖ ਸੰਦਾਂ ਨਾਲ ਜੁੱਤੀ ਠੀਕ ਕਰਕੇ ਦਿੱਤੀ।

ਆਓ ਮੋਚੀ ਦੇ ਵੱਖ ਵੱਖ ਸੰਦਾਂ ਬਾਰੇ ਜਾਣੀਏ।




ਮੋਚੀ ਦੇ ਵੱਖ-ਵੱਖ ਸੰਦ

ਰੱਜੂ ਅਤੇ ਉਸਦੀ ਮੰਮੀ ਘਰ ਨੂੰ ਚੱਲ ਪਈਆਂ। ਸੋਨੀ ਦੀ ਹੱਟੀ ਵੇਖ ਰੱਜੂ ਦੀ ਮਾਂ ਨੂੰ ਯਾਦ ਆ ਗਿਆ ਕਿ ਘਰ ਲਈ ਅਚਾਰ ਵੀ ਲੈ ਕੇ ਜਾਣਾ ਹੈ। ਰੱਜੂ ਨੂੰ ਉਸਦੀ ਮੰਮੀ ਨੇ ਦੱਸਿਆ ਕਿ ਅਚਾਰ ਸੋਨੀ ਦੀ ਮੰਮੀ ਖੁਦ ਬਣਾਉਂਦੀ ਹੈ। ਇਹ ਅਚਾਰ ਬੜਾ ਸੁਆਦ ਹੋਣ ਕਾਰਨ ਸਾਰੇ ਪਿੰਡ ਵਾਲ਼ੇ ਅਚਾਰ ਇੱਥੋਂ ਹੀ ਖਰੀਦਦੇ ਹਨ।


ਟੋਕਾ

ਉੱਥੇ ਅਚਾਰੀ ਫਲ਼ਾਂ ਨੂੰ ਕੱਟਣ ਵਾਲ਼ਾ ਟੋਕਾ ਵੀ ਪਿਆ ਸੀ, ਜੋ ਰੱਜੂ ਨੇ ਪਹਿਲੀ ਵਾਰ ਵੇਖਿਆ ਸੀ।

**ਅਧਿਆਪਕ ਲਈ—**ਔਰਤਾਂ ਵੱਖ-ਵੱਖ ਖੇਤਰਾਂ ਵਿੱਚ ਕੰਮ ਕਰ ਰਹੀਆਂ ਹਨ ਇਸ ਬਾਰੇ ਅਧਿਆਪਕ ਜਮਾਤ ਵਿੱਚ ਚਰਚਾ ਕਰਨ।

**3. ਹੇਠਾਂ ਦਿੱਤੇ ਕੰਮਾਂ ਵਿਚੋਂ ਜਿਹੜੇ-ਜਿਹੜੇ ਕੰਮ ਔਰਤਾਂ ਵਲੋਂ ਵੀ ਕੀਤੇ ਜਾ ਰਹੇ ਹਨ। ਉਨ੍ਹਾਂ 'ਤੇ ਟਿੱਕ (✓) ਦਾ ਨਿਸ਼ਾਨ ਲਗਾਉ।**

(ੳ) ਪਸ਼ੂ ਪਾਲਣਾ ☐

(ਅ) ਦਰੀਆਂ ਖੇਸ ਬੁਣਨਾ ☐

(ੲ) ਬੱਸ ਚਲਾਉਣੀ ☐


(ਸ) ਮਿੱਟੀ ਦੇ ਭਾਂਡੇ ਬਣਾਉਣੇ ☐

(ਹ) ਪੁਲਿਸ ਜਾਂ ਫੌਜ ਵਿੱਚ ਕੰਮ ਕਰਨਾ ☐

(ਕ) ਹੋਟਲ ਜਾਂ ਢਾਬੇ ਉੱਤੇ ਕੰਮ ਕਰਨਾ ☐

• ਫਿਰ ਉਨ੍ਹਾਂ ਨੇ ਸੜਕ ਦੇ ਕਿਨਾਰੇ ਦੁਕਾਨ ਸਜਾਈ ਬੈਠੇ ਇੱਕ ਘੁਮਿਆਰ ਕੋਲੋਂ ਇੱਕ ਕੁੱਜਾ ਖਰੀਦਿਆ। ਰੱਜੂ ਘੁਮਿਆਰ ਨੂੰ ਪੁੱਛਣ ਲੱਗੀ "ਅੰਕਲ, ਤੁਸੀਂ ਮਿੱਟੀ ਦੇ ਇੰਨੇ ਗੋਲ-ਗੋਲ ਭਾਂਡੇ ਕਿਵੇਂ ਤਿਆਰ ਕਰਦੇ ਹੋ ਤੇ ਤੁਸੀਂ ਇਹ ਕਿੱਥੋਂ ਸਿੱਖੇ ਸਨ ?" ਰੱਜੂ ਇੱਕੋ ਸਾਹ ਬੋਲ ਗਈ।

ਘੁਮਿਆਰ ਨੇ ਉੱਤਰ ਦਿੱਤਾ "ਪੁੱਤਰ ਮਿੱਟੀ ਨੂੰ ਚੰਗੀ ਤਰ੍ਹਾਂ ਗੁੰਨ੍ਹ ਕੇ ਤਿਆਰ ਕੀਤਾ ਜਾਂਦਾ ਹੈ, ਫਿਰ ਚੱਕ ਦੀ ਮਦਦ ਨਾਲ ਭਾਂਡੇ ਬਣਾਏ ਜਾਂਦੇ ਹਨ, ਫਿਰ ਇਨ੍ਹਾਂ ਨੂੰ ਸੁਕਾਅ ਕੇ ਆਵੇ ਦੀ ਅੱਗ ਵਿੱਚ ਪਕਾਅ ਲਿਆ ਜਾਂਦਾ ਹੈ। ਇਹ ਸਾਡਾ ਪਿਤਾ ਪੁਰਖੀ ਕਿੱਤਾ ਹੈ। ਮੈਂ ਇਹ ਕੰਮ ਆਪਣੇ ਪਿਤਾ ਜੀ ਅਤੇ ਦਾਦਾ ਜੀ ਤੋਂ ਸਿੱਖਿਆ ਸੀ।


ਚੱਕ



## ਯਾਦ ਰੱਖਣ ਯੋਗ ਗੱਲਾਂ

- ਜਿਹੜੇ ਕਿੱਤੇ ਪਹਿਲਾਂ ਆਪਣੇ ਪੁਰਖਿਆਂ ਜਾਂ ਉਸਤਾਦਾਂ ਤੋਂ ਸਿੱਖੇ ਜਾਂਦੇ ਸਨ,ਅੱਜ ਕੱਲ੍ਹ ਉਨ੍ਹਾਂ ਕਿੱਤਿਆਂ ਦੇ ਕੋਰਸ ਵੀ ਕਰਵਾਏ ਜਾਣ ਲੱਗੇ ਹਨ।
- ਹਰੇਕ ਕਿੱਤੇ ਵਿੱਚ ਵੱਖ-ਵੱਖ ਔਜ਼ਾਰਾਂ ਦੀ ਵਰਤੋਂ ਹੁੰਦੀ ਹੈ।



**4. ਸਹੀ ਵਾਕਾਂ ਅੱਗੇ (✓) ਅਤੇ ਗ਼ਲਤ ਵਾਕਾਂ ਅੱਗੇ (×) ਦਾ ਨਿਸ਼ਾਨ ਲਾਉ।**

(ੳ) ਦਰਜ਼ੀ ਇੰਚਟੇਪ ਨਾਲ ਮਾਪ ਲੈਂਦਾ ਹੈ। ☐

(ਅ) ਇੱਕ ਫੁੱਟ ਵਿੱਚ 12 ਇੰਚ ਹੁੰਦੇ ਹਨ। ☐

(ੲ) ਮੋਚੀ ਮਿੱਟੀ ਦੇ ਭਾਂਡੇ ਬਣਾਉਂਦਾ ਹੈ। ☐

(ਸ) ਘੁਮਿਆਰ ਚੁੰਨੀਆਂ ਰੰਗਦਾ ਹੈ। ☐

**5. ਮਿਲਾਨ ਕਰੋ—**

| ੳ | ਅ |
|---|---|
| ਦਰਜੀ | ਸੂਆ |
| ਮੋਚੀ | ਸਰਿੰਜ |
| ਘੁਮਿਆਰ | ਕੈਂਚੀ |
| ਡਾਕਟਰ | ਚੱਕ |

**ਪ੍ਰਸ਼ਨ 6. ਦਰਜ਼ੀ ਕੱਪੜੇ ਸਿਊਂਣ ਲਈ ਕਿਹੜੇ-ਕਿਹੜੇ ਸੰਦ ਵਰਤਦਾ ਹੈ ?**

..............................................................................................

..............................................................................................

ਪ੍ਰਸ਼ਨ 7. ਥਰਮਾਮੀਟਰ ਦੀ ਵਰਤੋਂ ਕੌਣ ਕਰਦਾ ਹੈ ?

.............................................................................................................


.............................................................................................................

ਪ੍ਰਸ਼ਨ 8. ਪਿਤਾ-ਪੁਰਖੀ ਕਿੱਤੇ ਕਿਹੜੇ ਹੁੰਦੇ ਹਨ ?

.............................................................................................................

.............................................................................................................

ਪ੍ਰਸ਼ਨ 9 . ਦਿਮਾਗੀ ਕਸਰਤ




*****

ਪਾਠ - 5

# ਜੰਤੂਆਂ ਦੀ ਦੁਨੀਆ

**ਕਿਰਿਆ-1 :** ਹੇਠ ਦਿੱਤੇ ਚਿੱਤਰ ਵਿੱਚ ਜੰਤੂਆਂ ਦੇ ਕੁੱਝ ਬੱਚੇ ਆਪਣੀਆਂ ਮਾਂਵਾਂ ਕੋਲੋਂ ਵਿੱਛੜ ਗਏ ਹਨ। ਆਓ ਬੱਚਿਆਂ ਨੂੰ ਇਨ੍ਹਾਂ ਦੀਆਂ ਮਾਂਵਾਂ ਨਾਲ ਮਿਲਾਈਏ :-



ਜੰਤੂ ਅਤੇ ਉਨ੍ਹਾਂ ਦੇ ਬੱਚੇ

ਜਿਸ ਤਰ੍ਹਾਂ ਤੁਹਾਡੇ ਮਾਤਾ-ਪਿਤਾ ਤੁਹਾਡੀ ਦੇਖਭਾਲ਼ ਕਰਦੇ ਹਨ, ਉਸੇ ਤਰ੍ਹਾਂ ਜੰਤੂ ਵੀ ਆਪਣੇ ਬੱਚਿਆਂ ਦੀ ਦੇਖਭਾਲ਼ ਕਰਦੇ ਹਨ। ਬਹੁਤ ਸਾਰੇ ਪੰਛੀ ਆਪਣੇ ਬੱਚਿਆਂ ਦਾ ਪਾਲਣ-ਪੋਸ਼ਣ ਖ਼ੁਦ ਹੀ ਕਰਦੇ ਹਨ। ਤੁਸੀਂ ਕਬੂਤਰਾਂ ਅਤੇ ਚਿੜੀਆਂ ਨੂੰ ਆਪਣੇ ਬੱਚਿਆਂ ਦੀ ਦੇਖਭਾਲ ਕਰਦੇ ਹੋਏ ਦੇਖਿਆ ਹੋਵੇਗਾ। ਇਹ ਪੰਛੀ ਤੀਲੇ, ਘਾਹ-ਫੂਸ ਆਦਿ ਇਕੱਠਾ ਕਰਕੇ ਆਲ੍ਹਣਾ ਬਣਾਉਂਦੇ ਹਨ,ਫਿਰ ਇਹ ਆਲ੍ਹਣੇ ਵਿੱਚ ਆਂਡੇ ਦਿੰਦੇ ਹਨ। ਆਂਡਿਆਂ ਵਿੱਚੋਂ ਨਿਕਲੇ ਇਨ੍ਹਾਂ ਦੇ ਛੋਟੇ ਬੱਚੇ ਬਹੁਤ ਕਮਜ਼ੋਰ ਹੁੰਦੇ ਹਨ। ਉਨ੍ਹਾਂ ਦੇ ਖੰਭ ਵੀ ਨਹੀਂ ਹੁੰਦੇ। ਚਿੜੀਆਂ ਅਤੇ ਕਬੂਤਰ ਆਪਣੇ ਬੱਚਿਆਂ ਲਈ ਉਸ ਵੇਲੇ ਤੱਕ ਭੋਜਨ ਲਿਆਉਂਦੇ ਹਨ,ਜਦੋਂ ਤੱਕ ਇਹ ਖ਼ੁਦ ਇਸ ਯੋਗ ਨਹੀਂ ਹੋ ਜਾਂਦੇ ਕਿ ਆਪਣੇ ਲਈ ਭੋਜਨ ਤਲਾਸ਼ ਸਕਣ। ਜਦ ਤੱਕ ਬੱਚੇ ਉੱਡਣ-ਯੋਗ ਨਹੀਂ ਹੋ ਜਾਂਦੇ, ਉਨ੍ਹਾਂ ਦੇ ਮਾਤਾ-ਪਿਤਾ ਉਨ੍ਹਾਂ ਦੀ ਖਰਾਬ ਮੌਸਮ ਅਤੇ ਦੁਸ਼ਮਣਾਂ ਤੋਂ ਰਾਖੀ ਕਰਦੇ ਹਨ। ਠੰਢ ਅਤੇ ਮੀਂਹ ਤੋਂ ਬਚਾਉਣ ਲਈ ਉਨ੍ਹਾਂ ਨੂੰ ਆਪਣੇ ਖੰਭਾਂ ਨਾਲ ਢਕ ਲੈਂਦੇ ਹਨ।

**ਕਿਰਿਆ-2 :** ਕਿਸੇ ਨੇੜੇ ਦੇ ਮੁਰਗੀਖਾਨੇ ਵਿੱਚ ਜਾਂ ਘਰਾਂ ਵਿੱਚ ਰੱਖੀਆਂ ਮੁਰਗੀਆਂ ਦੁਆਰਾ ਉਨ੍ਹਾਂ ਦੇ ਬੱਚਿਆਂ ਦੀ ਦੇਖਭਾਲ਼ ਬਾਰੇ ਆਪਣੇ ਮਾਤਾ-ਪਿਤਾ ਜਾਂ ਅਧਿਆਪਕ ਕੋਲੋਂ ਜਾਣਕਾਰੀ ਹਾਸਲ਼ ਕਰੋ। ਉਸ ਬਾਰੇ ਜਮਾਤ ਵਿੱਚ ਗੱਲਬਾਤ ਕਰੋ।

ਕਈ ਜੰਤੂ ਅਜਿਹੇ ਹਨ ਜੋ ਬੱਚਿਆਂ ਨੂੰ ਜਨਮ ਦਿੰਦੇ ਹਨ। ਅਜਿਹੇ ਜੰਤੂਆਂ ਨੂੰ ਥਣਧਾਰੀ ਜੰਤੂ ਆਖਦੇ ਹਨ। ਥਣਧਾਰੀ ਜੰਤੂਆਂ ਦੇ ਸਰੀਰ ਉੱਪਰ ਵਾਲ਼ ਹੁੰਦੇ ਹਨ ਅਤੇ ਇਨ੍ਹਾਂ ਦੇ ਬਾਹਰੀ ਕੰਨ ਹੁੰਦੇ ਹਨ। ਇਨ੍ਹਾਂ ਦੇ ਨਵ-ਜੰਮੇ ਬੱਚੇ ਭੋਜਨ ਵਜੋਂ ਆਪਣੀ ਮਾਂ ਦਾ ਦੁੱਧ ਪੀਂਦੇ ਹਨ। ਕੁੱਝ ਜੰਤੂਆਂ ਦੇ ਬਾਹਰੀ ਕੰਨ ਨਹੀਂ ਹੁੰਦੇ,ਜਿਵੇਂ ਰੀਂਗਣ ਵਾਲੇ ਜੰਤੂ ਗੰਡੋਆ, ਸੱਪ ਅਤੇ ਕਿਰਲੀ ਆਦਿ। ਇਨ੍ਹਾਂ ਦੇ ਸਰੀਰ ਉੱਪਰ ਵਾਲ਼ ਵੀ ਨਹੀਂ ਹੁੰਦੇ।





ਜੰਤੂ ਨਾ ਕੇਵਲ ਆਪਣੇ ਛੋਟੇ ਬੱਚਿਆਂ ਲਈ ਭੋਜਨ ਹੀ ਲਿਆਉਂਦੇ ਹਨ,ਸਗੋਂ ਉਨ੍ਹਾਂ ਦੀ ਰਾਖੀ ਵੀ ਕਰਦੇ ਹਨ। ਜੇ ਉਹ ਆਪਣੇ ਬੱਚਿਆਂ ਲਈ ਖ਼ਤਰਾ ਮਹਿਸੂਸ ਕਰਨ ਤਾਂ ਉਨ੍ਹਾਂ ਦੇ ਬਚਾਅ ਵਿੱਚ ਹਮਲਾ ਵੀ ਕਰ ਸਕਦੇ ਹਨ। ਜਦੋਂ ਅਸੀ ਬਹੁਤ ਛੋਟੇ ਕਤੂਰਿਆਂ ਅਤੇ ਵੱਛਿਆਂ ਨੂੰ ਛੂਹਣ ਦੀ ਕੋਸ਼ਿਸ਼ ਕਰਦੇ ਹਾਂ ਤਾਂ ਉਨ੍ਹਾਂ ਦੀ ਮਾਂ ਇਸ ਦਾ ਵਿਰੋਧ ਕਰਦੀ ਹੈ। ਸੋ ,ਅਜਿਹੀ ਸਥਿਤੀ ਵਿਚ

ਤੁਹਾਨੂੰ ਸਾਵਧਾਨ ਰਹਿਣਾ ਚਾਹੀਦਾ ਹੈ। ਜੇਕਰ ਤੁਹਾਡੇ ਘਰ ਜਾਂ ਗੁਆਂਢ ਵਿੱਚ ਵੀ ਕਿਸੇ ਜੰਤੂ ਨੇ ਬੱਚੇ ਨੂੰ ਜਨਮ ਦਿੱਤਾ ਹੈ ਤਾਂ ਤੁਹਾਨੂੰ ਆਪਣੇ ਵੱਡਿਆਂ ਨਾਲ਼ ਹੀ ਉਸਦੇ ਨੇੜੇ ਜਾਣਾ ਚਾਹੀਦਾ ਹੈ।

ਜ਼ਿਆਦਾਤਰ ਜੰਤੂ ਆਪਣੇ ਬੱਚਿਆਂ ਦੀ ਸਾਂਭ-ਸੰਭਾਲ਼ ਕਰਦੇ ਹਨ, ਪਰ ਕੁੱਝ ਜੰਤੂ ਅਜਿਹੇ ਵੀ ਹਨ,ਜਿਹੜੇ ਆਪਣੇ ਬੱਚਿਆਂ ਦੀ ਦੇਖਭਾਲ ਨਹੀਂ ਕਰਦੇ। ਸੱਪ, ਮਗਰਮੱਛ, ਕਿਰਲੀ, ਡੱਡੂ, ਮੱਛੀ ਅਤੇ ਕੀਟ-ਪਤੰਗੇ ਆਦਿ ਆਂਡੇ ਦੇਣ ਲਈ ਸੁਰੱਖਿਅਤ ਜਗ੍ਹਾ ਤਾਂ ਬਣਾਉਂਦੇ ਹਨ ਪਰ ਆਪਣੇ ਬੱਚਿਆਂ ਲਈ ਭੋਜਨ ਦਾ ਪ੍ਰਬੰਧ ਜਾਂ ਉਨ੍ਹਾਂ ਦੀ ਸੁਰੱਖਿਆ ਲਈ ਕੁੱਝ ਨਹੀਂ ਕਰਦੇ।



ਅਸੀਂ ਜੰਤੂਆਂ ਨੂੰ ਦੋ ਗਰੁੱਪਾਂ ਵਿੱਚ ਵੰਡ ਸਕਦੇ ਹਾਂ

| ਆਂਡੇ ਦੇਣ ਵਾਲੇ | ਬੱਚੇ ਦੇਣ ਵਾਲੇ |
|---|---|
| ਕਾਂ, ਕੀੜੀ, ਕੋਇਲ, ਤੋਤਾ, ਮੱਛੀ ਆਦਿ | ਸ਼ੇਰ, ਚੀਤਾ, ਹਿਰਨ, ਬਿੱਲੀ, ਹਾਥੀ, ਸੂਰ ਆਦਿ। |

**ਕਿਰਿਆ-3 :** ਆਓ ਆਪਾਂ ਇੱਕ ਐਲਬਮ ਬਣਾਈਏ। ਇੱਕ ਸਧਾਰਨ ਕਾਪੀ ਲਉ। ਇਸ ਦੇ ਦੋ ਹਿੱਸੇ ਕਰ ਲਉ। ਪਹਿਲੇ ਹਿੱਸੇ ਵਿੱਚ ਉਨ੍ਹਾਂ ਜੰਤੂਆਂ ਦੀਆਂ ਤਸਵੀਰਾਂ ਚਿਪਕਾਓ ਜਿਹੜੇ ਆਪਣੇ ਬੱਚਿਆਂ ਦੀ ਦੇਖਭਾਲ਼ ਕਰਦੇ ਹਨ ਅਤੇ ਐਲਬਮ ਦੇ ਦੂਸਰੇ ਹਿੱਸੇ ਵਿੱਚ ਉਨ੍ਹਾਂ ਦੀਆਂ ਤਸਵੀਰਾਂ ਚਿਪਕਾਉ ਜਿਹੜੇ ਆਪਣੇ ਬੱਚਿਆਂ ਦੀ ਦੇਖਭਾਲ਼ ਨਹੀਂ ਕਰਦੇ। ਇਹ ਤਸਵੀਰਾਂ ਤੁਸੀਂ ਪੁਰਾਣੇ ਅਖ਼ਬਾਰਾਂ ਜਾਂ ਰਸਾਲਿਆਂ ਵਿੱਚੋਂ ਕੱਟ ਕੇ ਲਗਾ ਸਕਦੇ ਹੋ।

**ਕੀ ਤੁਸੀਂ ਜਾਣਦੇ ਹੋ ਇਨ੍ਹਾਂ ਜੰਤੂਆਂ ਵਾਂਗ ਇਨ੍ਹਾਂ ਦੇ ਬੱਚਿਆਂ ਦੇ ਵੀ ਵਿਸ਼ੇਸ਼ ਨਾਂ ਹਨ :-**

| ਜੰਤੂ | ਬੱਚੇ |
|---|---|
| ਬਿੱਲੀ | ਬਲੂੰਗੜਾ |
| ਬੱਕਰੀ | ਮੇਮਣਾ |
| ਕੁੱਤੀ | ਕਤੂਰਾ |
| ਭੇਡ | ਲੇਲਾ |
| ਘੋੜੀ | ਵਛੇਰਾ |
| ਮੱਝ | ਕੱਟਾ |
| ਗਾਂ | ਵੱਛਾ |



## ਯਾਦ ਰੱਖਣ ਯੋਗ ਗੱਲਾਂ

- ਜ਼ਿਆਦਾਤਰ ਜੰਤੂ ਆਪਣੇ ਬੱਚਿਆਂ ਦੀ ਸਾਂਭ - ਸੰਭਾਲ ਕਰਦੇ ਹਨ।
- ਥਣਧਾਰੀ ਜੀਵ ਬੱਚਿਆਂ ਨੂੰ ਜਨਮ ਦਿੰਦੇ ਹਨ।
- ਪੰਛੀ ਤੀਲ੍ਹੇ, ਘਾਹ -ਫੂਸ ਆਦਿ ਇੱਕਠਾ ਕਰਕੇ ਆਲ੍ਹਣਾ ਬਣਾਉਂਦੇ ਹਨ।



### 1. ਖ਼ਾਲੀ ਥਾਂਵਾਂ ਭਰੋ—

(ਜਨਮ, ਖੰਭ, ਆਲ੍ਹਣੇ, ਪਾਲ਼ਣ-ਪੋਸ਼ਣ, ਰੀਂਗਣ)

(ੳ) ਬਹੁਤ ਸਾਰੇ ਪੰਛੀ ਆਪਣੇ ਬੱਚਿਆਂ ਦਾ .................. ਖ਼ੁਦ ਹੀ ਕਰਦੇ ਹਨ।

(ਅ) ਕਈ ਜੰਤੂ ਅਜਿਹੇ ਹਨ, ਜੋ ਬੱਚਿਆਂ ਨੂੰ .................. ਦਿੰਦੇ ਹਨ।

(ੲ) .................. ਵਾਲ਼ੇ ਜੰਤੂਆਂ ਦੇ ਬਾਹਰੀ ਕੰਨ ਨਹੀਂ ਹੁੰਦੇ।

(ਸ) ਆਂਡਿਆਂ ਵਿੱਚੋਂ ਨਿੱਕਲੇ ਬੱਚਿਆਂ ਦੇ .................. ਨਹੀਂ ਹੁੰਦੇ।

(ਹ) ਪੰਛੀ .................. ਬਣਾ ਕੇ ਰਹਿੰਦੇ ਹਨ।

### 2. ਸਹੀ ਵਾਕਾਂ ਅੱਗੇ (✓) ਅਤੇ ਗਲਤ ਵਾਕਾਂ ਅੱਗੇ (×) ਦਾ ਨਿਸ਼ਾਨ ਲਾਉ।

(ੳ) ਸੱਪ ਆਪਣੇ ਬੱਚਿਆਂ ਦੀ ਦੇਖਭਾਲ਼ ਨਹੀਂ ਕਰਦਾ। ☐

(ਅ) ਪੰਛੀ ਆਪਣੇ ਬੱਚਿਆਂ ਦੀ ਦੁਸ਼ਮਣ ਤੋਂ ਰਾਖੀ ਕਰਦੇ ਹਨ। ☐

(ੲ) ਸਾਰੇ ਜੰਤੂ ਆਂਡੇ ਦਿੰਦੇ ਹਨ। ☐

3. ਮਿਲਾਨ ਕਰੋ—

| | |
|---|---|
| ਬਿੱਲੀ | ਵਛੇਰਾ |
| ਗਾਂ | ਕੱਟਾ |
| ਕੁੱਤੀ | ਕਤੂਰਾ |
| ਮੱਝ | ਵੱਛਾ |
| ਘੋੜੀ | ਬਲੂੰਗੜਾ |

ਪ੍ਰਸ਼ਨ 4. ਪੰਛੀ ਆਲ੍ਹਣਾ ਕਿਵੇਂ ਬਣਾਉਂਦੇ ਹਨ ?

.................................................................................................

.................................................................................................

ਪ੍ਰਸ਼ਨ 5. ਥਣਧਾਰੀ ਜੰਤੂਆਂ ਦੀਆਂ ਕੋਈ ਦੋ ਵਿਸ਼ੇਸ਼ਤਾਵਾਂ ਦੱਸੋ ?

.................................................................................................

.................................................................................................

ਪ੍ਰਸ਼ਨ 6. ਕੋਈ ਦੋ ਰੀਂਗਣ ਵਾਲ਼ੇ ਜੰਤੂਆਂ ਦੇ ਨਾਂ ਲਿਖੋ ?

.................................................................................................


.................................................................................................


ਪ੍ਰਸ਼ਨ 7. ਜੇਕਰ ਕੋਈ ਜੰਤੂ ਆਪਣੇ ਬੱਚੇ ਲਈ ਖ਼ਤਰਾ ਮਹਿਸੂਸ ਕਰੇ ਤਾਂ ਉਹ ਕੀ ਕਰ ਸਕਦਾ ਹੈ ?

.................................................................................................

.................................................................................................

## ੪. ਦਿਮਾਗੀ ਕਸਰਤ




*****

# ਜੰਤੂ ਅਤੇ ਝੁੰਡ

ਜਿਸ ਤਰ੍ਹਾਂ ਅਸੀਂ ਪਰਿਵਾਰਾਂ ਵਿੱਚ ਰਹਿੰਦੇ ਹਾਂ,ਉਸੇ ਤਰ੍ਹਾਂ ਕੁੱਝ ਜੰਤੂ ਵੀ ਝੁੰਡ ਬਣਾ ਕੇ ਰਹਿੰਦੇ ਹਨ। ਝੁੰਡ ਵਿੱਚ ਉਹ ਸੁਰੱਖਿਅਤ ਮਹਿਸੂਸ ਕਰਦੇ ਹਨ। ਆਉ ਇਨ੍ਹਾਂ ਜੰਤੂਆਂ ਬਾਰੇ ਜਾਣੀਏ :

ਗਿੰਨੀ ਇੱਕ ਰੰਗ-ਬਰੰਗੀ ਸੁੰਦਰ ਤਿਤਲੀ ਹੈ। ਉਹ ਅੱਜ ਪਹਿਲੀ ਵਾਰ ਆਪਣੀ ਮਾਂ ਨਾਲ਼ ਜੰਗਲ਼ ਦੀ ਸੈਰ ਵਾਸਤੇ ਨਿੱਕਲੀ ਸੀ। ਚਾਰੇ ਪਾਸੇ ਬਹੁਤ ਸੁੰਦਰ ਫੁੱਲ ਖਿੜੇ ਹੋਏ ਸਨ। ਜਿਨ੍ਹਾਂ ਨੂੰ ਦੇਖ ਕੇ ਗਿੰਨੀ ਬਹੁਤ ਖ਼ੁਸ਼ ਹੋ ਰਹੀ ਸੀ। ਉਹ ਦੋਵੇਂ ਰਸ ਚੂਸਣ ਲਈ ਇਕ ਫੁੱਲ ਉੱਪਰ ਬੈਠ ਗਈਆਂ। ਗਿੰਨੀ ਫੁੱਲ ਉੱਪਰ ਇਕ ਭੂਰਾ ਜਿਹਾ ਜੀਵ ਦੇਖ ਕੇ ਡਰ ਗਈ। ਉਸਦੀ ਮਾਂ ਨੇ ਕਿਹਾ, "ਗਿੰਨੀ ਬੇਟਾ ਡਰਨ ਦੀ ਲੋੜ ਨਹੀਂ। ਇਹ ਸ਼ਹਿਦ ਦੀ ਮੱਖੀ ਹੈ, ਇਹ ਵੀ ਆਪਣੇ ਵਾਂਗ ਫੁੱਲਾਂ ਦਾ ਰਸ ਚੂਸਣ ਆਈ ਹੈ। ਦੇਖੋ ਉਹ ਸਾਹਮਣੇ ਇਸਦਾ ਘਰ ਹੈ।"



ਮਧੂ – ਮੱਖੀਆਂ ਦਾ ਛੱਤਾ

"ਇਹ ਕਿਹੋ ਜਿਹਾ ਘਰ ਹੈ?" ਗਿੰਨੀ ਤਿਤਲੀ ਬੜੀ ਹੈਰਾਨੀ ਨਾਲ ਵੇਖ ਰਹੀ ਸੀ। ਮੱਖੀ ਨੇ ਹੱਸਦਿਆਂ ਕਿਹਾ, "ਗਿੰਨੀ,ਆ ਤੈਨੂੰ ਮੈਂ ਆਪਣਾ ਘਰ ਦਿਖਾਵਾਂ। ਮੇਰੇ ਘਰ ਨੂੰ ਛੱਤਾ ਕਹਿੰਦੇ ਹਨ। ਇਸ ਵਿੱਚ ਤਿੰਨ ਤਰ੍ਹਾਂ ਦੀਆਂ ਮੱਖੀਆਂ ਰਹਿੰਦੀਆਂ ਹਨ। ਹਰ ਛੱਤੇ ਵਿੱਚ ਇੱਕ ਰਾਣੀ ਮੱਖੀ ਹੁੰਦੀ ਹੈ। ਜਿਸਦਾ ਆਕਾਰ ਦੂਜਿਆਂ ਨਾਲੋਂ ਕੁੱਝ ਵੱਡਾ ਹੁੰਦਾ ਹੈ। ਰਾਣੀ ਮੱਖੀ ਆਂਡੇ ਦਿੰਦੀ ਹੈ। ਦੂਜੀਆਂ ਨਰ-ਮੱਖੀਆਂ ਹੁੰਦੀਆਂ ਹਨ। ਤੀਜੀ ਕਿਸਮ ਦੀਆਂ ਮੱਖੀਆਂ ਕੰਮ ਕਰਨ ਵਾਲੀਆਂ ਹੁੰਦੀਆਂ ਹਨ।

ਇਨ੍ਹਾਂ ਨੂੰ ਕਾਮਾ ਮੱਖੀਆਂ ਵੀ ਕਿਹਾ ਜਾਂਦਾ ਹੈ। ਇਨ੍ਹਾਂ ਦਾ ਕੰਮ ਛੱਤਾ ਬਣਾਉਣਾ ਅਤੇ ਫੁੱਲਾਂ ਦੇ ਰਸ ਤੋਂ ਸ਼ਹਿਦ ਬਣਾਉਣਾ ਹੁੰਦਾ ਹੈ।"

ਗਿੰਨੀ ਤਿਤਲੀ ਨੇ ਹੈਰਾਨੀ ਨਾਲ ਆਪਣੀ ਮਾਂ ਕੋਲੋਂ ਪੁੱਛਿਆ, "ਇਹ ਸਾਰੇ ਇਕੱਠੇ ਹੀ ਰਹਿੰਦੇ ਹਨ?" ਉਸਦੀ ਮਾਂ ਨੇ ਕਿਹਾ, "ਜੰਗਲ਼ ਵਿੱਚ ਹੋਰ ਵੀ ਬਹੁਤ ਸਾਰੇ ਜਾਨਵਰ ਹਨ, ਜੋ ਇਕੱਠੇ ਰਹਿੰਦੇ ਹਨ, ਆ ਦਿਖਾਵਾਂ।" ਉਸਦੀ ਮਾਂ ਨੇ ਜਾਨਵਰਾਂ ਦੇ ਇੱਕ ਝੁੰਡ ਵੱਲ ਇਸ਼ਾਰਾ ਕਰਦਿਆਂ ਕਿਹਾ, "ਗਿੰਨੀ ਪੁੱਤਰ, ਇਹ ਘੋੜੇ ਹਨ। ਇਹ ਵੀ ਰਲ-ਮਿਲ਼ ਕੇ ਰਹਿੰਦੇ ਹਨ।"

"ਔਹ ਵੇਖ, ਉਹ ਹੈ ਛੋਟਾ ਚੇਤਕ। ਚੇਤਕ ਹਾਲੇ ਇਕ ਸਾਲ ਦਾ ਹੈ ਤੇ ਬਹੁਤ ਪਿਆਰਾ ਹੈ।



ਘੋੜਿਆਂ ਦਾ ਝੁੰਡ

ਉਸਦੇ ਸਾਥੀ ਘੋੜੇ ਉਸਨੂੰ ਬਹੁਤ ਪਿਆਰ ਕਰਦੇ ਹਨ। ਅੱਜ ਉਹ ਬਹੁਤ ਖ਼ੁਸ਼ ਹੈ। ਉਸਨੇ ਆਪਣੇ ਦੋਸਤਾਂ ਨਾਲ ਖ਼ੂਬ ਦੌੜਾਂ ਲਗਾਈਆਂ ਹਨ। ਹਰ ਵਾਰੀ ਚੇਤਕ ਹੀ ਜਿੱਤਿਆ ਹੈ। ਉਸਦੇ ਦੋਸਤ ਹਾਲੇ ਹੋਰ ਅੱਗੇ ਤੱਕ ਜੰਗਲ਼ ਵਿੱਚ ਦੌੜਨਾ ਚਾਹੁੰਦੇ ਸਨ ਪਰ ਚੇਤਕ ਵਾਪਸ ਮੁੜਨਾ ਚਾਹੁੰਦਾ ਸੀ। ਚੇਤਕ ਨੂੰ ਪਤਾ ਸੀ ਕਿ ਜੇ ਉਹ ਆਪਣੇ ਝੁੰਡ ਵਿੱਚ ਵਾਪਸ ਨਾ ਗਏ ਤਾਂ ਸਾਰਿਆਂ ਨੂੰ ਚਿੰਤਾ ਹੋ ਜਾਵੇਗੀ। ਹੁਣ ਉਨ੍ਹਾਂ ਨੂੰ ਭੁੱਖ ਵੀ ਲੱਗ ਚੁੱਕੀ ਸੀ। ਇਸ ਕਰਕੇ ਉਨ੍ਹਾਂ ਨੂੰ ਆਪਣੇ ਝੁੰਡ ਵਿੱਚ ਵਾਪਸ ਆਉਣਾ ਹੀ ਪੈਣਾ ਸੀ। ਘਾਹ ਚਰਨ ਜਾਂ ਪਾਣੀ ਪੀਣ, ਉਹਨਾਂ ਦਾ ਸਾਰਾ ਝੁੰਡ ਇਕੱਠਾ ਹੀ ਜਾਂਦਾ ਹੈ। ਕਿਸ ਪਾਸੇ ਜਾਣਾ ਹੈ ? ਕਿਸ ਰਸਤੇ ਜਾਣਾ ਹੈ ? ਇਹ ਸਾਰੇ ਫ਼ੈਸਲੇ ਚੇਤਕ ਦੀ ਮਾਂ ਕਰਦੀ ਹੈ। ਉਹ ਆਪਣੇ ਝੁੰਡ ਦੀ ਆਗੂ ਹੈ ਕਿਉਂਕਿ ਉਹ ਸਭ ਤੋਂ ਵੱਡੀ ਹੈ।"

ਕੀ ਤੁਸੀਂ ਜਾਣਦੇ ਹੋ ਕਿ ਘੋੜਾ ਨਾ ਕੇਵਲ ਆਪਣੇ ਸਾਥੀ ਘੋੜਿਆਂ ਨਾਲ਼ ਸਗੋਂ ਹੋਰ ਕਈ ਜਾਨਵਰਾਂ ਅਤੇ ਮਨੁੱਖਾਂ ਨਾਲ਼ ਵੀ ਰਲ਼-ਮਿਲ਼ ਕੇ ਰਹਿ ਸਕਦਾ ਹੈ। ਉਹ ਬਹੁਤ ਹੀ ਸਮਝਦਾਰ ਅਤੇ ਵਫ਼ਾਦਾਰ ਜਾਨਵਰ ਹੈ। ਉਸਦੀ ਯਾਦ-ਸ਼ਕਤੀ ਕਮਾਲ ਦੀ ਹੈ।

ਚੇਤਕ ਆਪਣੇ ਸਾਥੀਆਂ ਨਾਲ਼ ਦੌੜਨਾ ਪਸੰਦ ਕਰਦਾ ਹੈ। ਤੁਸੀਂ ਆਪਣੇ ਦੋਸਤਾਂ ਨਾਲ਼ ਕਿਹੜੀ ਖੇਡ ਖੇਡਣਾ ਪਸੰਦ ਕਰਦੇ ਹੋ ?

ਗਿੰਨੀ ਨੇ ਦੂਸਰੇ ਪਾਸੇ ਇਸ਼ਾਰਾ ਕਰਦਿਆਂ ਕਿਹਾ, "ਮੰਮੀ ਉਹ ਦੇਖੋ, ਕਿਹੋ ਜਿਹੇ ਘੋੜੇ ?" ਉਸਦੀ ਮਾਂ ਨੇ ਕਿਹਾ, "ਨਹੀਂ ਪੁੱਤਰ ਇਹ ਘੋੜੇ ਨਹੀਂ, ਕਾਲ਼ੇ- ਹਿਰਨ ਹਨ। ਇਹ ਵੀ ਝੁੰਡ ਵਿੱਚ ਰਹਿੰਦੇ ਹਨ। ਇਹ ਹੁਣ ਬਹੁਤ ਥੋੜ੍ਹੇ ਰਹਿ ਗਏ ਹਨ। ਇਸਦਾ ਕਾਰਨ ਸ਼ਿਕਾਰੀਆਂ ਦੁਆਰਾ ਇਨ੍ਹਾਂ ਦਾ ਸ਼ਿਕਾਰ ਅਤੇ ਭੋਜਨ ਦੀ ਘਾਟ ਹੈ।"



ਹਿਰਨਾਂ ਦਾ ਝੁੰਡ

## ਕੀ ਤੁਸੀਂ ਜਾਣਦੇ ਹੋ ਕਿ ਕਾਲ਼ਾ-ਹਿਰਨ ਪੰਜਾਬ ਦਾ ਰਾਜ ਪਸ਼ੂ ਹੈ ?

**ਅਧਿਆਪਕ ਲਈ—** ਜਮਾਤ ਵਿੱਚ ਚਰਚਾ ਕਰੋ ਕਿ ਨਾ ਕੇਵਲ ਕਾਲਾ-ਹਿਰਨ ਸਗੋਂ ਹੋਰ ਵੀ ਬਹੁਤ ਸਾਰੇ ਜਾਨਵਰਾਂ ਦੀ ਗਿਣਤੀ ਘਟ ਰਹੀ ਹੈ। ਇਸਦੇ ਕਾਰਨਾਂ ਵਿੱਚ ਇਨ੍ਹਾਂ ਦਾ ਅੰਨ੍ਹੇਵਾਹ ਸ਼ਿਕਾਰ ਕਰਨਾ ਅਤੇ ਜੰਗਲ਼ਾਂ ਦਾ ਵਿਨਾਸ਼ ਹੈ। ਇਨ੍ਹਾਂ ਦੇ ਚਰਨ ਲਈ ਚਰਾਗਾਹਾਂ ਅਤੇ ਨਿਵਾਸ-ਸਥਾਨ ਵੀ ਘੱਟ ਹੋ ਰਹੇ ਹਨ।

ਹਾਥੀ ਵੀ ਇਕ ਅਜਿਹਾ ਜਾਨਵਰ ਹੈ, ਜਿਹੜਾ ਝੁੰਡ ਬਣਾ ਕੇ ਰਹਿੰਦਾ ਹੈ। ਘੋੜੇ ਵਾਂਗ ਇਸਦੀ ਵੀ ਮਨੁੱਖ ਨਾਲ਼ ਸਾਂਝ ਬਹੁਤ ਪੁਰਾਣੀ ਹੈ। ਪੁਰਾਣੇ ਸਮਿਆਂ ਵਿੱਚ ਸਵਾਰੀ ਕਰਨ ਲਈ ਘੋੜਾ ਅਤੇ

ਹਾਥੀ ਮਨੁੱਖ ਦੀ ਪਹਿਲੀ ਪਸੰਦ ਸਨ। ਬਹੁਤ ਸਾਰੇ ਰਾਜੇ-ਮਹਾਰਾਜੇ ਹਾਥੀ ਅਤੇ ਘੋੜੇ ਬੜੇ ਸ਼ੌਕ ਨਾਲ ਪਾਲ਼ਦੇ ਸਨ। ਊਠ ਵੀ ਝੁੰਡਾਂ ਵਿੱਚ ਰਹਿਣਾ ਪਸੰਦ ਕਰਦਾ ਹੈ।

**ਜੰਤੂਆਂ ਲਈ ਝੁੰਡ ਵਿੱਚ ਰਹਿਣ ਦੇ ਫ਼ਾਇਦੇ—**

- ਝੁੰਡਾਂ ਵਿੱਚ ਰਹਿ ਕੇ ਉਹ ਸ਼ਿਕਾਰੀਆਂ ਤੋਂ ਬਚੇ ਰਹਿੰਦੇ ਹਨ।
- ਝੁੰਡਾਂ ਵਿੱਚ ਉਹ ਖ਼ਾਸ ਇਲਾਕਿਆਂ ਉੱਤੇ ਕਾਬਜ਼ ਰਹਿ ਸਕਦੇ ਹਨ।
- ਝੁੰਡਾਂ ਵਿੱਚ ਉਹ ਦੁਸ਼ਮਣ ਦਾ ਮੁਕਾਬਲਾ ਕਰਨ ਜਾਂ ਬਚਣ ਦੇ ਦਾਅ ਪੇਚ ਸਿੱਖਦੇ ਹਨ।

ਤੁਸੀਂ ਜਾਣ ਹੀ ਚੁੱਕੇ ਹੋ ਕਿ ਬਹੁਤ ਸਾਰੇ ਜਾਨਵਰ ਝੁੰਡ ਬਣਾ ਕੇ ਇਕੱਠੇ ਰਹਿਣਾ ਪਸੰਦ ਕਰਦੇ ਹਨ। ਕੀ ਤੁਸੀਂ ਦੱਸ ਸਕਦੇ ਹੋ ਕਿ ਜਾਨਵਰ ਝੁੰਡ ਬਣਾਕੇ ਕਿਉਂ ਰਹਿੰਦੇ ਹਨ ? ਜੇ ਉਹ ਜੰਗਲ਼ ਵਿੱਚ ਝੁੰਡ ਬਣਾ ਕੇ ਨਾ ਰਹਿਣ ਤਾਂ ਸੋਚੋ ਕੀ ਹੋਵੇਗਾ ?

ਅਸੀਂ ਕੁੱਝ ਜਾਨਵਰਾਂ ਦੇ ਸੁਭਾਅ ਬਾਰੇ ਜਾਣਿਆ ਕਿ ਉਹ ਝੁੰਡਾਂ ਵਿਚ ਰਹਿੰਦੇ ਹਨ। ਆਓ ਕੁਝ ਹੋਰ ਜਾਨਵਰਾਂ ਦੇ ਸੁਭਾਅ ਬਾਰੇ ਜਾਣੀਏ—

ਕਈ ਜਾਨਵਰ ਸੁਭਾਅ ਤੋਂ ਸੰਕੋਚੀ ਜਾਂ ਡਰਪੋਕ ਹੁੰਦੇ ਹਨ। ਇਹ ਕਿਸੇ ਵੀ ਅਣਜਾਣ ਜੀਵ ਜਾਂ ਮਨੁੱਖ ਨੂੰ ਦੇਖਦਿਆਂ ਹੀ ਉੱਥੋਂ ਦੌੜ ਜਾਂਦੇ ਹਨ। ਇਸ ਤਰ੍ਹਾਂ ਦੇ ਕੁਝ ਜਾਨਵਰਾਂ ਦੇ ਚਿੱਤਰ ਹੇਠਾਂ ਦਿੱਤੇ ਹਨ। ਚਿੱਤਰਾਂ ਦੇ ਹੇਠਾਂ ਉਹਨਾਂ ਦੇ ਨਾਂ ਲਿਖੋ ?



1. ........................



2. ........................



3. ........................



4. ........................

ਕੀ ਤੁਸੀਂ ਕਿਸੇ ਹੋਰ ਜਾਨਵਰ ਦੇ ਸੁਭਾਅ ਬਾਰੇ ਕੁੱਝ ਜਾਣਦੇ ਹੋ ? ਜੇ ਹਾਂ ਤਾਂ ਲਿਖੋ ਕਿ ਉਸਦਾ ਸੁਭਾਅ ਕਿਹੋ ਜਿਹਾ ਹੈ।

| | ਨਾਮ | ਸੁਭਾਅ |
|---|---|---|
| ਉਦਾਹਰਨ | ਬਾਂਦਰ | ਨਕਲਚੀ |
| | .................... | .................... |
| | .................... | .................... |
| | .................... | .................... |



## ਯਾਦ ਰੱਖਣ ਯੋਗ ਗੱਲਾਂ

- ਝੁੰਡ ਵਿੱਚ ਰਹਿਣਾ ਸੁਰੱਖਿਅਤ ਹੈ।
- ਜਾਨਵਰਾਂ ਦੇ ਜ਼ਿਆਦਾਤਰ ਝੁੰਡਾਂ ਦੀਆਂ ਆਗੂ ਮਾਦਾ ਹੁੰਦੀਆਂ ਹਨ।
- ਕਾਲ਼ਾ-ਹਿਰਨ ਪੰਜਾਬ ਦਾ ਰਾਜ ਪਸ਼ੂ ਹੈ।



1. **ਖ਼ਾਲੀ ਥਾਂਵਾਂ ਭਰੋ—**

(ਚਰਾਗਾਹਾਂ, ਕਾਲ਼ੇ-ਹਿਰਨ, ਸੰਕੋਚੀ, ਘੋੜੇ)

(ੳ) .................... ਦੀ ਯਾਦਸ਼ਕਤੀ ਕਮਾਲ ਦੀ ਹੁੰਦੀ ਹੈ।

(ਅ) ਜਾਨਵਰਾਂ ਦੇ ਚਰਨ ਲਈ .................... ਦੀ ਘਾਟ ਹੋ ਰਹੀ ਹੈ।

(ੲ) ਕਈ ਜਾਨਵਰ ਸੁਭਾਅ ਤੋਂ .................... ਹੁੰਦੇ ਹਨ।

(ਸ) ਸ਼ਿਕਾਰ ਦੇ ਕਾਰਨ .................... ਦੀ ਗਿਣਤੀ ਘੱਟ ਰਹੀ ਹੈ।

2. **ਸਹੀ ਉੱਤਰ ਅੱਗੇ (✓) ਦਾ ਨਿਸ਼ਾਨ ਲਾਉ—**

(ੳ) ਮਧੂ-ਮੱਖੀਆਂ ਕੀ ਬਣਾ ਕੇ ਰਹਿੰਦੀਆਂ ਹਨ।

ਛੱਤਾ ☐ ਆਲ੍ਹਣਾ ☐ ਖੁੱਡ ☐

(ਅ) ਪੰਜਾਬ ਦਾ ਰਾਜ ਪਸ਼ੂ ਕਿਹੜਾ ਹੈ ?

ਕਾਲ਼ਾ-ਹਿਰਨ ☐ ਹਾਥੀ ☐ ਊਠ ☐

(ੲ) ਕਿਹੜੀ ਮੱਖੀ ਆਂਡੇ ਦਿੰਦੀ ਹੈ।

ਰਾਣੀ ਮੱਖੀ ☐ ਨਰ ਮੱਖੀ ☐ ਕਾਮਾ ਮੱਖੀ ☐

(ਸ) ਸੰਕੋਚੀ ਜਾਨਵਰ ਕਿਹੜਾ ਹੈ

ਕੁੱਤਾ ☐ ਬਾਂਦਰ ☐ ਖਰਗੋਸ਼ ☐

ਪ੍ਰਸ਼ਨ 3. ਕਾਮਾ-ਮੱਖੀਆਂ ਕੀ ਕੰਮ ਕਰਦੀਆਂ ਹਨ ?

.......................................................................................................

.......................................................................................................

ਪ੍ਰਸ਼ਨ 4. ਘੋੜੇ ਦੇ ਕੋਈ ਦੋ ਗੁਣ ਦੱਸੋ ?

.......................................................................................................

.......................................................................................................

ਪ੍ਰਸ਼ਨ 5. ਕਾਲ਼ੇ-ਹਿਰਨਾਂ ਦੀ ਗਿਣਤੀ ਕਿਉਂ ਘੱਟ ਰਹੀ ਹੈ ?

.......................................................................................................


.......................................................................................................

ਪ੍ਰਸ਼ਨ 6. ਜੀਵ ਖੁੱਡਾਂ ਵਿੱਚ ਕਿਉਂ ਰਹਿੰਦੇ ਹਨ ?

.......................................................................................................

.......................................................................................................

ਪ੍ਰਸ਼ਨ 7. ਦਿਮਾਗੀ ਕਸਰਤ :



ਪਾਠ - 7



# ਪੌਦਿਆਂ ਦੀਆਂ ਜੜ੍ਹਾਂ

ਜੜ੍ਹ ਕਿਸੇ ਵੀ ਪੌਦੇ ਦਾ ਖ਼ਾਸ ਅੰਗ ਹੁੰਦੀ ਹੈ। ਜਿੱਥੇ ਇਹ ਪੌਦਿਆਂ ਲਈ ਮਹੱਤਵਪੂਰਨ ਹਨ, ਉੱਥੇ ਇਹ ਮਨੁੱਖਾਂ ਲਈ ਵੀ ਬਹੁਤ ਲਾਭਕਾਰੀ ਹਨ। ਆਉ ਇਹਨਾਂ ਦੀਆਂ ਕੁੱਝ ਵਿਸ਼ੇਸ਼ਤਾਵਾਂ ਬਾਰੇ ਜਾਣਕਾਰੀ ਹਾਸਲ ਕਰੀਏ—

ਪਿੰਡ ਦੇ ਸਕੂਲ ਵਿੱਚ ਨਵੀਆਂ ਵੋਟਾਂ ਬਣਾਉਣ ਵਾਲ਼ੇ ਆਏ ਹੋਏ ਹਨ। ਇਸ ਲਈ ਸਕੂਲ ਦੇ ਖੇਡ ਮੈਦਾਨ ਵਿੱਚ ਲੋਕ ਆ-ਜਾ ਰਹੇ ਹਨ। ਸਕੂਲ ਵਿੱਚ ਕ੍ਰਿਕੇਟ ਖੇਡਣ ਆਏ ਬੱਚੇ ਭੀੜ ਵੇਖ ਕੇ ਵਾਪਸ ਚਲੇ ਗਏ।

ਉਹ ਖੇਡਣ ਦੇ ਇਰਾਦੇ ਨਾਲ ਧਰਮਸ਼ਾਲਾ ਕੋਲ਼ ਪਈ ਖਾਲੀ ਥਾਂ ਵਿੱਚ ਚਲੇ ਗਏ। ਉੱਥੇ ਕਈ ਛੋਟੇ-ਛੋਟੇ ਪੌਦੇ ਉੱਗੇ ਹੋਏ ਸਨ। ਖੇਡਣ ਲਈ ਥਾਂ ਸਾਫ਼ ਕਰਨ ਲਈ ਉਹਨਾਂ ਨੇ ਛੋਟੇ-ਛੋਟੇ ਪੌਦੇ ਪੁੱਟ ਦਿੱਤੇ। ਉੱਥੇ ਅਮਰੂਦ ਦਾ ਇੱਕ ਰੁੱਖ ਵੀ ਸੀ। ਬੱਚੇ ਉਸਨੂੰ ਵੀ ਜ਼ਮੀਨ ਵਿੱਚੋਂ ਬਾਹਰ ਖਿੱਚਣ ਲਈ ਜ਼ੋਰ ਲਾਉਣ ਲੱਗੇ। ਪਰ ਅਮਰੂਦ ਨੂੰ ਨਾ ਪੁੱਟ ਸਕੇ। ਉੱਥੇ ਇੱਕ ਬਜ਼ੁਰਗ ਆਦਮੀ ਆ ਗਿਆ।

"ਪੁੱਤਰੋ ਕੀ ਕਰ ਰਹੇ ਹੋ ?" ਬਜ਼ੁਰਗ ਬੋਲਿਆ।

"ਬਾਬਾ ਜੀ, ਅਸੀਂ ਇੱਥੇ ਖੇਡਣਾ ਹੈ, ਇਹ ਅਮਰੂਦ ਮੈਦਾਨ ਦੇ ਵਿਚਾਲ਼ੇ ਹੈ। ਅਸੀਂ ਬੜਾ ਜ਼ੋਰ ਲਾਇਆ ਪਰ ਇਹ ਸਾਡੇ ਤੋਂ ਪੁੱਟਿਆ ਨਹੀਂ ਜਾਂਦਾ।" ਲਵਪ੍ਰੀਤ ਨੇ ਸਾਰਾ ਕੁੱਝ ਇੱਕੋ ਸਾਹ ਦੱਸ ਦਿੱਤਾ।

ਬਜ਼ੁਰਗ ਨੇ ਬੱਚਿਆਂ ਨੂੰ ਸਮਝਾਉਣਾ ਸ਼ੁਰੂ ਕੀਤਾ, "ਪੁੱਤਰੋ ਪਹਿਲੀ ਗੱਲ, ਰੁੱਖ ਪੁੱਟਣਾ ਬਹੁਤ ਮਾੜੀ ਗੱਲ ਹੈ। **ਰੁੱਖ ਨਹੀਂ ਤਾਂ ਮਨੁੱਖ ਨਹੀਂ**, ਬੱਚਿਓ, ਇਹ ਗੱਲ ਹੁਣੇ ਸਮਝ ਲਵੋ। ਦੂਸਰੀ ਗੱਲ, ਅਮਰੂਦ ਦੇ ਰੁੱਖ ਨੂੰ ਉਸਦੀਆਂ ਜੜ੍ਹਾਂ ਨੇ ਮਜ਼ਬੂਤੀ ਨਾਲ਼ ਜਕੜਿਆ ਹੋਇਆ ਹੈ।

"ਜੜ੍ਹਾਂ ਨੇ ! ਜੜ੍ਹਾਂ ਕੀ ਹੁੰਦੀਆਂ ਨੇ ਬਾਬਾ ਜੀ ?" ਇੱਕ ਬੱਚਾ ਬੋਲਿਆ।

"ਰੁੱਖਾਂ ਦੀਆਂ ਜੜ੍ਹਾਂ ਜ਼ਮੀਨ ਵਿੱਚ ਹੁੰਦੀਆਂ ਹਨ। ਇਹ ਮਿੱਟੀ ਨੂੰ ਮਜ਼ਬੂਤੀ ਨਾਲ਼ ਜਕੜ ਲੈਂਦੀਆਂ ਹਨ" ਬਜ਼ੁਰਗ ਨੇ ਦੱਸਿਆ।

"ਕੀ ਇਹ ਪੌਦੇ ਜੜ੍ਹਾਂ ਤੋਂ ਬਗੈਰ ਸਨ ?" ਪੁੱਟ ਕੇ ਸੁੱਟੇ ਛੋਟੇ ਪੌਦਿਆਂ ਵੱਲ ਇਸ਼ਾਰਾ ਕਰਦਿਆਂ ਤੀਰਥ ਨੇ ਪੁੱਛਿਆ।



ਰੁੱਖ ਦੀਆਂ ਜੜ੍ਹਾਂ

"ਨਹੀਂ ਬੱਚਿਓ,ਇਹ ਪੌਦੇ ਬਹੁਤ ਛੋਟੇ ਹਨ,ਇਸ ਲਈ ਇਹਨਾਂ ਦੀਆਂ ਜੜ੍ਹਾਂ ਵੀ ਛੋਟੀਆਂ ਹਨ। ਪੌਦਾ ਜਿਵੇਂ-ਜਿਵੇਂ ਵੱਡਾ ਹੋ ਕੇ ਰੁੱਖ ਬਣਦਾ ਹੈ, ਉਸਦੀਆਂ ਜੜ੍ਹਾਂ ਧਰਤੀ ਵਿੱਚ ਡੂਘੀਆਂ ਫੈਲ ਜਾਂਦੀਆਂ ਹਨ। ਇਸ ਨਾਲ਼ ਰੁੱਖ ਦੀ ਪਕੜ ਮਜ਼ਬੂਤ ਹੋ ਜਾਂਦੀ ਹੈ ਅਤੇ ਉਸਨੂੰ ਪੁੱਟਿਆ ਨਹੀਂ ਜਾ ਸਕਦਾ।" ਬਜ਼ੁਰਗ ਆਦਮੀ ਨੇ ਜਵਾਬ ਦਿੱਤਾ।

"ਬਾਬਾ ਜੀ, ਜੜ੍ਹਾਂ ਹੋਰ ਕੀ ਕਰਦੀਆਂ ਹਨ।" ਸੁੱਖੇ ਨੇ ਪੁੱਛਿਆ।


"ਜਦੋਂ ਅਸੀਂ ਰੁੱਖ ਨੂੰ ਪਾਣੀ ਦਿੰਦੇ ਹਾਂ, ਜੜ੍ਹਾਂ ਉਸ ਪਾਣੀ ਨੂੰ ਸੋਖ ਲੈਂਦੀਆਂ ਹਨ। ਇਸ ਨਾਲ਼ ਰੁੱਖ ਵਧਦਾ-ਫੁੱਲਦਾ ਹੈ।" ਬਜ਼ੁਰਗ ਨੇ ਜਵਾਬ ਦਿੱਤਾ।

**ਕਿਰਿਆ-1 :** ਆਪਣੇ ਸਕੂਲ ਵਿੱਚ ਲੱਗੇ ਰੁੱਖ ਪਹਿਚਾਣੋ ਅਤੇ ਉਹਨਾਂ ਵਿੱਚੋਂ ਸਭ ਤੋਂ ਪੁਰਾਣਾ ਰੁੱਖ ਲੱਭ ਕੇ ਉਸ ਬਾਰੇ ਹੇਠਾਂ ਪੁੱਛੀ ਜਾਣਕਾਰੀ ਲਿਖੋ।

ਰੁੱਖ ਦਾ ਨਾਮ ..................ਅੰਦਾਜ਼ਨ ਕਿੰਨਾ ਪੁਰਾਣਾ ਹੈ....................

### ਕੀ ਤੁਸੀਂ ਜਾਣਦੇ ਹੋ ?

ਰੁੱਖ ਦੀ ਇੱਕ ਜੜ੍ਹ ਬਾਕੀ ਜੜ੍ਹਾਂ ਨਾਲੋਂ ਮੋਟੀ ਹੁੰਦੀ ਹੈ। ਇਹ ਧਰਤੀ ਵਿੱਚ ਸਿੱਧੀ ਜਾਂਦੀ ਹੈ। ਬਾਕੀ ਜੜ੍ਹਾਂ ਇਸ ਵਿੱਚੋਂ ਟਾਹਣੀਆਂ ਵਾਂਗ ਨਿੱਕਲਦੀਆਂ ਹਨ। ਇਸ ਜੜ੍ਹ ਨੂੰ ਮੂਸਲ ਜੜ੍ਹ ਕਹਿੰਦੇ ਹਨ।




ਮੂਸਲ ਜੜ੍ਹ

**ਪ੍ਰਸ਼ਨ 1.** ਰੁੱਖ ਦਾ ਕਿਹੜਾ ਹਿੱਸਾ ਪਾਣੀ ਨੂੰ ਸੋਖਦਾ ਹੈ ?

..............................................................................................

..............................................................................................

..............................................................................................

**ਪ੍ਰਸ਼ਨ 2.** ਜੜ੍ਹਾਂ ਦੇ ਕੀ ਕੰਮ ਹਨ ?

..............................................................................................

..............................................................................................

..............................................................................................


**ਕੀ ਤੁਸੀਂ ਜਾਣਦੇ ਹੋ ?**

ਕਚਾਲੂ ਇੱਕ ਅਜਿਹੀ ਜੜ੍ਹ ਹੈ ਜੋ ਆਕਾਰ ਵਿੱਚ ਬਹੁਤ ਵੱਡੀ ਅਤੇ ਮੋਟੀ ਹੁੰਦੀ ਹੈ ਇਸਦੀ ਚਾਟ ਬਣਾ ਕੇ ਖਾਧੀ ਜਾਂਦੀ ਹੈ।



ਕਚਾਲੂ

ਕੁੱਝ ਪੌਦਿਆਂ ਦੀਆਂ ਜੜ੍ਹਾਂ ਅਸੀਂ ਸਬਜ਼ੀਆਂ ਦੇ ਰੂਪ ਵਿੱਚ ਖਾਂਦੇ ਹਾਂ। ਅਜਿਹੀਆਂ ਸਬਜ਼ੀਆਂ ਦੀਆਂ ਤਸਵੀਰਾਂ ਉੱਪਰ ਸਹੀ (✓) ਦਾ ਨਿਸ਼ਾਨ ਲਗਾਓ।



ਵੱਖ-ਵੱਖ ਸਬਜ਼ੀਆਂ ਦੀਆਂ ਤਸਵੀਰਾਂ

ਬਜ਼ੁਰਗ ਬੱਚਿਆਂ ਨਾਲ ਗੱਲਬਾਤ ਕਰਕੇ ਖ਼ੁਸ਼ ਹੋ ਗਿਆ।ਉਸਨੇ ਬੱਚਿਆਂ ਨੂੰ ਕਿਹਾ, "ਆਉ !ਮੈਂ ਤੁਹਾਨੂੰ ਇੱਕ ਕਹਾਣੀ ਸੁਣਾਵਾਂ।"

"ਹਾਂ...ਹਾਂ..." ਸਾਰੇ ਬੱਚੇ ਇਕੱਠੇ ਬੋਲ ਪਏ।

'ਬੜੀ ਪੁਰਾਣੀ ਗੱਲ ਹੈ। ਇੱਕ ਰਾਜਾ ਆਰਾਮ ਕਰਨ ਲਈ ਇੱਕ ਰੁੱਖ ਹੇਠਾਂ ਬੈਠ ਗਿਆ। ਉਸ ਰੁੱਖ ਉੱਪਰ ਇੱਕ ਤੋਤਾ ਬੈਠਾ ਸੀ। ਤੋਤੇ ਨੇ ਰਾਜੇ ਉੱਪਰ ਬੇਰ ਟੁੱਕ ਕੇ ਸੁੱਟ ਦਿੱਤੇ। ਰਾਜੇ ਨੂੰ ਗ਼ੁੱਸਾ ਆ ਗਿਆ। ਉਸਨੇ ਤੋਤੇ ਵੱਲ ਤੀਰ ਚਲਾਇਆ, ਪ੍ਰੰਤੂ ਤੀਰ ਰੁੱਖ ਦੀਆਂ ਟਾਹਣੀਆਂ ਵਿੱਚ ਫਸ ਗਿਆ। ਰਾਜੇ ਨੂੰ ਰੁੱਖ ਉੱਤੇ ਵੀ ਗ਼ੁੱਸਾ ਆ ਗਿਆ। ਮੂਰਖ ਰਾਜੇ ਨੇ ਆਪਣੇ ਰਾਜ ਵਿਚਲੇ ਸਾਰੇ ਰੁੱਖ ਕਟਵਾ ਦਿੱਤੇ। ਉਸ ਤੋਂ ਬਾਅਦ ਉਸ ਦੇ ਰਾਜ ਵਿੱਚ ਮੀਂਹ ਪੈਣਾ ਬੰਦ ਹੋ ਗਿਆ। ਕੁੱਝ ਕੁ ਸਾਲਾਂ ਵਿੱਚ ਭੋਜਨ ਪਦਾਰਥਾਂ ਦੀ ਘਾਟ ਹੋ ਗਈ। ਲੋਕ ਭੁੱਖੇ ਮਰਨ ਲੱਗੇ। ਲੋਕ ਦੂਰ-ਦੁਰਾਡੇ ਦੇ ਸਥਾਨਾਂ ਵੱਲ ਜਾਣ ਲੱਗ ਪਏ। ਰਾਜਾ ਵੀ ਆਪਣੇ ਪਰਿਵਾਰ ਨਾਲ਼ ਦੂਰ ਦੇ ਇੱਕ ਜੰਗਲ ਵਿੱਚ ਪਹੁੰਚ ਗਿਆ।ਉੱਥੇ ਉਨ੍ਹਾਂ ਨੂੰ ਅਜਿਹਾ ਕੁਝ ਨਾ ਮਿਲਿਆ ਜਿਸਨੂੰ ਖਾ ਕੇ ਭੁੱਖ ਮਿਟਾ ਲੈਣ।

ਘੁੰਮਦੇ-ਘੁੰਮਦੇ ਉਨ੍ਹਾਂ ਨੂੰ ਇੱਕ ਸਾਧੂ ਮਿਲ਼ ਗਿਆ। ਰਾਜੇ ਨੇ ਉਸ ਨੂੰ ਸਾਰੀ ਘਟਨਾ ਦੱਸੀ। ਸਾਧੂ ਨੇ ਰਾਜੇ ਨੂੰ ਸਮਝਾਇਆ ਕਿ ਰੁੱਖ ਕਟਵਾਉਣਾ ਉਸਦੀ ਸਭ ਤੋਂ ਵੱਡੀ ਗ਼ਲਤੀ ਸੀ। ਰੁੱਖ ਕੱਟਣ ਕਾਰਨ ਹੀ ਵਰਖਾ ਨਹੀਂ ਹੋਈ। ਸਾਧੂ ਨੇ ਉਨ੍ਹਾਂ ਨੂੰ ਕਿਹਾ ਕਿ ਜੰਗਲ ਵਿੱਚ ਹਾਲੇ ਕੋਈ ਫਲ਼ ਖਾਣ ਯੋਗ ਨਹੀਂ ਹੈ, ਉਹ ਸਿਰਫ਼ ਜੜਾ ਖਾ ਸਕਦੇ ਹਨ ਰਾਜੇ ਨੇ ਸਾਧੂ ਨੂੰ ਹੈਰਾਨੀ ਨਾਲ਼ ਪੁੱਛਿਆ, "ਜੜ੍ਹਾਂ! ਮੈਂ ਸਮਝਿਆ ਨਹੀਂ ?" ਸਾਧੂ ਨੇ ਦੱਸਿਆ, "ਕੁਝ ਜੜ੍ਹਾਂ ਖਾਣ ਯੋਗ ਹੁੰਦੀਆਂ ਹਨ। ਮੇਰੇ ਕੋਲ ਸ਼ਤਾਵਰੀ ਝਾੜੀ ਦੀਆਂ ਜੜ੍ਹਾਂ ਅਤੇ ਸ਼ੱਕਰਕੰਦੀ ਹੈ। ਤੁਸੀਂ ਇਹਨਾਂ ਨੂੰ ਉਬਾਲ ਕੇ ਖਾ ਸਕਦੇ ਹੋ।" ਇਸ ਤਰ੍ਹਾਂ ਰਾਜੇ ਦਾ ਪਰਿਵਾਰ ਜੰਗਲ਼ ਵਿੱਚ ਜੜ੍ਹਾਂ ਖਾ ਕੇ ਗੁਜ਼ਾਰਾ ਕਰਨ ਲੱਗਾ। ਉਹ ਜੰਗਲ਼ ਨੇੜੇ ਹੀ ਰਹਿਣ ਲੱਗ ਪਏ। ਰਾਜਾ ਰੁੱਖ ਕਟਵਾਉਣ ਦੇ ਆਪਣੇ ਫ਼ੈਸਲੇ ਉੱਪਰ ਬਹੁਤ ਪਛਤਾਇਆ। ਉਸਨੂੰ ਸਮਝ ਆ ਗਈ ਕਿ ਰੁੱਖ ਦੀਆਂ ਤਾਂ ਜੜ੍ਹਾਂ ਵੀ ਇਨਸਾਨ ਲਈ ਉਪਯੋਗੀ ਹਨ।'

### ਕੀ ਤੁਸੀਂ ਜਾਣਦੇ ਹੋ ?

ਅਗਲੇ ਪੰਨੇ ਤੇ ਦਿੱਤੇ ਚਿੱਤਰ ਨੂੰ ਧਿਆਨ ਨਾਲ਼ ਦੇਖੋ। ਇਹ ਬੋਹੜ ਦਾ ਰੁੱਖ ਹੈ। ਹਰ ਰੁੱਖ ਵਾਂਗ ਇਸਦੀਆਂ ਜੜ੍ਹਾਂ ਧਰਤੀ ਵਿੱਚ ਤਾਂ ਹਨ ਹੀ ਪ੍ਰੰਤੂ ਇਸਦੀਆਂ ਟਾਹਣੀਆਂ ਤੋਂ ਨਿਕਲੀਆਂ ਹੋਈਆਂ ਜੜ੍ਹਾਂ ਇਸ ਫੈਲੇ ਹੋਏ ਬੋਹੜ ਦੇ ਰੁੱਖ ਨੂੰ ਸਹਾਰਾ ਦਿੰਦੀਆਂ ਹਨ। ਇਸ ਨੂੰ ਹਵਾਈ ਜੜ੍ਹਾਂ ਕਹਿੰਦੇ ਹਨ।ਕੁੱਝ ਲੋਕ ਇਸਨੂੰ ਬੋਹੜ ਦੀ ਦਾੜ੍ਹੀ ਵੀ ਕਹਿੰਦੇ ਹਨ।



ਬੋਹੜ ਦਾ ਰੁੱਖ

ਕੀ ਤੁਸੀਂ ਅਜਿਹਾ ਕੋਈ ਹੋਰ ਰੁੱਖ ਵੇਖਿਆ ਹੈ ? ਉਸ ਦਾ ਨਾਮ ਅਤੇ ਸਥਾਨ ਲਿਖੋ।

ਨਾਮ............. ਸਥਾਨ................



## ਯਾਦ ਰੱਖਣ ਯੋਗ ਗੱਲਾਂ

- ਜੜ੍ਹ ਕਿਸੇ ਵੀ ਪੌਦੇ ਦਾ ਖ਼ਾਸ ਅੰਗ ਹੁੰਦੀ ਹੈ।
- ਜੜ੍ਹਾਂ ਪੌਦਿਆਂ ਅਤੇ ਮਨੁੱਖਾਂ ਸਾਰਿਆਂ ਲਈ ਲਾਭਕਾਰੀ ਹਨ।
- ਜੜ੍ਹਾਂ ਧਰਤੀ ਵਿਚੋਂ ਪਾਣੀ ਚੂਸਦੀਆਂ ਹਨ।
- ਜੜ੍ਹਾਂ ਪੌਦੇ ਨੂੰ ਮਿੱਟੀ ਵਿੱਚ ਜਕੜੀ ਰੱਖਦੀਆਂ ਹਨ।
- ਸ਼ਤਾਵਰੀ, ਸ਼ਕਰਕੰਦੀ, ਕਚਾਲੂ, ਗਾਜਰ, ਮੂਲੀ ਆਦਿ ਖਾਣਯੋਗ ਜੜ੍ਹਾਂ ਹਨ।

ਪ੍ਰਸ਼ਨ 3. ਮੂਸਲ ਜੜ੍ਹ ਦਾ ਚਿੱਤਰ ਬਣਾਉ।

ਪ੍ਰਸ਼ਨ4. ਖ਼ਾਲੀ ਥਾਂਵਾਂ ਭਰੋ :

(ਜੜ੍ਹ, ਜ਼ਮੀਨ, ਮੋਟੀ, ਪਾਣੀ)

(ੳ) ਰੁੱਖਾਂ ਦੀਆਂ ਜੜ੍ਹਾਂ ................ ਵਿੱਚ ਹੁੰਦੀਆਂ ਹਨ।

(ਅ) ਕਚਾਲੂ ਇੱਕ ................ ਹੈ।

(ੲ) ਮੂਸਲ ਜੜ੍ਹ ਬਾਕੀ ਜੜ੍ਹਾਂ ਨਾਲ਼ੋਂ ................ ਹੁੰਦੀ ਹੈ।

(ਸ) ਜੜ੍ਹਾਂ ................ਨੂੰ ਸੋਖ਼ ਲੈਂਦੀਆਂ ਹਨ।

ਪ੍ਰਸ਼ਨ 5. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਉ।

(ੳ) ਅਮਰੂਦ ਦਾ ਦਰੱਖ਼ਤ ਪੁੱਟਿਆ ਕਿਉਂ ਨਹੀਂ ਗਿਆ ?

................................................................................

................................................................................

(ਅ) ਮੂਸਲ ਜੜ੍ਹ ਕੀ ਹੁੰਦੀ ਹੈ ?

................................................................................

................................................................................

(ੲ) ਕਿਹੜੇ-ਕਿਹੜੇ ਪੌਦਿਆਂ ਦੀਆਂ ਜੜ੍ਹਾਂ ਖਾਧੀਆਂ ਜਾ ਸਕਦੀਆਂ ਹਨ ?

................................................................................

(ਸ) ਰੁੱਖਾਂ ਨੂੰ ਕੱਟਣਾ ਕਿਉਂ ਨਹੀਂ ਚਾਹੀਦਾ ?

................................................................................

................................................................................

*****

ਪਾਠ - 8

# ਰੰਗ ਬਰੰਗੇ ਫੁੱਲ

"ਨਾਨਾ ਜੀ, ਮੇਰੇ ਇਮਤਿਹਾਨ ਮੁੱਕ ਗਏ ਹਨ। ਮੈਂ ਅਤੇ ਮੰਮੀ ਅੱਜ ਹੀ ਪਟਿਆਲਾ ਆ ਰਹੇ ਹਾਂ।" ਮੇਰਾ ਬੇਟਾ ਸੁਖਮਨ ਫੋਨ ਉੱਤੇ ਆਪਣੇ ਨਾਨਾ ਜੀ ਨਾਲ ਗੱਲ ਕਰ ਰਿਹਾ ਸੀ।

ਅਸੀਂ ਫ਼ਰੀਦਕੋਟ ਤੋਂ ਪਟਿਆਲਾ ਚਾਰ ਕੁ ਘੰਟਿਆਂ ਵਿੱਚ ਪਹੁੰਚ ਗਏ। ਸੁਖਮਨ ਨੇ ਘਰ ਵੜਦਿਆਂ ਆਪਣੇ ਨਾਨਾ-ਨਾਨੀ ਦੇ ਪੈਰੀਂ ਹੱਥ ਲਾਏ।

"ਨਾਨੀ ਜੀ ਤੁਸੀਂ ਇਹ ਕੀ ਖਾ ਰਹੇ ਹੋ ?" ਸੁਖਮਨ ਨੇ ਕੌਲੀ ਵੱਲ ਇਸ਼ਾਰਾ ਕਰਦਿਆਂ ਕਿਹਾ।

"ਇਹ ਗੁਲਕੰਦ ਹੈ ਸੁਖਮਨ" ਮਾਤਾ ਜੀ ਨੇ ਜਵਾਬ ਦਿੱਤਾ।

ਹੈਰਾਨ ਹੁੰਦੇ ਹੋਏ ਸੁਖਮਨ ਨੇ ਪੁੱਛਿਆ, "ਗੁਲਕੰਦ! ਇਹ ਕੀ ਹੁੰਦੀ ਹੈ ?"

"ਬੇਟਾ ਜੀ, ਇਹ ਗੁਲਾਬ ਦੇ ਫੁੱਲਾਂ ਤੋਂ ਬਣਦੀ ਹੈ।" ਮੈਂ ਸੁਖਮਨ ਨੂੰ ਸਮਝਾਉਣ ਦਾ ਯਤਨ ਕੀਤਾ।

"ਫੁੱਲ ਕੋਈ ਖਾਧੇ ਜਾਂਦੇ ਨੇ ?" ਸੁਖਮਨ ਦੀ ਹੈਰਾਨੀ ਹੋਰ ਵਧ ਗਈ।

"ਹਾਂ ਬੇਟਾ, ਜਿਹੜੀ ਤੂੰ ਗੋਭੀ ਦੀ ਸਬਜ਼ੀ ਖਾਂਦਾ ਹੈਂ, ਇੱਕ ਫੁੱਲ ਹੀ ਏ।"

### ਕੀ ਤੁਸੀਂ ਜਾਣਦੇ ਹੋ ?

ਕਚਨਾਰ ਅਤੇ ਕੇਲੇ ਦੇ ਫੁੱਲਾਂ ਤੋਂ ਸਬਜ਼ੀ ਬਣਦੀ ਹੈ। ਸੁਹਾਂਜਨੇ ਦੇ ਫੁੱਲਾਂ ਤੋਂ ਪਕੌੜੇ ਵੀ ਬਣਦੇ ਹਨ। ਬਰੋਕਲੀ ਦੇ ਫੁੱਲਾਂ ਤੋਂ ਸਲਾਦ ਅਤੇ ਸਬਜ਼ੀ ਬਣਦੀ ਹੈ। ਅਧਿਆਪਕ ਦੀ ਸਹਾਇਤਾ ਨਾਲ ਹੇਠਾਂ ਦਿੱਤੇ ਫੁੱਲਾਂ ਨੂੰ ਪਛਾਣ ਕੇ ਉਹਨਾਂ ਦੇ ਨਾਮ ਲਿਖੋ—





1. ........................ 2. ........................



3. ........................



4. ........................

ਪ੍ਰਸ਼ਨ 1. ਕਿਹੜੇ-ਕਿਹੜੇ ਫੁੱਲਾਂ ਤੋਂ ਸਬਜ਼ੀ ਬਣਦੀ ਹੈ ?

..........................................................................................

..........................................................................................

ਪ੍ਰਸ਼ਨ 2. ਬਰੋਕਲੀ ਦੇ ਫੁੱਲ ਤੋਂ ਕੀ ਬਣਦਾ ਹੈ ?

..........................................................................................

..........................................................................................

"ਸੁਖਮਨ ਪੁੱਤਰ, ਫੁੱਲ ਹੋਰ ਵੀ ਬਹੁਤ ਕੰਮ ਆਉਂਦੇ ਨੇ" ਉਸਦੇ ਨਾਨਾ ਜੀ ਨੇ ਕਿਹਾ।

"ਨਾਨਾ ਜੀ, ਮੈਨੂੰ ਸਾਰਾ ਕੁੱਝ ਦੱਸੋ।" ਸੁਖਮਨ ਕਾਹਲ਼ਾ ਪੈ ਗਿਆ।

"ਗੁਲਾਬ ਦੇ ਫੁੱਲ ਤੋਂ ਗੁਲਾਬ ਜਲ, ਇਤਰ ਅਤੇ ਸ਼ਰਬਤ ਬਣਦਾ ਹੈ। ਚਮੇਲੀ ਅਤੇ ਲਵੈਂਡਰ ਦੇ ਫੁੱਲਾਂ ਤੋਂ ਖ਼ੁਸ਼ਬੂਦਾਰ ਤੇਲ ਤਿਆਰ ਕੀਤਾ ਜਾਂਦਾ ਹੈ। ਬਨਫ਼ਸ਼ਾ, ਕਚਨਾਰ, ਗੁਲਾਬ, ਕਿੱਕਰ ਅਤੇ ਦੇਸੀ ਅੱਕ ਦੇ ਫੁੱਲਾਂ ਤੋਂ ਕਈ ਤਰ੍ਹਾਂ ਦੀਆਂ ਦਵਾਈਆਂ ਬਣਦੀਆਂ ਹਨ। ਗੇਂਦੇ, ਢੱਕ, ਹਿਬਿਸਕਸ ਅਤੇ ਗੁਲਾਬ ਦੇ ਫੁੱਲਾਂ ਤੋਂ ਰੰਗ ਤਿਆਰ ਕੀਤੇ ਜਾਂਦੇ ਹਨ। ਸ਼ਹਿਦ ਦੀਆਂ ਮੱਖੀਆਂ ਅਤੇ ਤਿਤਲੀਆਂ ਫੁੱਲਾਂ ਤੋਂ ਰਸ ਚੂਸਦੀਆਂ ਹਨ" ਨਾਨਾ ਜੀ ਨੇ ਸੁਖਮਨ ਨੂੰ ਫੁੱਲਾਂ ਬਾਰੇ ਵਿਸਥਾਰ ਵਿੱਚ ਦੱਸਿਆ।



1. ........................



2. ........................



3. ........................

4. ........................ 5. ........................ 6. ........................

7. ........................ 8. ........................ 9. ........................

ਪਿਛਲੇ ਪੈਰ੍ਹੇ ਵਿੱਚ ਵਰਣਿਤ ਕੁੱਝ ਫੁੱਲ

**ਪ੍ਰਸ਼ਨ 3 ਉਪਰੋਕਤ ਫੁੱਲਾਂ ਵਿੱਚੋਂ ਕੋਈ ਦੋ ਫੁੱਲਾਂ ਦੇ ਨਾਂ ਅਤੇ ਵਰਤੋਂ ਬਾਰੇ ਦੱਸੋ ?**

..........................................................................................................

..........................................................................................................

ਸੁਖਮਨ ਜ਼ਿੱਦ ਕਰਨ ਲੱਗਾ, "ਨਾਨਾ ਜੀ ਮੈਂ ਸਾਰੇ ਫੁੱਲ ਦੇਖਣੇ ਹਨ।"

"ਚੱਲ ਪੁੱਤਰ ਆਪਾ ਬਾਰਾਂਦਰੀ ਬਾਗ ਚਲਦੇ ਹਾਂ। ਉੱਥੇ ਕਈ ਤਰ੍ਹਾਂ ਦੇ ਫੁੱਲ ਦੇਖਣ ਨੂੰ ਮਿਲ਼ ਜਾਣਗੇ।" ਪਾਪਾ ਨੇ ਸੁਖਮਨ ਨੂੰ ਕਿਹਾ।




ਬਾਂਰਾਦਰੀ ਵਿੱਚ ਖਿੜੇ ਹੋਏ ਫੁੱਲ

ਉਹ ਸਾਰੇ ਬਾਰਾਂਦਰੀ ਬਾਗ਼ ਪਹੁੰਚ ਗਏ। ਇੰਝ ਲੱਗਦਾ ਸੀ ਜਿਵੇਂ ਜਗ੍ਹਾ-ਜਗ੍ਹਾ ਫੁੱਲਾਂ ਦੀਆਂ ਰੰਗ ਬਰੰਗੀਆਂ ਚਾਦਰਾਂ ਵਿਛੀਆਂ ਹੋਣ। ਸੁਖਮਨ ਦਾ ਚਿਹਰਾ ਖ਼ੁਸ਼ੀ ਨਾਲ਼ ਖਿੜ ਗਿਆ।



"ਮੰਮੀ, ਮੈਨੂੰ ਹਰ ਮਹੀਨੇ ਇੱਕ ਵਾਰ ਇਹ ਫੁੱਲ ਦਿਖਾ ਦਿਆ ਕਰੋ।" ਸੁਖਮਨ ਬੋਲਿਆ

"ਪੁੱਤਰ, ਸਾਰੇ ਫੁੱਲ ਹਮੇਸ਼ਾ ਨਹੀਂ ਖਿੜੇ ਰਹਿੰਦੇ, ਬਹੁਤੇ ਫੁੱਲ ਦਸੰਬਰ ਤੋਂ ਮਾਰਚ ਦੇ ਮਹੀਨੇ ਹੀ ਖਿੜਦੇ ਹਨ ਜਿਵੇਂ-ਡੇਲ੍ਹੀਆ, ਪੈਂਜ਼ੀ ਅਤੇ ਤਾਰਾ। ਕੁੱਝ ਫੁੱਲ ਸਾਰਾ ਸਾਲ ਖਿੜਦੇ ਹਨ,ਜਿਵੇਂ-ਮੋਤੀਆ, ਸਦਾਬਹਾਰ ਆਦਿ। ਕੁੱਝ ਫੁੱਲ ਕੇਵਲ ਗਰਮੀ ਦੇ ਮੌਸਮ ਵਿੱਚ ਖਿੜਦੇ ਹਨ, ਜਿਵੇਂ-ਲਿੱਲੀ, ਕੁੱਕੜ-ਕਲਗੀ, ਜ਼ੀਨੀਆ ਆਦਿ। ਕੁੱਝ ਫੁੱਲ ਤਾਂ ਕੇਵਲ ਰਾਤ ਵੇਲੇ ਹੀ ਖਿੜਦੇ ਹਨ, ਜਿਵੇਂ-ਰਾਤ ਦੀ ਰਾਣੀ ਆਦਿ।"

"ਨਾਨਾ ਜੀ ਆਹ ਕੀ। ਕੁੱਝ ਫੁੱਲ ਛੋਟੇ ਜਿਹੇ ਪੌਦਿਆਂ 'ਤੇ ਲੱਗੇ ਹਨ ਅਤੇ ਕੁੱਝ ਫੁੱਲ ਕੰਧ ਉੱਪਰ ਲਮਕ ਰਹੀ ਵੇਲ ਉੱਪਰ ਵੀ।" ਸੁਖਮਨ ਨੇ ਪੁੱਛਿਆ।

"ਸੁਖਮਨ ਕੁੱਝ ਫੁੱਲ ਪੌਦਿਆਂ ਨੂੰ ਲੱਗਦੇ ਹਨ,ਜਿਵੇਂ-ਪੌਪੀ, ਪੈਂਜ਼ੀ ਆਦਿ। ਕੁੱਝ ਫੁੱਲ ਵੇਲਾਂ ਨੂੰ ਲੱਗਦੇ ਹਨ,ਜਿਵੇਂ-ਝੁਮਕਾ ਵੇਲ। ਕੁੱਝ ਫੁੱਲ ਵੱਡੇ-ਵੱਡੇ ਰੁੱਖਾਂ ਨੂੰ ਲੱਗਦੇ ਹਨ,ਜਿਵੇਂ-ਗੁਲਮੋਹਰ। ਪਰ ਕਮਲ ਦਾ ਫੁੱਲ ਪਾਣੀ ਵਿੱਚ ਖਿੜਦਾ ਹੈ।" ਪਾਪਾ ਜੀ ਨੇ ਉੱਤਰ ਦਿੱਤਾ।



ਸੁਖਮਨ ਨੇ ਇੱਕ ਫੁੱਲ ਵੱਲ ਇਸ਼ਾਰਾ ਕਰਦੇ ਹੋਏ ਕਿਹਾ, "ਮੰਮੀ ਜੀ, ਇਹਨਾਂ ਫੁੱਲਾਂ ਵੱਲ ਦੇਖੋ। ਕੁੱਝ ਫੁੱਲ ਮੰਦਰ ਵਿੱਚ ਲੱਗੀ ਘੰਟੀ ਵਰਗੇ ਦਿਖਦੇ ਹਨ ਅਤੇ ਕੁੱਝ ਫੁੱਲ ਰੱਖੜੀ ਵਰਗੇ ਲੱਗਦੇ ਹਨ।"

**ਕਿਰਿਆ-1 :** ਹੇਠਾਂ ਦਿੱਤੇ ਚਿੱਤਰ ਵਿੱਚ ਕੁੱਝ ਵਸਤੂਆਂ ਅਤੇ ਫੁੱਲ ਦਿੱਤੇ ਗਏ ਹਨ। ਕਿਸ ਫੁੱਲ ਦੀ ਬਣਤਰ ਕਿਸ ਵਸਤੂ ਨਾਲ਼ ਮਿਲਦੀ ਹੈ।

## ਮਿਲਾਣ ਕਰੋ




















**ਕਿਰਿਆ-2 :** ਅਧਿਆਪਕ ਦੀ ਸਹਾਇਤਾ ਨਾਲ ਬਗ਼ੀਚੀ ਵਿੱਚ ਜਾ ਕੇ ਫੁੱਲ ਦੇ ਭਾਗਾਂ ਬਾਰੇ ਜਾਣਕਾਰੀ ਪ੍ਰਾਪਤ ਕਰੋ।

"ਨਾਨਾ ਜੀ ਮੈਂ ਫੁੱਲਾਂ ਬਾਰੇ ਹੋਰ ਜਾਣਨਾ ਹੈ।" ਸੁਖਮਨ ਜਿਵੇਂ ਘਰ ਜਾਣਾ ਹੀ ਨਹੀਂ ਚਾਹੁੰਦਾ ਸੀ।
"ਪੁੱਤਰ ਬਾਕੀ ਕੁੱਝ ਤੇਰੇ ਮੰਮੀ ਜੀ ਹੀ ਦੱਸਣਗੇ।" ਪਾਪਾ ਜੀ ਨੇ ਕਿਹਾ।

**ਕਿਰਿਆ-3 :** ਸੁਖਮਨ ਦੀ ਮੰਮੀ ਨੇ ਸੁਖਮਨ ਨਾਲ ਇੱਕ ਖੇਡ ਖੇਡੀ। ਇਹ ਖੇਡ ਤੁਸੀਂ ਵੀ ਖੇਡ ਸਕਦੇ ਹੋ। ਕੋਈ ਤਿੰਨ ਫੁੱਲ ਪਸੰਦ ਕਰੋ ਅਤੇ ਦੱਸੋ।

| | | | |
|---|---|---|---|
| ਉਨ੍ਹਾਂ ਦੇ ਨਾਮ | 1. .............. | 2. .............. | 3. .............. |
| ਉਨ੍ਹਾਂ ਦੇ ਰੰਗ | 1. .............. | 2. .............. | 3. .............. |
| ਫੁੱਲ ਦੀਆਂ ਪੱਤੀਆਂ ਦੀ ਗਿਣਤੀ | 1. .............. | 2. .............. | 3. .............. |

ਸੁਖਮਨ ਨੇ ਸਾਰੇ ਜਵਾਬ ਦੇਣ ਤੋਂ ਬਾਅਦ ਕਿਹਾ, "ਕੀ ਮੈਂ ਇਹ ਫੁੱਲ ਘਰ ਲੈ ਜਾਵਾਂ ?"

"ਨਾ-ਨਾ ਬੇਟਾ, ਫੁੱਲ ਤੋੜਨੇ ਨਹੀਂ ਚਾਹੀਦੇ, ਇਹ ਸਾਡੇ ਆਲ਼ੇ-ਦੁਆਲ਼ੇ ਦੀ ਖ਼ੂਬਸੂਰਤੀ ਵਧਾਉਂਦੇ ਹਨ।" ਸੁਖਮਨ ਨੂੰ ਸਮਝਾਇਆ।

ਫੁੱਲਾਂ ਨੂੰ ਦੇਖ ਰਹੇ ਇੱਕ ਹੋਰ ਆਦਮੀ ਨੇ ਸੁਖਮਨ ਨੂੰ ਕਿਹਾ, ਚੱਲ, ਤੈਨੂੰ ਫੁੱਲਾਂ ਬਾਰੇ ਇੱਕ ਕਵਿਤਾ ਸੁਣਾਵਾਂ।

ਰੰਗ ਬਰੰਗੇ ਫੁੱਲ, ਫੁੱਲਾਂ ਦੀਆਂ ਪੱਤੀਆਂ,
ਕੁਝ ਨੀਲੀਆਂ, ਪੀਲ਼ੀਆਂ ਤੇ ਕੁੱਝ ਚਿੱਟੀਆਂ।

ਸੁੱਕ ਜਾਣ ਛੇਤੀ ਜੇ ਫੁੱਲ ਹਾਂ ਤੋੜਦੇ,
ਵੇਲ, ਝਾੜੀ, ਰੁੱਖ 'ਤੇ ਰਹਿਣ ਸਦਾ ਮਹਿਕਦੇ।
ਕਈ ਖਿੜਦੇ ਧੁੱਪ ਵਿੱਚ, ਕੁੱਝ ਖਿੜਦੇ ਰਾਤ,
ਕਈ ਆਪਣੀ ਰੁੱਤ ਵਿੱਚ, ਕਈ ਸਾਰਾ ਸਾਲ।
ਮਹਿਕ ਮੁਫ਼ਤ ਵੰਡਣ, ਖਿੜ-ਖਿੜ ਹੱਸਕੇ,
ਰਹੋ ਹਮੇਸ਼ਾ ਬੱਚਿਓ ਤੁਸੀਂ ਵੀ ਹੱਸਦੇ।

ਕਵਿਤਾ ਸੁਣ ਕੇ ਅਸੀਂ ਖ਼ੁਸ਼ੀ-ਖ਼ੁਸ਼ੀ ਘਰ ਨੂੰ ਚੱਲ ਪਏ। ਦੁੱਖ ਨਿਵਾਰਨ ਗੁਰਦੁਆਰਾ ਸਾਹਿਬ ਕੋਲ਼ੋਂ ਲੰਘਦਿਆਂ ਹੀ ਸੁਖਮਨ ਰੁਕਣ ਲਈ ਕਹਿਣ ਲੱਗਾ।

**ਨਾਨਾ ਜੀ** : ਕੀ ਗੱਲ ਹੈ ?

**ਸੁਖਮਨ** : ਉਸ ਦੁਕਾਨ ਵੱਲ ਦੇਖੋ। ਉੱਥੇ ਕਿੰਨੇ ਫੁੱਲ ਹਨ! ਦੁਕਾਨ ਵਾਲੇ ਨੇ ਇੰਨੇ ਫੁੱਲ ਕਿਉਂ ਤੋੜੇ ਹਨ ? ਇਹ ਬੜੀ ਮਾੜੀ ਗੱਲ ਹੈ।

**ਨਾਨਾ ਜੀ** : ਬੇਟਾ, ਫੁੱਲ ਵੇਚਣ ਲਈ ਵੀ ਉਗਾਏ ਜਾਂਦੇ ਹਨ। ਕੁੱਝ ਲੋਕ ਫੁੱਲਾਂ ਦਾ ਵਪਾਰ ਕਰਦੇ ਹਨ। ਤੋੜੇ ਹੋਏ ਫੁੱਲ ਵੇਚੇ ਜਾਂਦੇ ਹਨ।

**ਸੁਖਮਨ** : ਪਰ ਲੋਕ ਇਹ ਫੁੱਲ ਖ਼ਰੀਦ ਕੇ ਕੀ ਕਰਦੇ ਹਨ ?

**ਨਾਨਾ ਜੀ** : ਪੂਜਾ ਕਰਨ ਲਈ, ਕਈ ਤਰ੍ਹਾਂ ਦੀ ਸਜਾਵਟ ਲਈ, ਹਾਰ ਬਣਾਉਣ ਲਈ, ਵਾਲ਼ਾਂ ਵਿੱਚ ਲਗਾਉਣ ਲਈ, ਗੁਲਦਸਤਾ ਬਣਾਉਣ ਲਈ ਆਦਿ। ਬੱਸ, ਹੁਣ ਬਹੁਤ ਹੋ ਗਿਆ, ਹੋਰ ਕੋਈ ਸਵਾਲ ਨਹੀਂ।

ਇਸ ਤਰ੍ਹਾਂ ਗੱਲਾਂ-ਬਾਤਾਂ ਕਰਦੇ ਸੁਖਮਨ, ਉਸਦੇ ਮੰਮੀ ਅਤੇ ਨਾਨਾ ਜੀ ਖ਼ੁਸ਼ੀ-ਖ਼ੁਸ਼ੀ ਘਰ ਪਰਤ ਆਏ।



## ਯਾਦ ਰੱਖਣ ਯੋਗ ਗੱਲਾਂ

- ਬਰੋਕਲੀ ਅਤੇ ਗੋਭੀ ਫੁੱਲ ਹਨ।
- ਫੁੱਲਾਂ ਤੋਂ ਇਤਰ, ਖ਼ੁਸ਼ਬੂਦਾਰ ਤੇਲ, ਰੰਗ ਆਦਿ ਤਿਆਰ ਕੀਤੇ ਜਾਂਦੇ ਹਨ।
- ਫੁੱਲ ਰੁੱਤ ਅਨੁਸਾਰ ਖਿੜਦੇ ਹਨ।
- ਕੁੱਝ ਫੁੱਲ ਪੌਦਿਆਂ ਨੂੰ, ਕੁੱਝ ਰੁੱਖਾਂ ਨੂੰ ਅਤੇ ਕੁੱਝ ਵੇਲਾਂ ਨੂੰ ਲੱਗਦੇ ਹਨ।



**4. ਸਹੀ ਸ਼ਬਦ ਚੁਣ ਕੇ ਖ਼ਾਲੀ ਥਾਂਵਾਂ ਭਰੋ :**

(ਰਸ, ਗੁਲਾਬ, ਫੁੱਲ, ਸੁਹਾਂਜਨੇ)

(ੳ) ਗੁਲਕੰਦ ................. ਦੇ ਫੁੱਲਾਂ ਤੋਂ ਬਣਦੀ ਹੈ।

(ਅ) ................... ਦੇ ਫੁੱਲਾਂ ਤੋਂ ਪਕੌੜੇ ਵੀ ਬਣਦੇ ਹਨ।

(ੲ) ਕੁੱਝ ................. ਤਾਂ ਕੇਵਲ ਰਾਤ ਵੇਲੇ ਹੀ ਖਿੜਦੇ ਹਨ।

(ਸ) ਸ਼ਹਿਦ ਦੀਆਂ ਮੱਖੀਆਂ ਅਤੇ ਤਿਤਲੀਆਂ ਫੁੱਲਾਂ ਤੋਂ .............. ਚੂਸਦੀਆਂ ਹਨ।

**5. ਸਹੀ ਵਾਕਾਂ ਅੱਗੇ (✓) ਅਤੇ ਗ਼ਲਤ ਵਾਕਾਂ ਅੱਗੇ (×) ਦਾ ਨਿਸ਼ਾਨ ਲਾਉ।**

(ੳ) ਕਚਨਾਰ ਅਤੇ ਕੇਲੇ ਦੇ ਫੁੱਲਾਂ ਤੋਂ ਸਬਜ਼ੀ ਵੀ ਬਣਦੀ ਹੈ। ☐

(ਅ) ਚਮੇਲੀ ਅਤੇ ਲਵੈਂਡਰ ਦੇ ਫੁੱਲਾਂ ਤੋਂ ਖ਼ੁਸ਼ਬੂਦਾਰ ਤੇਲ ਤਿਆਰ ਕੀਤਾ ਜਾਂਦਾ ਹੈ। ☐

(ੲ) ਫੁੱਲ ਹਮੇਸ਼ਾਂ ਹੀ ਖਿੜੇ ਰਹਿੰਦੇ ਹਨ। ☐

(ਸ) ਗੇਂਦੇ ਦਾ ਫੁੱਲ ਪਾਣੀ ਵਿੱਚ ਖਿੜਦਾ ਹੈ। ☐

**6. ਸਹੀ ਉੱਤਰ ਚੁਣ ਕੇ ਉਸ ਅੱਗੇ (✓) ਦਾ ਨਿਸ਼ਾਨ ਲਾਉ—**

(ੳ) ਕਿਹੜਾ ਫੁੱਲ ਪਾਣੀ ਵਿੱਚ ਖਿੜਦਾ ਹੈ ?

ਗੇਂਦਾ ☐ ਕਮਲ ☐ ਗੁਲਾਬ ☐

(ਅ) ਕਿਸ ਫੁੱਲ ਦੀ ਵਰਤੋਂ ਇਤਰ ਬਣਾਉਣ ਲਈ ਕੀਤੀ ਜਾਂਦੀ ਹੈ ?

ਕੇਲਾ ☐ ਬਰੋਕਲੀ ☐ ਗੁਲਾਬ ☐

(ੲ) ਦੇਸੀ ਅੱਕ ਦੇ ਫੁੱਲਾਂ ਤੋਂ ਕੀ ਬਣਦਾ ਹੈ ?

ਦਵਾਈ ☐ ਗੁਲਕੰਦ ☐ ਸਬਜ਼ੀ ☐

(ਸ) ਕਿਹੜਾ ਫੁੱਲ ਆਕਾਰ ਵਿੱਚ ਵੱਡਾ ਹੁੰਦਾ ਹੈ ?

ਗੇਂਦਾ ☐ ਨਿੰਮ ☐ ਕਿੱਕਰ ☐

ਪ੍ਰਸ਼ਨ 7. ਗੁਲਾਬ ਦੇ ਫੁੱਲ ਤੋਂ ਕੀ ਕੁੱਝ ਬਣਦਾ ਹੈ ?

.....................................................................................................

.....................................................................................................

ਪ੍ਰਸ਼ਨ 8. ਖ਼ੁਸ਼ਬੂਦਾਰ ਤੇਲ ਤਿਆਰ ਕਰਨ ਲਈ ਕਿਹੜੇ-ਕਿਹੜੇ ਫੁੱਲਾਂ ਦੀ ਵਰਤੋਂ ਕੀਤੀ ਜਾਂਦੀ ਹੈ ?

.....................................................................................................

.....................................................................................................

ਪ੍ਰਸ਼ਨ 9. ਫੁੱਲਾਂ ਨਾਲ਼ ਕਿਹੜੇ-ਕਿਹੜੇ ਮੌਕੇ ਸਜਾਵਟ ਕੀਤੀ ਜਾਂਦੀ ਹੈ ?

.....................................................................................................

.....................................................................................................

10. ਮਿਲਾਣ ਕਰੋ :-

| | |
|---|---|
| ਰਾਤ ਨੂੰ ਖਿੜਣ ਵਾਲਾ ਫੁੱਲ | ਗੁਲਮੋਹਰ |
| ਦਿਨ ਵੇਲੇ ਖਿੜਣ ਵਾਲਾ ਫੁੱਲ | ਝੁਮਕਾ |
| ਵੇਲ ਨੂੰ ਲੱਗਣ ਵਾਲੇ ਫੁੱਲ | ਲਿੱਲੀ |
| ਰੁੱਖ ਨੂੰ ਲੱਗਣ ਵਾਲੇ ਫੁੱਲ | ਰਾਤ ਦੀ ਰਾਣੀ |

*****

ਪਾਠ - 9



# ਰੁੱਖ ਦੇਣ ਸੁੱਖ

ਇੱਕ ਵਾਰ ਕਿਸੇ ਆਦਮੀ ਦਾ ਇੱਕ ਉਜਾੜ ਥਾਂ 'ਤੇ ਜਾ ਕੇ ਮੋਟਰਸਾਈਕਲ ਖ਼ਰਾਬ ਹੋ ਗਿਆ। ਜ਼ਿਆਦਾ ਗਰਮੀ ਅਤੇ ਤਿੱਖੀ ਧੁੱਪ ਹੋਣ ਕਾਰਨ ਤੁਰਨਾ ਔਖਾ ਹੋ ਗਿਆ। ਥੋੜ੍ਹੀ ਦੂਰ ਜਾ ਕੇ ਹੀ ਉਸਨੂੰ ਭੁੱਖ ਲੱਗ ਗਈ ਅਤੇ ਉਸਦਾ ਦਿਲ ਛਾਂਵੇ ਬੈਠਣ ਨੂੰ ਕਰਨ ਲੱਗਾ।

ਇੱਕ ਉਜਾੜ ਜਿਹੀ ਥਾਂ 'ਤੇ ਸ਼ਹਿਤੂਤ ਦੇ ਕੁੱਝ ਰੁੱਖ ਖੜ੍ਹੇ ਸਨ। ਉਨ੍ਹਾਂ ਥੱਲੇ ਅਰਾਮ ਕਰਕੇ ਸਾਰੀ ਉਸਦੀ ਥਕਾਵਟ ਦੂਰ ਹੋ ਗਈ। ਸ਼ਹਿਤੂਤ ਦੇ ਫਲ਼ (ਤੂਤੀਆਂ) ਖਾ ਕੇ ਭੁੱਖ ਵੀ ਮਿਟ ਗਈ।

ਨੇੜੇ ਹੀ ਬਹੁਤ ਸਾਰੇ ਮਲ੍ਹੇ ਅਤੇ ਬੇਰੀਆਂ ਵੀ ਲੱਗੀਆਂ ਸਨ। ਉਸ ਨੇ ਇਹਨਾਂ ਬੇਰੀਆਂ ਦੇ ਬੇਰ ਵੀ ਬੜੇ ਚਾਅ ਨਾਲ ਖਾਧੇ। ਉਹ ਸੋਚ ਰਿਹਾ ਸੀ 'ਇਹ ਤਾਂ ਕੁਦਰਤ ਦਾ ਕ੍ਰਿਸ਼ਮਾ ਹੈ। ਪਤਾ ਨਹੀਂ ਕਿਵੇਂ ਇਹਨਾਂ ਰੁੱਖਾਂ ਦੇ ਬੀਜ ਇੱਥੇ ਪਹੁੰਚ ਜਾਂਦੇ ਹਨ। ਇਹ ਜੰਗਲੀ ਰੁੱਖ ਆਪ ਹੀ ਉੱਗ ਪੈਂਦੇ ਹਨ। ਕੋਈ ਵੀ ਇਹਨਾਂ ਦੀ ਦੇਖਭਾਲ ਨਹੀਂ ਕਰਦਾ। ਸਾਡੇ ਲਈ ਇਹ ਪੌਦੇ ਬਹੁਤ ਲਾਭਦਾਇਕ ਹਨ। ਸਾਨੂੰ ਸਾਰਿਆਂ ਨੂੰ ਰੁੱਖਾਂ ਨਾਲ਼ ਦੋਸਤੀ ਕਰਨੀ ਚਾਹੀਦੀ ਹੈ।' ਉਸ ਨੂੰ ਇਹ ਰੁੱਖ ਬਹੁਤ ਹੀ ਪਿਆਰੇ ਲੱਗੇ। ਉਸ ਦੀ ਥਕਾਵਟ ਅਤੇ ਭੁੱਖ ਦੂਰ ਹੋ ਗਈ ਸੀ। ਉਹ ਸੋਚਣ ਲੱਗਾ 'ਤਾਂ ਹੀ ਸਿਆਣੇ ਬਜ਼ੁਰਗ ਕਹਿੰਦੇ ਹਨ ਕਿ ਸਾਨੂੰ ਵੱਧ ਤੋਂ ਵੱਧ ਰੁੱਖ ਲਾਉਣੇ ਚਾਹੀਦੇ ਹਨ ਅਤੇ ਉਹਨਾਂ ਦੀ ਸੰਭਾਲ਼ ਕਰਨੀ ਚਾਹੀਦੀ ਹੈ।'

ਸਾਡੇ ਘਰਾਂ, ਖੇਤਾਂ, ਸੜਕਾਂ ਅਤੇ ਪਾਰਕਾਂ ਆਦਿ ਵਿੱਚ ਲਾਏ ਗਏ ਰੁੱਖ, ਜਿਵੇਂ-ਬੋਹੜ, ਪਿੱਪਲ, ਅੰਬ, ਜਾਮਨ, ਅਮਲਤਾਸ, ਆਂਵਲਾ ਆਦਿ ਸਾਡੇ ਲਈ ਬਹੁਤ ਫਾਇਦੇਮੰਦ ਹਨ। ਇਹਨਾਂ ਨੂੰ ਘਰੇਲੂ ਪੌਦੇ ਕਿਹਾ ਜਾਂਦਾ ਹੈ। ਇਹਨਾਂ ਵਿੱਚੋਂ ਕੁੱਝ ਰੁੱਖਾਂ ਦੇ ਫਲ਼ ਮਨੁੱਖ ਖਾਂਦੇ ਹਨ ਅਤੇ ਕੁੱਝ ਦੇ ਜੰਤੂ।

**ਪ੍ਰਸ਼ਨ 1. ਤੁਸੀਂ ਆਪਣੇ ਆਲ਼ੇ-ਦੁਆਲ਼ੇ, ਖੇਤ, ਸਕੂਲ ਜਾਂ ਕਿਸੇ ਬਾਗ਼ ਵਿੱਚੋਂ ਰੁੱਖਾਂ ਤੋਂ ਤੋੜ ਕੇ ਜਾਂ ਰੁੱਖਾਂ ਹੇਠੋਂ ਚੁੱਕ ਕੇ ਫਲ਼ ਜ਼ਰੂਰ ਖਾਧੇ ਹੋਣਗੇ। ਅਜਿਹੇ ਰੁੱਖਾਂ ਦੇ ਨਾਮ ਲਿਖੋ।**

..........................................................................................

..........................................................................................

**ਕੰਮ ਦੀ ਗੱਲ :**

ਰੁੱਖ ਚਾਹੇ ਤੁਸੀਂ ਉਗਾਓ ਜਾਂ ਇਹ ਆਪਣੇ ਆਪ ਉੱਗੇ ਹੋਣ, ਇਹ ਕਿਸੇ ਨਾ ਕਿਸੇ ਤਰੀਕੇ ਮਨੁੱਖ ਦੀ ਮਦਦ ਕਰਦੇ ਹਨ। ਇਹਨਾਂ ਤੋਂ ਛਾਂ, ਫੁੱਲ, ਫਲ਼ ਅਤੇ ਲੱਕੜੀ ਮਿਲ਼ਦੀ ਹੈ। ਬਹੁਤ ਸਾਰੇ ਰੁੱਖਾਂ ਦੇ ਫਲ਼, ਫੁੱਲ, ਛਿੱਲੜ, ਪੱਤੇ, ਜੜ੍ਹਾਂ ਆਦਿ ਦਵਾਈਆਂ ਬਣਾਉਣ ਲਈ ਵਰਤੇ

ਜਾਂਦੇ ਹਨ। ਇਹ ਸਾਡੇ ਜਿਉਂਣ ਲਈ ਜ਼ਰੂਰੀ ਗੈਸ ਆਕਸੀਜਨ ਵੀ ਦਿੰਦੇ ਹਨ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਇਹ ਸਭ ਕੁਝ ਮੁਫ਼ਤ ਵਿੱਚ ਦਿੰਦੇ ਹਨ।

**ਕਿਰਿਆ-1 :** ਆਪਣੇ ਆਲ਼ੇ- ਦੁਆਲ਼ੇ ਦੇ ਕੁੱਝ ਰੁੱਖ ਧਿਆਨ ਨਾਲ਼ ਦੇਖੋ ਅਤੇ ਉੱਤਰ ਦੱਸੋ ? ਤੁਸੀਂ ਆਪਣੇ ਅਧਿਆਪਕ ਦੀ ਮਦਦ ਲੈ ਸਕਦੇ ਹੋ।

| ਲੜੀ ਨੰ. | ਰੁੱਖ ਦਾ ਨਾਂ | ਕੌਣ ਇਸ ਰੁੱਖ ਦੀ ਦੇਖਭਾਲ ਕਰਦਾ ਹੈ ? | ਇਸਦੇ ਫਲ਼ ਕੌਣ ਖਾਂਦਾ ਹੈ। | ਇਸ ਰੁੱਖ ਦੀਆਂ ਹੋਰ ਵਿਸ਼ੇਸ਼ਤਾਵਾਂ |
|---|---|---|---|---|
| 1 | | | | |
| 2 | | | | |
| 3 | | | | |
| 4 | | | | |
| 5 | | | | |

ਕੁੱਝ ਲੋਕ ਜੰਗਲਾਂ ਵਿੱਚ ਰਹਿੰਦੇ ਹਨ, ਇਹਨਾਂ ਨੂੰ ਆਦਿ-ਵਾਸੀ ਕਿਹਾ ਜਾਂਦਾ ਹੈ। ਇਹ ਜੰਗਲੀ ਰੁੱਖਾਂ ਤੋਂ ਮਿਲਣ ਵਾਲ਼ੇ ਫਲ਼ ਖਾਂਦੇ ਹਨ। ਇਹ ਲੋਕ ਆਪਣੇ ਆਸ-ਪਾਸ ਮਿਲਣ ਵਾਲ਼ੇ ਰੁੱਖਾਂ ਅਤੇ ਪੌਦਿਆਂ ਦੇ ਵੱਖ-ਵੱਖ ਭਾਗਾਂ ਦੀ ਵਰਤੋਂ ਦਵਾਈਆਂ ਵਜੋਂ ਵੀ ਕਰਦੇ ਹਨ। ਇਹਨਾਂ ਦਾ ਸਾਰਾ ਜੀਵਨ ਰੁੱਖਾਂ ਸਹਾਰੇ ਹੀ ਬੀਤਦਾ ਹੈ।



ਆਦਿ ਵਾਸੀ ਲੋਕ

ਫਿਰ ਉਸਨੇ ਆਪਣੀ ਕਾਪੀ ਕੱਢੀ ਅਤੇ ਪੰਜਾਬ ਦੇ ਕੁੱਝ ਜੰਗਲ਼ੀ ਰੁੱਖਾਂ ਦੀ ਸੂਚੀ ਤਿਆਰ ਕੀਤੀ :



ਟਾਹਲੀ



ਬਾਂਸ



ਕਿੱਕਰ



ਜੰਡ



ਫਲਾਹੀ



ਕਰੀਰ




ਖੈਰ


ਪੰਜਾਬ ਦੇ ਜੰਗਲਾਂ ਵਿੱਚ ਮਿਲ਼ਣ ਵਾਲੇ ਕੁੱਝ ਪੌਦੇ ਟਾਹਲੀ, ਬਾਂਸ, ਕਿੱਕਰ, ਜੰਡ, ਫਲਾਹੀ, ਕਰੀਰ ਅਤੇ ਖੈਰ।

**ਪੰਜਾਬ ਦਾ ਰਾਜ ਰੁੱਖ ਟਾਹਲੀ ਹੈ।**

ਉਸ ਨੇ ਸੋਚਿਆ ਕਿ ਇਹਨਾਂ ਵਿੱਚੋਂ ਬਹੁਤ ਸਾਰੇ ਦਰੱਖ਼ਤ ਤਾਂ ਸਾਡੇ ਆਸ-ਪਾਸ ਵੀ ਮਿਲ਼ ਜਾਂਦੇ ਹਨ।

## 2. ਦਿਮਾਗੀ ਕਸਰਤ :




### ਕੀ ਤੁਸੀਂ ਜਾਣਦੇ ਹੋ ?

2011 ਦੇ ਸਰਵੇਖਣ ਅਨੁਸਾਰ ਪੰਜਾਬ ਦੀ ਧਰਤੀ ਉੱਪਰ ਪੰਜਾਬ ਰਾਜ ਦਾ ਜੰਗਲ਼ਾਤ ਖੇਤਰ 3315 ਵਰਗ ਕਿ:ਮੀ: ਹੈ, ਜੋ ਕਿ ਰਾਜ ਦੇ ਭੂਗੋਲਿਕ ਖੇਤਰ ਦਾ 6.5% ਹੈ। ਅਸੀਂ ਆਪਣੇ ਸੁਆਰਥ ਲਈ ਜੰਗਲ਼ਾਂ ਦੀ ਕਟਾਈ ਕਰਕੇ ਵਾਤਾਵਰਨ ਨੂੰ ਨੁਕਸਾਨ ਪਹੁੰਚਾਇਆ ਹੈ। ਇਸ ਕਾਰਨ ਜੰਗਲ਼ੀ ਜੀਵਾਂ ਦੀ ਹੋਂਦ ਲਈ ਵੀ ਖ਼ਤਰਾ ਵਧਿਆ ਹੈ। ਅਸੀਂ ਇਸ ਘਾਟੇ ਨੂੰ ਵੱਧ ਤੋਂ ਵੱਧ ਰੁੱਖ ਲਗਾ ਕੇ ਅਤੇ ਉਨ੍ਹਾਂ ਦੀ ਸਾਂਭ-ਸੰਭਾਲ ਕਰਕੇ ਪੂਰਾ ਕਰ ਸਕਦੇ ਹਾਂ।

**ਆਓ ਇੱਕ ਰੌਚਕ ਕਹਾਣੀ ਪੜ੍ਹੀਏ—**

## ਨਿੰਮ ਰਾਣੀ

ਪਿੰਡ ਦੇ ਪੰਚਾਇਤ ਘਰ ਵਿੱਚ ਪੰਚਾਇਤ ਸਮੇਤ ਪਿੰਡ ਦੇ ਬਹੁਤ ਸਾਰੇ ਲੋਕ ਇਕੱਠੇ ਹੋ ਚੁੱਕੇ ਸਨ। ਨਵੀਂ ਬਣਾਈ ਜਾਣ ਵਾਲੀ ਧਰਮਸ਼ਾਲਾ ਲਈ ਪੈਸਿਆਂ ਦਾ ਪ੍ਰਬੰਧ ਕੀਤਾ ਜਾਣਾ ਸੀ। ਸਾਰਿਆਂ ਦੀ ਸਹਿਮਤੀ ਨਾਲ਼ ਮੁੱਖ ਸੜਕ ਨਾਲ਼ ਲਗਦੀ ਪੰਚਾਇਤੀ ਜ਼ਮੀਨ ਧਰਮਸ਼ਾਲਾ ਦੇ ਨਿਰਮਾਣ ਲਈ ਦੇਣ ਦਾ ਫ਼ੈਸਲਾ ਕੀਤਾ ਗਿਆ।

ਇਸ ਫ਼ੈਸਲੇ ਤੋਂ ਪੂਰਾ ਪਿੰਡ ਖ਼ੁਸ਼ ਸੀ। ਪੰਚਾਇਤ ਵੱਲੋਂ ਕੀਤੇ ਗਏ ਇਕ ਹੋਰ ਫ਼ੈਸਲੇ ਨਾਲ਼ ਬਾਰਵ੍ਹੀਂ ਵਿੱਚ ਪੜ੍ਹਦੀ ਰਾਣੀ ਸਮੇਤ ਕੁੱਝ ਕੁੜੀਆਂ ਖ਼ੁਸ਼ ਨਹੀਂ ਸਨ। ਦੂਸਰੇ ਫ਼ੈਸਲੇ ਅਨੁਸਾਰ ਇਸ ਜ਼ਮੀਨ ਵਿੱਚ ਲੱਗੀ ਬਹੁਤ ਪੁਰਾਣੀ ਅਤੇ ਵੱਡੀ ਨਿੰਮ ਨੂੰ ਕੱਟ ਦਿੱਤਾ ਜਾਣਾ ਸੀ ਕਿਉਂਕਿ ਇਸ ਦੀ ਲੱਕੜ ਤੋਂ ਧਰਮਸ਼ਾਲਾ ਵਿੱਚ ਬੈਠਣ ਲਈ ਬੈਂਚ ਤਿਆਰ ਕੀਤੇ ਜਾਣੇ ਸਨ। ਇਹ ਨਿੰਮ ਏਨੀ ਕੁ ਫੈਲੀ ਹੋਈ ਸੀ ਕਿ ਇਸ ਉੱਪਰ ਇਕੱਠੀਆਂ ਚਾਰ-ਪੀਂਘਾਂ ਪੈ ਜਾਂਦੀਆਂ ਸਨ। ਰਾਣੀ ਨੇ ਆਪਣੇ ਬਚਪਨ ਵਿੱਚ ਇਸ ਨਿੰਮ ਉੱਪਰ ਬਹੁਤ ਵਾਰ ਪੀਂਘ ਝੂਟੀ ਸੀ। ਇਸ ਨਿੰਮ ਥੱਲੇ ਲੰਘੇ ਹੋਏ ਤੀਆਂ ਦੇ ਦਿਨ ਤਾਂ ਸਾਰੀ ਜ਼ਿੰਦਗੀ ਯਾਦ ਰਹਿਣ ਵਾਲੇ ਸਨ।ਪੂਰੀ ਰਾਤ ਰਾਣੀ ਨੇ ਇਹ ਸੋਚਦਿਆਂ ਲੰਘਾਅ ਦਿੱਤੀ ਕਿ ਕੱਲ੍ਹ ਨੂੰ ਇਸ ਨਿੰਮ ਨੂੰ ਕੱਟਣ ਤੋਂ ਕਿਵੇਂ ਬਚਾਇਆ ਜਾਵੇ।ਦੂਸਰੇ ਦਿਨ ਸਵੇਰੇ ਹੀ ਉਹ ਕੁੱਝ



ਨਿੰਮ ਦਾ ਰੁੱਖ

ਸਹੇਲੀਆਂ ਨੂੰ ਨਾਲ਼ ਲੈ ਕੇ ਨਿੰਮ ਕੋਲ਼ ਪਹੁੰਚ ਗਈ। ਸਰਪੰਚ ਅਤੇ ਨਿੰਮ ਨੂੰ ਕੱਟਣ ਵਾਲੇ ਮਜ਼ਦੂਰ ਵੀ ਪਹੁੰਚ ਚੁੱਕੇ ਸਨ। ਰਾਣੀ ਨੇ ਸਰਪੰਚ ਨੂੰ ਬੇਨਤੀ ਕੀਤੀ ਕਿ ਇਸ ਨਿੰਮ ਨੂੰ ਨਾ ਕੱਟਿਆ ਜਾਵੇ। ਸਰਪੰਚ ਨੇ ਮਜ਼ਬੂਰੀ ਦੱਸਦਿਆਂ ਕਿਹਾ ਕਿ ਉਹਨਾਂ ਕੋਲ਼ ਬੈਂਚ ਖ਼ਰੀਦਣ ਲਈ ਪੈਸੇ ਨਹੀਂ ਹਨ। ਰਾਣੀ ਨੇ ਆਪਣੇ ਕੰਨਾਂ ਤੋਂ ਸੋਨੇ ਦੀਆਂ ਵਾਲ਼ੀਆਂ ਉਤਾਰ ਕੇ ਸਰਪੰਚ ਦੇ ਹੱਥ ਉੱਪਰ ਰੱਖਦਿਆਂ ਕਿਹਾ, "ਤੁਸੀਂ ਇਹਨਾਂ ਨੂੰ ਵੇਚ ਕੇ ਬੈਂਚ ਬਣਾ ਲੈਣਾ। ਅਸੀਂ ਰਲ਼ ਮਿਲ਼ ਕੇ ਹੋਰ ਪੈਸੇ ਵੀ ਇਕੱਠੇ ਕਰ ਦੇਵਾਂਗੀਆਂ। ਬੈਂਚ ਤਾਂ ਬਜ਼ਾਰ ਵਿੱਚੋਂ ਵੀ ਖ਼ਰੀਦੇ ਜਾ ਸਕਦੇ ਹਨ ਪਰ ਇਸ ਨਿੰਮ ਤੋਂ ਮਿਲਣ ਵਾਲ਼ੀ ਛਾਂ, ਪੰਛੀਆਂ ਲਈ ਆਸਰਾ ਅਤੇ ਸਾਡੇ ਜਿਊਣ ਲਈ ਜ਼ਰੂਰੀ ਆਕਸੀਜਨ ਕਿਸੇ ਵੀ ਦੁਕਾਨ ਤੋਂ ਨਹੀਂ ਮਿਲ਼ੇਗੀ।" ਇਹ ਕਹਿੰਦਿਆਂ ਰਾਣੀ ਦੀਆਂ ਅੱਖਾਂ ਭਰ ਆਈਆਂ। ਉਸ ਦੀਆਂ ਸਹੇਲੀਆਂ ਨੇ ਇਕੱਠੇ ਕੀਤੇ ਹੋਏ ਕੁੱਝ ਪੈਸੇ ਸਰਪੰਚ ਨੂੰ ਦੇ ਦਿੱਤੇ। ਨਿੰਮ ਪ੍ਰਤੀ ਇਹਨਾਂ ਬੱਚੀਆਂ ਦੇ ਪਿਆਰ ਨੂੰ ਦੇਖਦਿਆਂ ਸਰਪੰਚ ਨੇ ਨਿੰਮ ਨਾ ਕੱਟਣ ਦਾ ਫ਼ੈਸਲਾ ਕੀਤਾ। ਰਾਣੀ ਦੀਆਂ ਵਾਲ਼ੀਆਂ ਅਤੇ ਬੱਚੀਆਂ ਦੇ ਪੈਸੇ ਵੀ ਵਾਪਸ ਕਰ ਦਿੱਤੇ। ਰਾਣੀ ਦੇ ਇਸ ਸਿਆਣਪ ਭਰੇ ਕਦਮ ਤੋਂ ਪਿੰਡ ਦੇ ਲੋਕ ਬਹੁਤ ਖ਼ੁਸ਼ ਸਨ। ਪਿੰਡ ਵਾਸੀਆਂ ਨੇ ਰਾਣੀ ਦਾ ਨਾਂ ਨਿੰਮ ਨਾਲ਼ ਜੋੜਦਿਆਂ ਇਸ ਨਿੰਮ ਦਾ ਨਾਂ 'ਨਿੰਮ ਰਾਣੀ' ਰੱਖ ਦਿੱਤਾ।



## ਯਾਦ ਰੱਖਣ ਯੋਗ ਗੱਲਾਂ

- ਰੁੱਖ ਉਗਾਏ ਵੀ ਜਾਂਦੇ ਹਨ ਅਤੇ ਖ਼ੁਦ ਵੀ ਉੱਗਦੇ ਹਨ।
- ਰੁੱਖ ਸਾਨੂੰ ਫਲ਼, ਛਾਂ, ਆਕਸੀਜਨ, ਲੱਕੜੀ ਆਦਿ ਦਿੰਦੇ ਹਨ।
- ਰੁੱਖਾਂ ਦੇ ਬਹੁਤ ਸਾਰੇ ਹਿੱਸਿਆਂ ਦੀ ਵਰਤੋਂ ਦਵਾਈਆਂ ਵਿੱਚ ਹੁੰਦੀ ਹੈ।
- ਸਾਰਿਆਂ ਨੂੰ ਰੁੱਖਾਂ ਨਾਲ਼ ਸਾਂਝ ਪਾਉਣੀ ਚਾਹੀਦੀ ਹੈ।



3. **ਖ਼ਾਲੀ ਥਾਂਵਾਂ ਭਰੋ :**

(ਆਕਸੀਜਨ, ਦਵਾਈਆਂ, ਰੁੱਖਾਂ, ਸ਼ਹਿਤੂਤ)

(ੳ) ਉਜਾੜ ਜਿਹੀ ਥਾਂ 'ਤੇ ................ ਦੇ ਰੁੱਖ ਖੜ੍ਹੇ ਹੋਏ ਸਨ।

(ਅ) ਰੁੱਖ ਸਾਡੇ ਜਿਊਣ ਲਈ ਜ਼ਰੂਰੀ ਗੈਸ ................ ਦਿੰਦੇ ਹਨ।

(ੲ) ਆਦਿ-ਵਾਸੀਆਂ ਦਾ ਪੂਰਾ ਜੀਵਨ ............... ਸਹਾਰੇ ਹੀ ਬੀਤਦਾ ਹੈ।

(ਸ) ਪੌਦਿਆਂ ਦੇ ਵੱਖ-ਵੱਖ ਭਾਗਾਂ ਦੀ ਵਰਤੋਂ ............... ਵਿੱਚ ਕੀਤੀ ਜਾਂਦੀ ਹੈ।

**4. ਸਹੀ (✓) ਅਤੇ ਗਲਤ (×) ਦਾ ਨਿਸ਼ਾਨ ਲਾਓ।**

(ੳ) ਸਾਨੂੰ ਵੱਧ ਤੋਂ ਵੱਧ ਰੁੱਖ ਲਾਉਣੇ ਚਾਹੀਦੇ ਹਨ। ☐

(ਅ) ਰੁੱਖਾਂ ਤੋਂ ਮਿਲਣ ਵਾਲ਼ੀ ਛਾਂ ਕਿਸੇ ਦੁਕਾਨ ਤੋਂ ਵੀ ਮਿਲ਼ ਜਾਵੇਗੀ। ☐

(ੲ) ਰਾਣੀ ਦੀ ਸਿਆਣਪ ਨਾਲ਼ ਨਿੰਮ ਦਾ ਦਰੱਖ਼ਤ ਕੱਟਿਆ ਗਿਆ। ☐

(ਸ) ਅਸੀਂ ਰੁੱਖਾਂ ਦੀ ਕਟਾਈ ਕਰਕੇ ਵਾਤਾਵਰਨ ਨੂੰ ਨੁਕਸਾਨ ਪਹੁੰਚਾਇਆ ਹੈ। ☐

(ਹ) ਸਾਰਿਆਂ ਨੂੰ ਰੁੱਖਾਂ ਨਾਲ਼ ਦੋਸਤੀ ਕਰਨੀ ਚਾਹੀਦੀ ਹੈ। ☐

**ਪ੍ਰਸ਼ਨ 5. ਰੁੱਖਾਂ ਤੋਂ ਕੀ-ਕੀ ਮਿਲ਼ਦਾ ਹੈ ?**

..........................................................................................

..........................................................................................

**ਪ੍ਰਸ਼ਨ 5. ਆਦਿ-ਵਾਸੀ ਕਿੰਨ੍ਹਾਂ ਨੂੰ ਕਿਹਾ ਜਾਂਦਾ ਹੈ ?**

..........................................................................................

..........................................................................................

**ਪ੍ਰਸ਼ਨ 7. ਤੂਤੀਆਂ ਕਿਸ ਰੁੱਖ ਦਾ ਫਲ਼ ਹੈ ?**

..........................................................................................

..........................................................................................

*****

ਪਾਠ - 10

# ਖੇਤ ਤੋਂ ਘਰ ਤੱਕ

ਅਸੀਂ ਸਕੂਲ ਵਿੱਚ ਰਲ਼-ਮਿਲ਼ ਕੇ ਦੁਪਹਿਰ ਦਾ ਭੋਜਨ ਖਾਂਦੇ ਹਾਂ। ਅੱਜ ਵੀ ਦੁਪਹਿਰ ਦੇ ਖਾਣੇ ਵਿੱਚ ਸਬਜ਼ੀ ਬਹੁਤ ਸਵਾਦ ਬਣੀ ਹੋਈ ਸੀ। ਇਸ ਵਿੱਚੋਂ ਆਉਂਦੀ ਸੁਗੰਧ ਲੈ ਕੇ ਲਖਵੀਰ ਨੇ ਅਧਿਆਪਕ ਤੋਂ ਪੁੱਛਿਆ ਕਿ ਇਹ ਕਿਸ ਦੀ ਸੁਗੰਧ ਹੈ?

**ਅਧਿਆਪਕ :** ਬੇਟਾ, ਇਹ ਸੁਗੰਧ ਸਬਜ਼ੀ ਵਿੱਚ ਪਾਏ ਹੋਏ ਮਸਾਲਿਆਂ ਕਾਰਨ ਆ ਰਹੀ ਹੈ।

**ਲਖਵੀਰ :** ਸਰ, ਇਹ ਮਸਾਲੇ ਕੀ ਹੁੰਦੇ ਹਨ?

**ਅਧਿਆਪਕ :** ਬੇਟਾ, ਇਹ ਮਸਾਲੇ ਵੱਖ-ਵੱਖ ਸੁਗੰਧ ਦੇਣ ਵਾਲੇ ਪੌਦਿਆਂ ਦੇ ਬੀਜ, ਪੱਤੇ, ਛਿੱਲ ਅਤੇ ਜੜ੍ਹਾਂ ਹੁੰਦੀਆਂ ਹਨ। ਇਹ ਸਾਡੇ ਭੋਜਨ ਨੂੰ ਰੰਗ ਅਤੇ ਸੁਗੰਧ ਦਿੰਦੇ ਹਨ। ਇਹ ਭੋਜਨ ਨੂੰ ਸੁਆਦ ਵੀ ਬਣਾਉਂਦੇ ਹਨ। ਇਸ ਤੋਂ ਇਲਾਵਾ ਕੁੱਝ ਮਸਾਲਿਆਂ ਦੀ ਵਰਤੋਂ ਕਈ ਬਿਮਾਰੀਆਂ ਦੇ ਇਲਾਜ ਲਈ ਵੀ ਕੀਤੀ ਜਾਂਦੀ ਹੈ। ਹਲਦੀ ਜ਼ਖਮਾਂ ਨੂੰ ਠੀਕ ਕਰਨ ਲਈ ਅਤੇ ਲੌਂਗਾਂ ਦਾ ਤੇਲ ਦੰਦ ਦੇ ਦਰਦ ਨੂੰ ਦੂਰ ਕਰਨ ਲਈ ਵਰਤਿਆ ਜਾਂਦਾ ਹੈ। ਹਲਦੀ, ਧਨੀਆ, ਮੇਥੀ, ਸਰ੍ਹੋਂ, ਸੁੰਢ, ਰਾਈ, ਅਜਵੈਣ ਅਤੇ ਮਿਰਚਾਂ ਵਰਗੇ ਮਸਾਲਿਆਂ ਨੂੰ ਅਸੀਂ ਆਮ ਤੌਰ 'ਤੇ ਖੇਤਾਂ ਵਿੱਚ ਉਗਾ ਲੈਂਦੇ ਹਾਂ। ਫਿਰ ਇਹਨਾਂ ਨੂੰ ਬਰੀਕ ਪੀਸ ਕੇ ਥੋੜ੍ਹੀ-ਥੋੜ੍ਹੀ ਮਾਤਰਾ ਵਿੱਚ ਵਰਤਦੇ ਹਾਂ।

ਲੌਂਗ, ਕਾਲ਼ੀ ਮਿਰਚ, ਜੀਰਾ, ਕੜ੍ਹੀ ਪੱਤਾ, ਇਲਾਇਚੀ ਅਤੇ ਦਾਲ਼-ਚੀਨੀ ਵਰਗੇ ਮਸਾਲੇ ਦੱਖਣੀ ਭਾਰਤ ਵਿੱਚ ਪੈਦਾ ਹੁੰਦੇ ਹਨ।


ਧਨੀਆ


ਹਲਦੀ ਦਾ ਪੌਦਾ


ਵੱਖ-ਵੱਖ ਮਸਾਲੇ

| | |
|---|---|
| ਕਿਰਿਆ-1 : | ਕੁੱਝ ਮਸਾਲਿਆਂ ਨੂੰ ਮੇਜ਼ ਉੱਪਰ ਰੱਖ ਕੇ ਵਿਦਿਆਰਥੀਆਂ ਨੂੰ ਅੱਖਾਂ ਬੰਦ ਕਰਕੇ ਸੁਗੰਧ ਅਤੇ ਸੁਆਦ ਨਾਲ਼ ਪਹਿਚਾਣ ਕਰਨ ਲਈ ਕਹੋ। |
| | ਸੁਗੰਧ ਨਾਲ਼........................................................... |
| | ਸੁਆਦ ਨਾਲ਼........................................................... |
| ਕਿਰਿਆ- 2 : | ਤੁਹਾਡੇ ਘਰ ਵਿੱਚ ਕਿਹੜੇ-ਕਿਹੜੇ ਮਸਾਲੇ ਵਰਤੇ ਜਾਂਦੇ ਹਨ ? ਆਪਣੇ ਮੰਮੀ ਜੀ ਦੀ ਸਹਾਇਤਾ ਨਾਲ਼ ਲਿਖੋ ? |
| | ........................................................................ |

**ਸ਼ੰਕਰ** : ਸਰ, ਮੇਰੇ ਮਾਤਾ ਜੀ ਤਾਂ ਸਾਰੇ ਮਸਾਲਿਆਂ ਨੂੰ ਰਲ਼ਾ ਕੇ ਗਰਮ-ਮਸਾਲਾ ਤਿਆਰ ਕਰ ਲੈਂਦੇ ਹਨ। ਸਬਜ਼ੀ ਵਿੱਚ ਤਾਂ ਤੇਲ ਦੀ ਵੀ ਵਰਤੋਂ ਹੁੰਦੀ ਹੈ। ਕੀ ਇਹ ਵੀ ਖੇਤਾਂ ਵਿੱਚ ਹੀ ਤਿਆਰ ਕੀਤਾ ਜਾਂਦਾ ਹੈ ?

ਸ਼ੰਕਰ ਦੀ ਗੱਲ ਸੁਣ ਕੇ ਅਧਿਆਪਕ ਸਾਨੂੰ ਸਾਰਿਆਂ ਨੂੰ ਨਾਲ਼ ਲੱਗਦੇ ਖੁਸ਼ਮਨ ਦੇ ਖੇਤ ਵਿੱਚ ਲੈ ਕੇ ਗਏ। ਖੁਸ਼ਮਨ ਦੇ ਪਿਤਾ ਜੀ ਕਿਸਾਨ ਹਨ। ਸਾਰੇ ਵਿਦਿਆਰਥੀਆਂ ਨੇ ਉਸਦੇ ਪਿਤਾ ਜੀ ਨੂੰ ਸਤਿ ਸ੍ਰੀ ਅਕਾਲ ਬੁਲਾਈ। ਅਧਿਆਪਕ ਨੇ ਉਸਦੇ ਪਿਤਾ ਜੀ ਨਾਲ਼ ਕੁੱਝ ਚਰਚਾ ਕੀਤੀ।

ਅਧਿਆਪਕ ਨੇ ਸਰ੍ਹੋਂ ਦੀਆਂ ਫਲ਼ੀਆਂ ਵਿੱਚੋਂ ਕੁੱਝ ਦਾਣੇ ਕੱਢ ਕੇ ਦਿਖਾਉਂਦਿਆਂ ਗੱਲ ਅੱਗੇ ਸ਼ੁਰੂ ਕੀਤੀ।

**ਅਧਿਆਪਕ** : ਅਸੀਂ ਖਾਣਾ ਬਣਾਉਣ ਲਈ ਕਈ ਤਰ੍ਹਾਂ ਦੇ ਤੇਲਾਂ ਦੀ ਵਰਤੋਂ ਕਰਦੇ ਹਾਂ। ਸਰ੍ਹੋਂ ਦੇ ਦਾਣਿਆਂ ਤੋਂ ਕੋਹਲੂ ਰਾਹੀਂ ਤੇਲ ਕੱਢਿਆ ਜਾਂਦਾ ਹੈ।ਇਸ ਤੋਂ ਇਲਾਵਾ ਮੂੰਗਫਲੀ, ਸੋਇਆਬੀਨ, ਸੂਰਜਮੁਖੀ, ਤਿਲ, ਨਾਰੀਅਲ ਅਤੇ ਜੈਤੂਨ ਆਦਿ ਦਾ ਤੇਲ ਵੀ ਮਿਲ਼ ਜਾਂਦਾ ਹੈ।

**ਰਮਨਦੀਪ** : ਕੀ ਅਸੀਂ ਸਾਰੇ ਕਣਕ ਅਤੇ ਚਾਵਲ ਹੀ ਖਾਂਦੇ ਹਾਂ ?

**ਅਧਿਆਪਕ** : ਰਮਨਦੀਪ ਬੇਟਾ, ਕਣਕ ਅਤੇ ਚਾਵਲ ਤਾਂ ਮੁੱਖ ਅਨਾਜ ਹਨ। ਸਾਡੇ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਇਹਨਾਂ ਤੋਂ ਵੱਖ-ਵੱਖ ਤਰ੍ਹਾਂ ਦੇ ਭੋਜਨ ਬਣਾਏ ਜਾਂਦੇ ਹਨ। ਕਣਕ ਨੂੰ ਪੀਸ ਕੇ ਆਟਾ ਬਣਾਇਆ ਜਾਂਦਾ ਹੈ। ਫਿਰ ਆਟੇ ਤੋਂ ਰੋਟੀਆਂ, ਪੂਰੀਆਂ, ਮੱਠੀਆਂ ਅਤੇ ਬਰੈੱਡ ਆਦਿ ਬਣਾਏ ਜਾਂਦੇ ਹਨ। ਕਣਕ ਅਤੇ ਚਾਵਲ ਤੋਂ ਇਲਾਵਾ ਬਾਜਰਾ, ਜੌਂ ਅਤੇ ਮੱਕੀ ਵੀ ਅਨਾਜ ਹੀ ਹਨ। ਅਨਾਜ ਦੇ ਨਾਲ਼-ਨਾਲ਼ ਅਸੀਂ ਦਾਲਾਂ ਦੇ ਰੂਪ ਵਿੱਚ ਛੋਲੇ, ਮੂੰਗੀ, ਰਾਜਮਾਂਹ, ਮੋਠ ਅਤੇ ਮਾਂਹ ਆਦਿ ਖਾਂਦੇ ਹਾਂ।

| | |
|---|---|
| ਕਿਰਿਆ 3. | ਤੁਹਾਡੇ ਘਰ ਵਿੱਚ ਕਿਹੜੇ-ਕਿਹੜੇ ਅਨਾਜ, ਦਾਲਾਂ ਅਤੇ ਖਾਣ ਵਾਲ਼ੇ ਤੇਲ ਵਰਤੇ ਜਾਂਦੇ ਹਨ ? ਆਪਣੇ ਮੰਮੀ ਜੀ ਦੀ ਸਹਾਇਤਾ ਨਾਲ਼ ਲਿਖੋ ? |

ਅਨਾਜ..........................................................

ਦਾਲ਼ਾਂ ..........................................................

ਤੇਲ..........................................................

(ਇਸੇ ਦੌਰਾਨ ਖੁਸ਼ਮਨ ਦੇ ਪਿਤਾ ਜੀ ਨੇ ਸਾਰੇ ਬੱਚਿਆਂ ਨੂੰ ਬਾਗ ਵਿੱਚੋਂ ਤੋੜ ਕੇ ਤਾਜ਼ੇ ਕਿੰਨੂ ਖਾਣ ਲਈ ਦਿੱਤੇ।)

**ਕਿਰਨ** : ਅੰਕਲ, ਇਹ ਕਿੰਨੂ ਤਾਂ ਮੇਰੇ ਮਾਤਾ ਜੀ ਨੇ ਸਵੇਰੇ-ਸਵੇਰੇ ਰੇੜ੍ਹੀ ਵਾਲੇ ਤੋਂ ਖ਼ਰੀਦੇ ਹਨ। ਉਸ ਕੋਲ਼ ਇਹ ਕਿੰਨੂ ਕਿਵੇਂ ਪਹੁੰਚਦੇ ਹਨ ?

**ਅਧਿਆਪਕ** : ਬੱਚਿਓ ! ਅੱਜ ਸਾਨੂੰ ਫ਼ਸਲਾਂ ਨੂੰ ਉਗਾਉਣ ਤੋਂ ਲੈ ਕੇ ਸਾਡੇ ਘਰ ਪਹੁੰਚਣ ਤੱਕ ਦੇ ਸਫ਼ਰ ਬਾਰੇ ਜਾਣਕਾਰੀ ਖੁਸ਼ਮਨ ਦੇ ਪਿਤਾ ਜੀ ਦੇਣਗੇ।

**ਪਿਤਾ ਜੀ** : ਬੇਟਾ, ਵੱਖ-ਵੱਖ ਕਿਸਾਨ ਆਪਣੀ ਜ਼ਮੀਨ ਅਤੇ ਲੋੜ ਅਨੁਸਾਰ ਖੇਤਾਂ ਵਿੱਚ ਅਨਾਜ, ਦਾਲ਼ਾਂ, ਫਲ਼ ਅਤੇ ਸਬਜ਼ੀਆਂ ਪੈਦਾ ਕਰਦੇ ਹਨ।

ਸਭ ਤੋਂ ਪਹਿਲਾਂ ਖੇਤ ਨੂੰ ਟਰੈਕਟਰ ਜਾਂ ਬਲਦਾਂ ਦੀ ਮਦਦ ਨਾਲ ਚੰਗੀ ਤਰ੍ਹਾਂ ਵਾਹ ਕੇ ਬਿਜਾਈ ਲਈ ਤਿਆਰ ਕਰ ਲਿਆ ਜਾਂਦਾ ਹੈ। ਫਿਰ ਮੌਸਮ ਅਨੁਸਾਰ ਅਸੀਂ ਫ਼ਸਲਾਂ ਬੀਜਦੇ ਹਾਂ। ਸਾਉਣੀ ਦੀ ਫ਼ਸਲ ਵਿੱਚ ਚਾਵਲ ਲਗਾਏ ਜਾਂਦੇ ਹਨ ਅਤੇ ਹਾੜ੍ਹੀ ਦੀ ਫ਼ਸਲ ਵਿੱਚ ਕਣਕ ਦੀ ਬਿਜਾਈ ਕੀਤੀ ਜਾਂਦੀ ਹੈ।

ਖੇਤਾਂ ਵਿੱਚ ਬੀਜ ਬੀਜਣ ਦੇ ਨਾਲ਼-ਨਾਲ਼ ਖਾਦ ਵੀ ਪਾਈ ਜਾਂਦੀ ਹੈ ਤਾਂ ਜੋ ਫ਼ਸਲ ਦੀ ਪੈਦਾਵਾਰ ਜ਼ਿਆਦਾ ਹੋ ਸਕੇ। ਫ਼ਸਲ ਨੂੰ ਸੋਕੇ ਤੋਂ ਬਚਾਉਣ ਲਈ ਸਮੇਂ-ਸਮੇਂ ਤੇ ਪਾਣੀ ਵੀ ਲਾਇਆ ਜਾਂਦਾ ਹੈ। ਸਮੇਂ-ਸਮੇਂ ਤੇ ਫ਼ਸਲ ਨੂੰ ਕੀਟਾਂ ਤੋਂ ਬਚਾਉਣ ਲਈ ਕੀਟਨਾਸ਼ਕ ਅਤੇ ਵਾਧੂ ਪੌਦਿਆਂ ਦੀ ਰੋਕਥਾਮ ਲਈ ਨਦੀਨ-ਨਾਸ਼ਕ ਦਵਾਈਆਂ ਛਿੜਕੀਆਂ ਜਾਂਦੀਆਂ ਹਨ।

ਲੱਗਭਗ ਛੇ ਮਹੀਨਿਆਂ ਵਿੱਚ ਫ਼ਸਲ ਪੱਕ ਕੇ ਤਿਆਰ ਹੋ ਜਾਂਦੀ ਹੈ। ਫਿਰ ਥਰੈਸ਼ਰ ਜਾਂ ਕੰਬਾਈਨ ਦੀ ਵਰਤੋਂ ਕਰਕੇ ਇਸ ਵਿੱਚੋਂ ਦਾਣੇ ਕੱਢ ਲਏ ਜਾਂਦੇ ਹਨ। ਸਬਜ਼ੀਆਂ ਅਤੇ ਫ਼ਲਾਂ ਨੂੰ ਹੱਥਾਂ ਨਾਲ ਤੋੜ ਲਿਆ ਜਾਂਦਾ ਹੈ।



ਕੰਬਾਈਨ



ਪੱਕੇ ਹੋਏ ਫਲ਼

ਬੇਟਾ! ਕਣਕ, ਚਾਵਲ ਅਤੇ ਦਾਲ਼ਾਂ ਨੂੰ ਟਰਾਲੀ ਵਿੱਚ ਪਾ ਕੇ ਮੰਡੀ ਵਿੱਚ ਲਿਜਾਇਆ ਜਾਂਦਾ ਹੈ। ਅਸੀਂ ਸਬਜ਼ੀਆਂ ਅਤੇ ਫ਼ਲ ਸ਼ਾਮ ਨੂੰ ਤੋੜ ਕੇ ਵੱਖ-ਵੱਖ ਬੋਰੀਆਂ ਜਾਂ ਡੱਬਿਆਂ ਵਿੱਚ ਪਾ ਲੈਂਦੇ ਹਾਂ। ਫਿਰ ਇਹਨਾਂ ਨੂੰ ਵਾਹਨਾਂ ਰਾਹੀਂ ਸਬਜ਼ੀ ਮੰਡੀ ਵਿੱਚ ਲੈ ਜਾਂਦੇ ਹਾਂ। ਉੱਥੇ ਵਪਾਰੀ ਇਹਨਾਂ ਨੂੰ ਬੋਲੀ ਲਗਾ ਕੇ ਖ਼ਰੀਦ ਲੈਂਦੇ ਹਨ।





ਅਨਾਜ ਮੰਡੀ ਦੇ ਦ੍ਰਿਸ਼

ਰੇੜ੍ਹੀ ਵਾਲ਼ੇ ਅਤੇ ਦੁਕਾਨਦਾਰ, ਥੋਕ ਦੇ ਵਪਾਰੀਆਂ ਤੋਂ ਲੋੜ ਅਨੁਸਾਰ ਫਲ਼ ਅਤੇ ਸਬਜ਼ੀਆਂ ਨੂੰ ਖ਼ਰੀਦ ਕੇ ਤੁਹਾਨੂੰ ਵੇਚ ਦਿੰਦੇ ਹਨ। ਥੋਕ ਦੇ ਵਪਾਰੀ ਫਲ਼ਾਂ-ਸਬਜ਼ੀਆਂ ਨੂੰ ਟਰੱਕਾਂ ਅਤੇ ਰੇਲ ਗੱਡੀਆਂ ਰਾਹੀਂ ਦੂਜੇ ਰਾਜਾਂ ਵਿੱਚ ਵੀ ਭੇਜ ਦਿੰਦੇ ਹਨ। ਇਸ ਤਰ੍ਹਾਂ ਹੋਰ ਫ਼ਸਲਾਂ ਵੀ, ਪਹਿਲਾਂ ਕਿਸਾਨ ਖੇਤਾਂ ਵਿੱਚ ਪੈਦਾ ਕਰਕੇ ਮੰਡੀ ਵਿੱਚ ਲੈ ਕੇ ਜਾਂਦੇ ਹਨ। ਫਿਰ ਮੰਡੀ ਤੋਂ ਵਾਪਸ ਇਹ ਦੁਕਾਨਾਂ 'ਤੇ ਪਹੁੰਚ ਜਾਂਦੀਆਂ ਹਨ। ਦੁਕਾਨਾਂ ਤੋਂ ਘਰ ਦੀ ਜ਼ਰੂਰਤ ਅਨੁਸਾਰ ਅਸੀਂ ਇਹਨਾਂ ਨੂੰ ਖ਼ਰੀਦ ਲੈਂਦੇ ਹਾਂ। ਇਸਨੂੰ ਹੀ ਮੰਡੀਕਰਨ ਕਹਿੰਦੇ ਹਨ।



ਸਬਜ਼ੀ ਮੰਡੀ ਦੇ ਵੱਖ-ਵੱਖ ਦ੍ਰਿਸ਼

**ਕੁਲਦੀਪ** : ਮੇਰੇ ਪਿਤਾ ਜੀ ਟਰੱਕ ਚਲਾਉਂਦੇ ਹਨ। ਉਹ ਮਹਾਂਰਾਸ਼ਟਰ ਵਿੱਚੋਂ ਕੇਲੇ ਅਤੇ ਪਿਆਜ਼, ਜੰਮੂ ਕਸ਼ਮੀਰ ਲੈ ਕੇ ਜਾਂਦੇ ਹਨ। ਉੱਥੋਂ ਸੇਬ ਲੈ ਕੇ ਪੰਜਾਬ ਮੁੜ ਆਉਂਦੇ ਹਨ।

**ਪਿਤਾ ਜੀ** : ਬੱਚਿਓ! ਇਸੇ ਤਰ੍ਹਾਂ ਇੱਕ ਰਾਜ ਵਿੱਚ ਉਗਾਈ ਜਾਂਦੀ ਫ਼ਸਲ ਦੂਜੇ ਰਾਜਾਂ ਵਿੱਚ ਭੇਜੀ ਜਾਂਦੀ ਹੈ। ਅੱਜ-ਕੱਲ੍ਹ ਦੂਜੇ ਦੇਸ਼ਾਂ ਦੀਆਂ ਸਬਜ਼ੀਆਂ ਅਤੇ ਫਲ਼ ਵੀ ਸਾਰਾ ਸਾਲ ਆਪਣੀ ਮੰਡੀ ਵਿੱਚ ਮਿਲ਼ਦੇ ਰਹਿੰਦੇ ਹਨ।



## ਯਾਦ ਰੱਖਣ ਯੋਗ ਗੱਲਾਂ

- ਕਿਸਾਨ ਖੇਤਾਂ ਵਿੱਚ ਫਲ਼, ਸਬਜ਼ੀਆਂ, ਅਨਾਜ ਅਤੇ ਦਾਲ਼ਾਂ ਉਗਾਉਂਦੇ ਹਨ।
- ਮਸਾਲੇ ਸਾਡੇ ਭੋਜਨ ਨੂੰ ਸੁਗੰਧਿਤ ਅਤੇ ਸਵਾਦੀ ਬਣਾਉਂਦੇ ਹਨ।
- ਕਿਸਾਨ ਫ਼ਸਲਾਂ ਨੂੰ ਮੰਡੀ ਵਿੱਚ ਵੇਚਦੇ ਹਨ।
- ਸਾਡੇ ਦੇਸ਼ ਦੇ ਵੱਖ-ਵੱਖ ਖੇਤਰਾਂ ਦੇ ਲੋਕ ਭਿੰਨ-ਭਿੰਨ ਭੋਜਨ ਖਾਂਦੇ ਹਨ।



**ਪ੍ਰਸ਼ਨ 1. ਸਰਦੀ ਅਤੇ ਗਰਮੀ ਰੁੱਤ ਦੀਆਂ ਤਿੰਨ-ਤਿੰਨ ਸਬਜ਼ੀਆਂ ਦੇ ਨਾਂ ਲਿਖੋ ?**

ਸਰਦੀ ਦੀਆਂ ਸਬਜ਼ੀਆਂ : ..................................................

ਗਰਮੀ ਦੀਆਂ ਸਬਜ਼ੀਆਂ : ..................................................

**ਪ੍ਰਸ਼ਨ 2. ਸਰਦੀ ਅਤੇ ਗਰਮੀ ਰੁੱਤ ਦੇ ਤਿੰਨ-ਤਿੰਨ ਫਲ਼ਾਂ ਦੇ ਨਾਂ ਲਿਖੋ ?**

ਸਰਦੀ ਦੇ ਫਲ਼..................................................

ਗਰਮੀ ਦੇ ਫਲ਼ ..................................................

**ਪ੍ਰਸ਼ਨ 3. ਬੁਝਾਰਤਾਂ ਬੁੱਝੋ:**

(ਮੱਕੀ ਦੀ ਛੱਲੀ, ਨਾਰੀਅਲ, ਹਰੀ ਅਤੇ ਲਾਲ ਮਿਰਚ, ਕੇਲਾ, ਪਿਆਜ਼)

1. ਕਟੋਰੇ 'ਚ ਕਟੋਰਾ, ਬੇਟਾ ਬਾਪ ਤੋਂ ਵੀ ਗੋਰਾ। ....................
2. ਵੱਟ 'ਤੇ ਖੜ੍ਹਾ ਪਟਵਾਰੀ, ਲੱਤਾਂ ਥੋਥੀਆਂ ਸਿਰ ਭਾਰੀ। ....................
3. ਨਿੱਕਾ ਜਿਹਾ ਸਿਪਾਹੀ, ਉਹਦੀ ਖਿੱਚ ਕੇ ਵਰਦੀ ਲਾਹੀ। ....................
4. ਹਰੀ ਸੀ ਮਨ ਭਰੀ ਸੀ, ਲਾਲਾਂ ਮੋਤੀ ਜੜੀ ਸੀ, ....................
   ਰਾਜਾ ਜੀ ਦੇ ਬਾਗ਼ 'ਚ ਦੁਸ਼ਾਲਾ ਲਈ ਖੜ੍ਹੀ ਸੀ।

5. ਹਰੀ-ਹਰੀ, ਲਾਲ-ਲਾਲ, ਲੱਗਦੀ ਸੀ ਸੋਹਣੀ, .....................
ਮੂੰਹ ਵਿੱਚ ਪਾ ਲਈ, ਹੋਈ ਬੜੀ ਅਣਹੋਣੀ।

**ਅਧਿਆਪਕ ਵਿਦਿਆਰਥੀਆਂ ਨਾਲ਼ ਅਜਿਹੀਆਂ ਹੋਰ ਬੁਝਾਰਤਾਂ ਵੀ ਸਾਂਝੀਆਂ ਕਰਨ**

**ਕਿਰਿਆ-4 :** ਹੇਠ ਦਿੱਤੀਆਂ ਤਸਵੀਰਾਂ ਨੂੰ ਪਹਿਚਾਣ ਕੇ, ਉਨਾਂ ਦਾ ਨਾਂ ਲਿਖੋ। ਉਸ ਦੇ ਨਾਲ਼ ਨਾਲ਼ ਇਸ ਕਿਸਮ ਦੀਆਂ ਦੋ-ਦੋ ਹੋਰ ਫ਼ਸਲਾਂ ਦੇ ਨਾਂ ਵੀ ਲਿਖੋ।

| | | | |
|---|---|---|---|
| ਪਹਿਚਾਣੋ |  ਸਬਜ਼ੀ |  ਫ਼ਲ |  ਤੇਲ |
| ਨਾਂ ਲਿਖੋ | | | |
| ਉਦਾਹਰਣ 1 | | | |
| ਉਦਾਹਰਣ 2 | | | |
| ਪਹਿਚਾਣੋ |  ਦਾਲ਼ |  ਮਸਾਲੇ |  ਅਨਾਜ |
| ਨਾਂ ਲਿਖੋ | | | |
| ਉਦਾਹਰਣ 1 | | | |
| ਉਦਾਹਰਣ 2 | | | |

4. ਦੱਖਣੀ ਭਾਰਤ ਵਿੱਚ ਪੈਦਾ ਹੋਣ ਵਾਲ਼ੇ ਮਸਾਲਿਆਂ ਦੇ ਨਾਂ ਲਿਖੋ ?

..................................................................................................

..................................................................................................

5. ਫਲ਼ ਜਾਂ ਸਬਜ਼ੀਆਂ ਸਾਡੇ ਘਰ ਤੱਕ ਕਿਵੇਂ ਪਹੁੰਚਦੀਆਂ ਹਨ ?

..................................................................................................

..................................................................................................

6. ਤੁਹਾਡੇ ਇਲਾਕੇ ਵਿੱਚ ਕਿਹੜੇ-ਕਿਹੜੇ ਫਲ਼ ਉਗਾਏ ਜਾਂਦੇ ਹਨ ?

..................................................................................................

..................................................................................................

7. ਹੇਠਾਂ ਦਿੱਤੇ ਖੇਤੀ ਕਰਨ ਦੇ ਵੱਖ-ਵੱਖ ਪੜਾਵਾਂ ਨੂੰ ਤਰਤੀਬ ਅਨੁਸਾਰ ਅੰਕਾਂ ਰਾਹੀਂ ਸਾਹਮਣੇ ਲਿਖੋ ?

| | | |
|---|---|---|
| 1. | ਫ਼ਸਲ ਨੂੰ ਪਾਣੀ ਲਗਾਉਣਾ | |
| 2. | ਜ਼ਮੀਨ ਦੀ ਚੰਗੀ ਤਰ੍ਹਾਂ ਵਹਾਈ ਕਰਨਾ | |
| 3. | ਨਦੀਨ ਨਾਸ਼ਕਾਂ ਅਤੇ ਕੀਟ ਨਾਸ਼ਕਾਂ ਦਾ ਛਿੜਕਾਅ | |
| 4. | ਬਿਜਾਈ ਕਰਨਾ | |
| 5. | ਖਾਦਾਂ ਦੀ ਵਰਤੋਂ ਕਰਨਾ | |
| 6. | ਫ਼ਸਲ ਨੂੰ ਕੱਟਣਾ | |
| 7. | ਛੋਟੇ ਦੁਕਾਨਦਾਰਾਂ ਜਾਂ ਰੇੜ੍ਹੀ ਵਾਲਿਆਂ ਦੁਆਰਾ ਖ਼ਰੀਦਣਾ | |
| 8. | ਮੰਡੀ ਲੈ ਕੇ ਜਾਣਾ | |
| 9. | ਦਾਣੇ ਕੱਢਣਾ | |
| 10. | ਭੋਜਨ ਪਕਾਉਣਾ | |
| 11. | ਘਰਾਂ ਲਈ ਲੋੜ ਅਨੁਸਾਰ ਖ਼ਰੀਦਣਾ | |
| 12. | ਵਪਾਰੀਆਂ ਨੂੰ ਫ਼ਸਲ ਵੇਚਣਾ | |

**ਹਮੇਸ਼ਾ ਯਾਦ ਰੱਖੋ**



ਫ਼ਸਲਾਂ 'ਤੇ ਕੀਟ ਨਾਸ਼ਕ ਅਤੇ ਨਦੀਨ ਨਾਸ਼ਕ ਦੀ ਵਰਤੋਂ ਕਰਨ ਨਾਲ਼ ਸਾਡਾ ਆਲ਼ਾ-ਦੁਆਲ਼ਾ ਪ੍ਰਦੂਸ਼ਿਤ ਹੁੰਦਾ ਹੈ। ਇਸ ਨਾਲ਼ ਮਨੁੱਖਾਂ ਅਤੇ ਜੀਵ-ਜੰਤੂਆਂ ਨੂੰ ਕੈਂਸਰ ਵਰਗੀਆਂ ਖ਼ਤਰਨਾਕ ਬਿਮਾਰੀਆਂ ਲੱਗਦੀਆਂ ਹਨ। ਇਹਨਾਂ ਦੀ ਵਰਤੋਂ ਘੱਟ ਤੋਂ ਘੱਟ ਕਰਨੀ ਚਾਹੀਦੀ ਹੈ।ਬੱਚਿਆਂ ਨੂੰ ਵੀ ਇਹਨਾਂ ਤੋਂ ਦੂਰ ਰਹਿਣਾ ਚਾਹੀਦਾ ਹੈ।

*****

ਪਾਠ - 11

# ਚੰਗਾ ਖਾਈਏ, ਸਿਹਤ ਬਣਾਈਏ

ਅੱਜ ਮੌਸਮ ਬਹੁਤ ਵਧੀਆ ਸੀ। ਸਵੇਰ ਦੀ ਸਭਾ ਹੋ ਰਹੀ ਸੀ। ਅਚਾਨਕ ਰੋਜ਼ਾਨਾ ਵਾਲ਼ੀ ਕਸਰਤ ਕਰਦੇ ਹੋਏ ਰਮਨ ਜ਼ਮੀਨ 'ਤੇ ਡਿੱਗ ਪਈ। ਅਧਿਆਪਕ ਨੇ ਉਸਨੂੰ ਪਾਣੀ ਪਿਆਇਆ ਅਤੇ ਦਫ਼ਤਰ ਵਿੱਚ ਲਿਜਾ ਕੇ ਲਿਟਾ ਦਿੱਤਾ। ਉਹਨਾਂ ਨੇ ਉਸਨੂੰ ਖਾਣ ਲਈ ਬਿਸਕੁਟ ਵੀ ਦਿੱਤੇ। ਕੁੱਝ ਦੇਰ ਬਾਅਦ ਉਸਨੇ ਠੀਕ ਮਹਿਸੂਸ ਕੀਤਾ 'ਤੇ ਜਮਾਤ ਵਿੱਚ ਆ ਗਈ।

**ਅਧਿਆਪਕ** — ਰਮਨ, ਕੀ ਤੁਸੀਂ ਅੱਜ ਖਾਣਾ ਨਹੀਂ ਖਾ ਕੇ ਆਏ ?

**ਰਮਨ** — ਹਾਂ ਜੀ ਸਰ, ਮੈਂ ਕੁੱਝ ਦਿਨਾਂ ਤੋਂ ਠੀਕ ਨਹੀਂ ਹਾਂ। ਮੈਨੂੰ ਭੁੱਖ ਵੀ ਨਹੀਂ ਲੱਗਦੀ, ਇਸ ਲਈ ਮੈਂ ਅੱਜ ਖਾਣਾ ਨਹੀਂ ਖਾ ਕੇ ਆਈ।

**ਅਧਿਆਪਕ** — ਬੇਟਾ, ਤੁਸੀਂ ਖ਼ਾਲੀ ਪੇਟ ਕਦੇ ਵੀ ਕੋਈ ਕੰਮ ਨਹੀਂ ਕਰ ਸਕਦੇ। ਭੋਜਨ ਨਾਲ਼ ਹੀ ਸਾਡੇ ਸਰੀਰ ਨੂੰ ਕੰਮ ਕਰਨ ਲਈ ਊਰਜਾ ਮਿਲ਼ਦੀ ਹੈ। ਤੁਹਾਨੂੰ ਹਰ ਰੋਜ਼ ਪੱਤੇਦਾਰ ਸਬਜ਼ੀਆਂ ਖਾਣੀਆਂ ਚਾਹੀਦੀਆਂ ਹਨ ਅਤੇ ਦੁੱਧ ਵੀ ਪੀਣਾ ਚਾਹੀਦਾ ਹੈ। ਇਸ ਲਈ ਸਾਨੂੰ ਵੱਖ-ਵੱਖ ਪੋਸ਼ਕ ਤੱਤਾਂ ਵਾਲ਼ਾ ਭੋਜਨ ਖਾਣਾ ਚਾਹੀਦਾ ਹੈ।

**ਕਿਰਨ** — ਸਰ, ਭੋਜਨ ਵਿੱਚਲੇ ਪੋਸ਼ਕ ਤੱਤ ਸਾਡੇ ਸਰੀਰ ਲਈ ਕੀ-ਕੀ ਕੰਮ ਕਰਦੇ ਹਨ ?

**ਅਧਿਆਪਕ** — ਬੱਚਿਓ! ਭੋਜਨ ਵਿਚਲੇ ਪੋਸ਼ਕ ਤੱਤ ਸਾਡੇ ਸਰੀਰ ਵਿੱਚ ਤਿੰਨ ਪ੍ਰਕਾਰ ਦੇ ਮੁੱਖ ਕੰਮ ਕਰਦੇ ਹਨ।

| ਪੋਸ਼ਕ ਤੱਤ | ਕੰਮ |
|---|---|
| ਕਾਰਬੋਈਡ੍ਰੇਟਸ ਅਤੇ ਚਰਬੀ | ਸਰੀਰ ਨੂੰ ਊਰਜਾ ਦਿੰਦੇ ਹਨ |
| ਪ੍ਰੋਟੀਨ | ਸਰੀਰ ਦੇ ਵਾਧੇ ਵਿੱਚ ਮਦਦ ਕਰਦਾ ਹੈ |
| ਵਿਟਾਮਿਨ ਅਤੇ ਖਣਿਜ ਪਦਾਰਥ | ਸਰੀਰ ਨੂੰ ਬਿਮਾਰੀਆਂ ਤੋਂ ਬਚਾਉਂਦੇ ਹਨ |

**ਹਰਿੰਦਰ** — ਸਰ, ਭੋਜਨ ਸਾਡੇ ਸਰੀਰ ਲਈ ਇੰਨੇ ਸਾਰੇ ਕੰਮ ਕਰਦਾ ਹੈ! ਫਿਰ ਤਾਂ ਸਾਨੂੰ ਰੋਜ਼ ਖਾਣਾ ਖਾ ਕੇ ਹੀ ਸਕੂਲ ਆਉਣਾ ਚਾਹੀਦਾ ਹੈ। ਮੇਰੇ ਮਾਤਾ ਜੀ ਨੂੰ ਰਾਤ ਨੂੰ ਘੱਟ ਦਿਖਾਈ ਦਿੰਦਾ ਹੈ। ਡਾਕਟਰ ਅਨੁਸਾਰ ਉਹਨਾਂ ਨੂੰ ਅੰਧਰਾਤਾ ਨਾਂ ਦਾ ਰੋਗ ਹੈ ਜੋ ਵਿਟਾਮਿਨ ਏ ਦੀ ਕਮੀ ਕਾਰਨ ਹੁੰਦਾ ਹੈ।
ਸਰ, ਇਹ ਵਿਟਾਮਿਨ ਕੀ ਹੁੰਦੇ ਹਨ ?

**ਅਧਿਆਪਕ —** ਬੇਟਾ, ਸਾਡੇ ਭੋਜਨ ਵਿੱਚ ਕਈ ਪੋਸ਼ਕ ਤੱਤ ਹੁੰਦੇ ਹਨ। ਇਹ ਸਾਡੇ ਸਰੀਰ ਲਈ ਬਹੁਤ ਜ਼ਰੂਰੀ ਹੁੰਦੇ ਹਨ। ਜੇਕਰ ਇਹਨਾਂ ਵਿੱਚੋਂ ਕਿਸੇ ਦੀ ਕਮੀ ਹੋ ਜਾਵੇ ਤਾਂ ਅਸੀਂ ਬਿਮਾਰ ਹੋ ਸਕਦੇ ਹਾਂ। ਹੁਣ ਮੈਂ ਤੁਹਾਨੂੰ ਇੱਕ-ਇੱਕ ਕਰਕੇ ਇਹਨਾਂ ਪੋਸ਼ਕ ਤੱਤਾਂ ਬਾਰੇ ਜਾਣਕਾਰੀ ਦਿੰਦਾ ਹਾਂ।

| ਪੋਸ਼ਕ ਤੱਤ ਦਾ ਨਾਂ | ਕੰਮ | ਸੋਮੇ |
|---|---|---|
| ਕਾਰਬੋਹਾਈਡੇਟਸ (Carbohydrates) | ਇਹ ਪੋਸ਼ਕ ਤੱਤ ਸਾਨੂੰ ਖੇਡਣ ਅਤੇ ਸਰੀਰਕ ਕੰਮਾਂ ਲਈ ਊਰਜਾ ਦਿੰਦਾ ਹੈ। | ਚਾਵਲ, ਕਣਕ, ਗੰਨਾ, ਸ਼ਕਰਕਦੀ, ਆਲੂ, ਮਿੱਠੇ ਫਲ਼। |
| ਚਰਬੀ (Fats) | ਚਰਬੀ, ਕਾਰਬੋਹਾਈਡ੍ਰੇਟਸ ਨਾਲੋਂ ਜ਼ਿਆਦਾ ਊਰਜਾ ਦਿੰਦੀ ਹੈ। ਇਹ ਸਾਡੇ ਸਰੀਰ ਨੂੰ ਗਰਮ ਰੱਖਦੀ ਹੈ। | ਘਿਓ, ਮੱਖਣ, ਗਿਰੀਆਂ, ਖੋਆ ਅਤੇ ਮੀਟ ਆਦਿ। |
| ਪ੍ਰੋਟੀਨ (Proteins) | ਪ੍ਰੋਟੀਨ ਸਰੀਰ ਦੇ ਵਾਧੇ ਲਈ ਜ਼ਰੂਰੀ ਹੈ। ਤੁਹਾਡੇ ਵਰਗੇ ਵਧ ਰਹੇ ਬੱਚਿਆਂ ਨੂੰ ਪ੍ਰੋਟੀਨ ਵਾਲ਼ਾ ਭੋਜਨ ਜ਼ਰੂਰ ਖਾਣਾ ਚਾਹੀਦਾ ਹੈ। | ਆਂਡੇ, ਮੱਛੀ, ਮੀਟ, ਪਨੀਰ, ਸੋਇਆਬੀਨ ਮਟਰ ਦੇ ਦਾਣੇ, ਦਾਲਾਂ ਅਤੇ ਦੁੱਧ ਆਦਿ। |
| ਵਿਟਾਮਿਨ (Vitamins)<br><br>A, B, C, D, E ਅਤੇ K | ਇਹ ਸਾਨੂੰ ਬਿਮਾਰੀਆਂ ਤੋਂ ਬਚਾਅ ਕੇ ਤੰਦਰੁਸਤ ਰੱਖਦੇ ਹਨ।<br><br>ਵਿਟਾਮਿਨ A ਸਾਨੂੰ ਅੰਧਰਾਤਾ ਰੋਗ ਤੋਂ ਬਚਾਉਂਦਾ ਹੈ। | ਗਾਜਰ, ਟਮਾਟਰ, ਸੰਤਰਾ, ਆਂਡੇ ਅਤੇ ਦੁੱਧ।<br><br>ਵਿਟਾਮਿਨ D ਸੂਰਜ ਦੀ ਰੋਸ਼ਨੀ ਤੋਂ ਮਿਲ਼ਦਾ ਹੈ। |
| ਖਣਿਜ ਪਦਾਰਥ (Minerals) ਕੈਲਸ਼ੀਅਮ, ਆਇਓਡੀਨ ਅਤੇ ਲੋਹਾ | ਖਣਿਜ ਵੀ ਸਾਡੇ ਸਰੀਰ ਨੂੰ ਰਿਸ਼ਟ-ਪੁਸ਼ਟ ਅਤੇ ਤੰਦਰੁਸਤ ਰੱਖਦੇ ਹਨ। ਇਹ ਹੱਡੀਆਂ, ਦੰਦ ਅਤੇ ਖ਼ੂਨ ਦੇ ਬਣਨ ਵਿੱਚ ਮਦਦ ਕਰਦੇ ਹਨ। | ਤਾਜ਼ੇ ਫਲ਼, ਹਰੀਆਂ ਸਬਜ਼ੀਆਂ ਅਤੇ ਦੁੱਧ ਆਦਿ |

ਇਸ ਲਈ ਸਾਨੂੰ ਆਪਣੇ ਸਰੀਰ ਦੀ ਤੰਦਰੁਸਤੀ ਲਈ ਇਹਨਾਂ ਸਾਰੇ ਪੋਸ਼ਕ ਤੱਤਾਂ ਨਾਲ ਭਰਪੂਰ ਭੋਜਨ ਹੀ ਖਾਣਾ ਚਾਹੀਦਾ ਹੈ। ਜਿਸ ਖ਼ੁਰਾਕ ਵਿੱਚ ਇਹ ਸਾਰੇ ਪੋਸ਼ਕ ਤੱਤ ਸਹੀ ਮਾਤਰਾ ਵਿੱਚ ਮੌਜੂਦ ਹੁੰਦੇ ਹਨ, ਉਸਨੂੰ **ਸੰਤੁਲਿਤ-ਖ਼ੁਰਾਕ** ਕਹਿੰਦੇ ਹਨ।

1. **ਭੋਜਨ ਵਿੱਚ ਮੌਜੂਦ ਵੱਖ-ਵੱਖ ਪੋਸ਼ਕ ਤੱਤਾਂ ਦੇ ਨਾਂ ਲਿਖੋ।**

   .....................................................................................................

   .....................................................................................................

2. **ਕਾਰਬੋਹਾਈਡ੍ਰੇਟਸ ਅਤੇ ਚਰਬੀ ਸਰੀਰ ਨੂੰ ਕੀ ਦਿੰਦੇ ਹਨ ?**

   .....................................................................................................

   .....................................................................................................

3. **ਵਿਟਾਮਿਨਾਂ ਅਤੇ ਖਣਿਜ ਪਦਾਰਥਾਂ ਦੇ ਸੋਮੇ ਲਿਖੋ।**

   .....................................................................................................

   .....................................................................................................

4. **ਖ਼ਾਲੀ ਥਾਂਵਾਂ ਭਰੋ—**

   (ਵਿਟਾਮਿਨ ਡੀ, ਪ੍ਰੋਟੀਨ, ਸੰਤੁਲਿਤ, ਊਰਜਾ)

   1. ................ ਸਾਡੇ ਸਰੀਰ ਦੇ ਵਾਧੇ ਲਈ ਬਹੁਤ ਜ਼ਰੂਰੀ ਹੈ।
   2. ਸੂਰਜ ਦੀ ਰੋਸ਼ਨੀ ਤੋਂ ................ ਮਿਲ਼ਦਾ ਹੈ।
   3. ................ ਖ਼ੁਰਾਕ ਵਿੱਚ ਸਾਰੇ ਪੋਸ਼ਕ ਤੱਤ ਮੌਜੂਦ ਹੁੰਦੇ ਹਨ।
   4. ਘਿਉ ਖਾਣ ਨਾਲ਼ ................ ਮਿਲ਼ਦੀ ਹੈ।

## ਖ਼ਾਸ ਮੌਕਿਆਂ 'ਤੇ ਭੋਜਨ

**ਅਧਿਆਪਕ** — ਬੱਚਿਓ! ਜਿਵੇਂ ਕਿ ਅਸੀਂ ਜਾਣ ਲਿਆ ਹੈ ਕਿ ਭੋਜਨ ਸਾਡੇ ਸਰੀਰ ਲਈ ਕਿੰਨਾ ਜ਼ਰੂਰੀ ਹੈ। ਭੋਜਨ ਵਿਆਹ, ਜਨਮ ਦਿਨ ਪਾਰਟੀ, ਧਾਰਮਿਕ ਪ੍ਰੋਗਰਾਮਾਂ ਜਾਂ ਹੋਰ ਵਿਸ਼ੇਸ਼ ਮੌਕਿਆਂ ਦਾ ਮਹੱਤਵਪੂਰਨ ਹਿੱਸਾ ਹੁੰਦਾ ਹੈ। ਇਹਨਾਂ ਪ੍ਰੋਗਰਾਮਾਂ 'ਤੇ ਰਿਸ਼ਤੇਦਾਰ, ਦੋਸਤ, ਗੁਆਂਢੀ ਅਤੇ ਹੋਰ ਲੋਕ ਇਕੱਠੇ ਬੈਠ ਕੇ ਭੋਜਨ ਖਾਂਦੇ ਹਨ। ਕੀ ਤੁਸੀਂ ਇਸ ਤਰ੍ਹਾਂ ਦੇ ਪ੍ਰੋਗਰਾਮ ਵਿੱਚ ਗਏ ਹੋ ?

**ਸੁਨੀਤਾ** — ਸਰ, ਮੈਂ ਅਤੇ ਮੇਰੇ ਦਾਦੀ ਜੀ ਨਹਾ-ਧੋ ਕੇ ਅਤੇ ਸਾਫ਼ ਕੱਪੜੇ ਪਹਿਨ ਕੇ ਸਾਡੇ ਗੁਆਂਢੀਆਂ ਦੇ ਘਰ ਇੱਕ ਧਾਰਮਿਕ ਪ੍ਰੋਗਰਾਮ 'ਤੇ ਗਏ। ਧਾਰਮਿਕ ਸਮਾਗਮ ਹੋਣ ਤੋਂ ਬਾਅਦ ਸਾਰੇ ਲੰਗਰ ਛਕਣ ਲਈ ਪੰਗਤਾਂ ਵਿੱਚ ਬੈਠ ਗਏ। ਮੈਂ ਅਤੇ ਦਾਦੀ ਜੀ ਨੇ ਪੇੜੇ ਬਣਾ ਕੇ ਰੋਟੀ ਬਣਾਉਣ ਵਾਲੀਆਂ ਬੀਬੀਆਂ ਦੀ ਮਦਦ ਵੀ ਕੀਤੀ। ਹਲਵਾਈ ਨੇ ਵੱਡੇ-ਵੱਡੇ ਦੇਗਿਆਂ ਵਿੱਚ ਭੋਜਨ ਤਿਆਰ ਕੀਤਾ ਹੋਇਆ ਸੀ।



**ਲੰਗਰ ਬਣਾਉਣ ਅਤੇ ਵਰਤਾਉਣ ਦੀਆਂ ਤਸਵੀਰਾਂ**

ਫਿਰ ਸੇਵਾਦਾਰਾਂ ਨੇ ਸੰਗਤ ਨੂੰ ਥਾਲ਼ੀਆਂ, ਚਮਚੇ ਅਤੇ ਗਲਾਸ ਦਿੱਤੇ। ਇਸ ਉਪਰੰਤ ਉਹਨਾਂ ਨੇ ਖੀਰ, ਹਲਵਾ, ਜਲੇਬੀਆਂ, ਮਟਰ-ਪਨੀਰ ਦੀ ਸਬਜ਼ੀ, ਦਾਲ, ਰੋਟੀ ਅਤੇ ਦਹੀਂ ਵਰਤਾਉਣਾ ਸ਼ੁਰੂ ਕਰ ਦਿੱਤਾ। ਛੋਟੇ ਬੱਚੇ ਗਲਾਸਾਂ ਵਿੱਚ ਪਾਣੀ ਪਾ ਰਹੇ ਸਨ।

ਸਾਰੇ ਲੋਕ ਪਿਆਰ ਨਾਲ਼ ਰਲ਼-ਮਿਲ਼ ਕੇ ਲੰਗਰ ਛਕ ਰਹੇ ਸਨ। ਮੈਂ ਅਤੇ ਦਾਦੀ ਜੀ ਨੇ ਹੋਰ ਲੋਕਾਂ ਨਾਲ਼ ਮਿਲ਼ ਕੇ ਜੂਠੇ ਬਰਤਨ ਵੀ ਸਾਫ਼ ਕੀਤੇ।

ਦਾਦੀ ਮਾਂ ਨੇ ਦੱਸਿਆ ਕਿ ਗੁਰਪੁਰਬ 'ਤੇ ਵੀ ਇਸੇ ਤਰ੍ਹਾਂ ਲੰਗਰ ਲਾਏ ਜਾਂਦੇ ਹਨ।

**ਅਵਤਾਰ** — ਮੈਂ ਕੱਲ੍ਹ ਆਪਣੇ ਪਾਪਾ ਨਾਲ਼ ਉਹਨਾਂ ਦੇ ਦੋਸਤ ਦੇ ਵਿਆਹ 'ਤੇ ਪੈਲੇਸ ਵਿੱਚ ਗਿਆ ਸੀ। ਪੈਲੇਸ ਵਿੱਚ ਖਾਣ-ਪੀਣ ਦੇ ਬਹੁਤ ਸਾਰੇ ਸਟਾਲ ਲੱਗੇ ਹੋਏ ਸਨ। ਇਹਨਾਂ ਸਟਾਲਾਂ ਤੋਂ ਲੋਕ ਮਨਚੂਰੀਅਨ, ਦਹੀਂ-ਭੱਲੇ, ਗੋਲ-ਗੱਪੇ, ਪਨੀਰ ਪਕੌੜੇ, ਟਿੱਕੀ ਅਤੇ ਫਰੂਟ-ਚਾਟ ਆਦਿ ਖਾ ਰਹੇ ਸਨ। ਕੁੱਝ ਲੋਕ ਜੂਸ, ਸ਼ੇਕ, ਕੌਫ਼ੀ ਅਤੇ ਚਾਹ ਵੀ ਪੀ ਰਹੇ ਸਨ।

ਪੈਲੇਸ ਦੀ ਵੱਡੀ ਰਸੋਈ ਵਿੱਚ ਬਹੁਤ ਸਾਰਾ ਕੱਚਾ ਭੋਜਨ ਪਿਆ ਸੀ। ਹਲਵਾਈ ਅਤੇ ਉਸਦੇ ਸਾਥੀ ਵੱਡੇ-ਵੱਡੇ ਬਰਤਨਾਂ ਵਿੱਚ ਬਹੁਤ ਤੇਜ਼ੀ ਨਾਲ਼ ਭੋਜਨ ਬਣਾ ਰਹੇ ਸਨ।





ਵਿਆਹ ਸਮਾਗਮ ਦੀਆਂ ਤਸਵੀਰਾਂ

**ਕਿਰਿਆ-1 :** ਵਿਆਹ ਸਮਾਗਮਾਂ ਵਿੱਚ ਖਾਣ ਲਈ ਮਿਲਣ ਵਾਲ਼ੇ ਭੋਜਨ ਦੀ ਸੂਚੀ ਬਣਾਓ।

| | | | | |
|---|---|---|---|---|
| | | | | |
| | | | | |
| | | | | |
| | | | | |

**ਅਧਿਆਪਕ** — ਬੇਟਾ, ਵਿਆਹਾਂ ਵਿੱਚ ਸਾਨੂੰ ਲੋੜ ਅਨੁਸਾਰ ਹੀ ਖਾਣਾ ਚਾਹੀਦਾ ਹੈ। ਸਾਨੂੰ ਕਦੇ ਵੀ ਪਲੇਟ ਵਿੱਚ ਜੂਠਾ ਨਹੀਂ ਛੱਡਣਾ ਚਾਹੀਦਾ।

**ਤੇਜਿੰਦਰ** — ਸਰ, ਪਿਛਲੇ ਸਾਲ ਮੇਰੇ ਚਾਚਾ ਜੀ ਦੀ ਬੇਟੀ ਦੀ ਪਹਿਲੀ ਲੋਹੜੀ ਮਨਾਈ ਗਈ ਸੀ। ਸਾਡੇ ਘਰ ਬਹੁਤ ਸਾਰੇ ਰਿਸ਼ਤੇਦਾਰ ਅਤੇ ਦੋਸਤ ਆਏ ਹੋਏ ਸਨ। ਰਾਤ ਨੂੰ ਸਾਰਿਆਂ ਨੇ ਮਿਲ਼ ਕੇ ਗੱਚਕ, ਮੂੰਗਫਲੀ ਅਤੇ ਰਿਉੜੀਆਂ ਖਾਧੀਆਂ।

**ਅਧਿਆਪਕ** — ਬੇਟਾ, ਇਹਨਾਂ ਸਾਰੇ ਮੌਕਿਆਂ ਤੇ ਕੁੱਝ ਖਾਣਾ ਤਾਂ ਇੱਕੋ ਜਿਹਾ ਹੁੰਦਾ ਹੈ, ਪਰ ਕੁੱਝ ਭੋਜਨ ਪਦਾਰਥ ਖ਼ਾਸ ਤੌਰ 'ਤੇ ਬਣਾਏ ਜਾਂਦੇ ਹਨ।

ਜਿਵੇਂ ਦਿਵਾਲ਼ੀ ਦੇ ਮੌਕੇ 'ਤੇ ਮਠਿਆਈਆਂ ਦੇ ਨਾਲ਼-ਨਾਲ਼ ਖੰਡ ਦੇ ਖਿਡਾਓਣੇ, ਸਾਉਣ ਦੇ ਮਹੀਨੇ ਗੁਲਗੁਲੇ, ਪੂੜੇ ਅਤੇ ਮੱਠੀਆਂ, ਨਰਾਤਿਆਂ ਵਿੱਚ ਹਲਵਾ, ਪੂਰੀਆਂ-ਛੋਲੇ ਅਤੇ ਬਸੰਤ ਮੌਕੇ ਮਿੱਠੇ ਪੀਲ਼ੇ ਚਾਵਲ ਬਣਾਏ ਜਾਂਦੇ ਹਨ।

## ਕਿਰਿਆ-2 :





| 1. | 2. | 3. |
|---|---|---|

**ਵੱਖ-ਵੱਖ ਸਮਾਗਮਾਂ ਤੇ ਬਣਾਏ ਜਾਣ ਵਾਲੇ ਭੋਜਨ ਦੇ ਨਾਂ ਲਿਖੋ**

**ਅਕਬਰ** — ਮੇਰੀ ਵੱਡੀ ਭੈਣ ਡੇ-ਬੋਰਡਿੰਗ ਸਕੂਲ ਵਿੱਚ ਪੜ੍ਹਦੀ ਹੈ। ਉਹ ਹੋਸਟਲ ਵਿੱਚ ਹੀ ਰਹਿੰਦੀ ਹੈ। ਹੋਸਟਲ ਦੇ ਸਾਰੇ ਵਿਦਿਆਰਥੀ ਰਲ਼-ਮਿਲ਼ ਕੇ ਮੈੱਸ ਵਿੱਚੋਂ ਖਾਣਾ ਖਾਂਦੇ ਹਨ। ਉਹਨਾਂ ਨੂੰ ਹਰ ਦਿਨ ਵੱਖਰਾ-ਵੱਖਰਾ ਭੋਜਨ ਮਿਲ਼ਦਾ ਹੈ। ਉਹ ਖਾਣਾ ਖਾਣ ਤੋਂ ਪਹਿਲਾਂ ਅਤੇ ਬਾਅਦ ਵਿੱਚ ਹੱਥ ਸਾਬਣ ਅਤੇ ਪਾਣੀ ਨਾਲ਼ ਚੰਗੀ ਤਰ੍ਹਾਂ ਧੋਂਦੇ ਹਨ।

**ਮਨਿੰਦਰ** — ਅਕਬਰ, ਸਾਡੇ ਸਕੂਲ ਵਿੱਚ ਵੀ ਤਾਂ ਮਿਡ-ਡੇ-ਮੀਲ ਬਣਦਾ ਹੈ। ਅਸੀਂ ਵੀ ਇਕੱਠੇ ਬੈਠ ਕੇ ਭੋਜਨ ਖਾਂਦੇ ਹਾਂ। ਖਾਣਾ ਬਣਾਉਣ ਵਾਲੇ ਆਂਟੀ ਹਰ ਰੋਜ਼ ਪਹਿਲਾਂ ਤੋਂ ਤਿਆਰ ਕੀਤੀ ਭੋਜਨ ਸੂਚੀ ਅਨੁਸਾਰ ਵੱਖੋ-ਵੱਖਰਾ ਭੋਜਨ ਸਾਨੂੰ ਖਵਾਉਂਦੇ ਹਨ। ਇਸ ਭੋਜਨ ਸੂਚੀ ਨੂੰ ਮੈਨਯੂ (Menu) ਆਖਦੇ ਹਨ। ਉਹ ਸਾਫ਼-ਸੁਥਰਾ ਅਤੇ ਸਵਾਦ ਭੋਜਨ ਬਣਾਉਂਦੇ ਹਨ। ਸਾਡੇ ਮੈਨਯੂ (Menu) ਵਿੱਚ ਦਾਲ਼, ਚਾਵਲ਼, ਰੋਟੀ, ਹਰੀ ਸਬਜ਼ੀ, ਕਾਲ਼ੇ ਚਨੇ ਅਤੇ ਖੀਰ ਸ਼ਾਮਿਲ ਹਨ। ਅਸੀਂ ਸਵਾਦ ਖਾਣਾ ਬਣਾਉਣ ਲਈ ਆਂਟੀ ਦਾ ਧੰਨਵਾਦ ਵੀ ਕਰਦੇ ਹਾਂ। ਛੋਟੇ ਬੱਚਿਆਂ ਨੂੰ ਸਭ ਤੋਂ ਪਹਿਲਾਂ ਖਾਣਾ ਦਿੱਤਾ ਜਾਂਦਾ ਹੈ। ਕਦੇ-ਕਦੇ ਮੈਂ ਅਤੇ ਮੇਰੀਆਂ ਸਹਿਪਾਠਣਾਂ ਰੋਟੀ ਵਰਤਾਉਣ ਲਈ ਆਂਟੀ ਅਤੇ ਅਧਿਆਪਕਾਂ ਦੀ ਮਦਦ ਵੀ ਕਰਦੀਆਂ ਹਾਂ। ਸਰ, ਕੀ ਮਿਡ-ਡੇ-ਮੀਲ ਸਾਰੇ ਸਕੂਲਾਂ ਵਿੱਚ ਹੀ ਚਲਾਇਆ ਜਾਂਦਾ ਹੈ ?

**ਅਧਿਆਪਕ** — ਹਾਂ ਬੇਟਾ, ਮਿਡ-ਡੇ-ਮੀਲ ਵਿਦਿਆਰਥੀਆਂ ਦੀ ਚੰਗੀ ਸਿਹਤ ਲਈ ਸਰਕਾਰ ਦੁਆਰਾ ਸਾਰੇ ਸਰਕਾਰੀ ਸਕੂਲਾਂ ਵਿੱਚ ਚਲਾਇਆ ਜਾਂਦਾ ਹੈ। ਹਰੇਕ ਬੱਚੇ ਨੂੰ ਗਰਮ, ਤਾਜ਼ਾ ਅਤੇ ਸੰਤਲਿਤ ਭੋਜਨ ਹਰ ਰੋਜ਼ ਮਿਲਦਾ ਹੈ। ਇਸ ਤਰ੍ਹਾਂ ਸਾਰੇ ਬੱਚੇ ਇਕੱਠੇ ਬੈਠ ਕੇ ਪਿਆਰ ਨਾਲ਼ ਭੋਜਨ ਕਰਨਾ ਵੀ ਸਿੱਖ ਜਾਂਦੇ ਹਨ।

**ਕਿਰਿਆ-3 :** ਹਫ਼ਤੇ ਦੇ ਮਿਡ-ਡੇ-ਮੀਲ ਦਾ ਮੈਨਯੂ ਲਿਖੋ।

| ਦਿਨ | | | | | | |
|---|---|---|---|---|---|---|
| ਭੋਜਨ | | | | | | |

**ਸੱਤਪਾਲ** — ਜਦੋਂ ਅਸੀਂ ਗੋਆ ਘੁੰਮਣ ਗਏ ਸੀ ਤਾਂ ਰੇਲ ਗੱਡੀ ਵਿੱਚ ਹੀ ਸਾਨੂੰ ਸਾਰਿਆਂ ਨੂੰ ਖਾਣ ਲਈ ਭੋਜਨ ਦਿੱਤਾ ਗਿਆ ਸੀ। ਸਰ, ਕੀ ਰੇਲ ਗੱਡੀ ਵਿੱਚ ਵੀ ਰਸੋਈ ਹੁੰਦੀ ਹੈ ?

**ਅਧਿਆਪਕ** — ਹਾਂ ਬੇਟਾ, ਲੰਮੀ ਦੂਰੀ ਤੈਅ ਕਰਨ ਵਾਲੀਆਂ, ਤੇਜ਼ ਚੱਲਣ ਵਾਲੀਆਂ ਰੇਲ ਗੱਡੀਆਂ ਵਿੱਚ ਖਾਣਾ ਬਣਾਉਣ ਲਈ ਰਸੋਈ ਹੁੰਦੀ ਹੈ। ਇਸਨੂੰ **ਪੈਂਟਰੀ ਕਾਰ (Pantry Car)** ਕਹਿੰਦੇ ਹਨ। ਇਸ ਵਿੱਚ ਮੁਸਾਫ਼ਰਾਂ ਲਈ ਚਾਹ, ਨਾਸ਼ਤਾ, ਦੁਪਹਿਰ ਅਤੇ ਰਾਤ ਦਾ ਖਾਣਾ ਤਿਆਰ ਕੀਤਾ ਜਾਂਦਾ ਹੈ। ਅੱਜ-ਕੱਲ੍ਹ ਸੁਰੱਖਿਆ ਕਾਰਨਾਂ ਕਰਕੇ ਕਈ ਰੇਲ ਗੱਡੀਆਂ ਵਿਚਲੀ ਰਸੋਈ ਵਿੱਚ ਪਹਿਲਾਂ ਤੋਂ ਤਿਆਰ ਕੀਤਾ ਭੋਜਨ ਹੀ ਗਰਮ ਰੱਖਿਆ ਜਾਂਦਾ ਹੈ।






ਰੇਲ ਗੱਡੀ ਦੀ ਰਸੋਈ ਦੀਆਂ ਕੁੱਝ ਤਸਵੀਰਾਂ



## ਯਾਦ ਰੱਖਣ ਯੋਗ ਗੱਲਾਂ

- ਕਾਰਬੋਹਾਈਡ੍ਰੇਟਸ ਅਤੇ ਚਰਬੀ ਸਾਨੂੰ ਊਰਜਾ ਦਿੰਦੇ ਹਨ।
- ਪ੍ਰੋਟੀਨ ਸਰੀਰ ਦੇ ਵਾਧੇ ਲਈ ਜ਼ਰੂਰੀ ਹੈ।
- ਵਿਟਾਮਿਨ ਅਤੇ ਖਣਿਜ ਪਦਾਰਥ ਸੁਰੱਖਿਆਤਮਕ ਭੋਜਨ ਹੁੰਦੇ ਹਨ।
- ਲੰਬੀ ਦੂਰੀ ਦੀਆਂ ਰੇਲ ਗੱਡੀਆਂ ਵਿੱਚ ਖਾਣਾ ਬਣਾਉਣ ਲਈ ਪੈਂਟਰੀ ਕਾਰ ਹੁੰਦੀ ਹੈ।
- ਭੋਜਨ ਸਮੂਹਿਕ ਪ੍ਰੋਗਰਾਮਾ ਦਾ ਇੱਕ ਮਹੱਤਵਪੂਰਨ ਹਿੱਸਾ ਹੈ।

### 5. ਖ਼ਾਲੀ ਥਾਂਵਾਂ ਭਰੋ—

(ੳ) ਵਿਆਹ ਸਮਾਗਮ ਵਿੱਚ ਵੱਖ-ਵੱਖ ਤਰ੍ਹਾਂ ਦੇ .................. ਲੱਗੇ ਹੋਏ ਸਨ। (ਸਟਾਲ/ਦੁਕਾਨਾਂ)

(ਅ) ਸਾਨੂੰ ਸਮਾਗਮਾਂ ਵਿੱਚ .................. ਅਨੁਸਾਰ ਹੀ ਭੋਜਨ ਲੈਣਾ ਚਾਹੀਦਾ ਹੈ। (ਲੋੜ/ਪਲੇਟ)

(ੲ) ਸਕੂਲ ਵਿੱਚ .................. ਮਿਡ-ਡੇ-ਮੀਲ ਮਿਲ਼ਦਾ ਹੈ। (ਹਰ ਰੋਜ਼/ਕਦੇ-ਕਦੇ)

(ਸ) ਰੇਲ ਗੱਡੀ ਵਿੱਚ .................. ਨਾਂ ਦੀ ਰਸੋਈ ਹੁੰਦੀ ਹੈ। (ਪੈਂਟਰੀ ਕਾਰ/ਢਾਬੇ)

(ਹ) ਵਿਆਹ ਵਿੱਚ .................. ਤਰ੍ਹਾਂ ਦੇ ਪੀਣ ਵਾਲ਼ੇ ਸ਼ੇਕ ਮਿਲਦੇ ਹਨ। (ਇੱਕ/ਵੱਖ-ਵੱਖ)



### 6. ਮਿਲਾਣ ਕਰੋ :

| | |
|---|---|
| ਦਿਵਾਲ਼ੀ | ਪੂਰੀਆਂ-ਛੋਲੇ |
| ਲੋਹੜੀ | ਖੰਡ ਦੇ ਖੇਡਣੇ |
| ਬਸੰਤ | ਗੱਚਕ ਅਤੇ ਰਿਉੜੀਆਂ |
| ਸਾਉਣ | ਪੀਲ਼ੇ ਚਾਵਲ |
| ਨਰਾਤੇ | ਮੱਠੀਆਂ ਅਤੇ ਪੂੜੇ |

7. ਖਾਣਾ ਖਾਣ ਤੋਂ ਪਹਿਲਾਂ ਅਤੇ ਬਾਅਦ ਵਿੱਚ ਬੱਚੇ ਕੀ ਕਰਦੇ ਹਨ ?

..............................................................................................................

..............................................................................................................

8. ਇਕੱਠੇ ਬੈਠ ਕੇ ਖਾਣਾ ਖਾਣ ਨਾਲ਼ ਕਿਹੜੀਆਂ-ਕਿਹੜੀਆਂ ਆਦਤਾਂ ਵਿਕਸਿਤ ਹੁੰਦੀਆਂ ਹਨ ?

..............................................................................................................

..............................................................................................................



ਖਾਣਾ ਖਾਣ ਸਮੇਂ ਆਪਣੀ ਪਲੇਟ ਵਿੱਚ ਲੋੜ ਅਨੁਸਾਰ ਭੋਜਨ ਲਉ। ਕਦੇ ਵੀ ਪਲੇਟ ਵਿੱਚ ਜੂਠਾ ਭੋਜਨ ਨਾ ਛੱਡੋ। ਵਿਆਹ ਸ਼ਾਦੀਆਂ ਅਤੇ ਹੋਰ ਸਮੂਹਿਕ ਪ੍ਰੋਗਰਾਮਾਂ ਵਿੱਚ ਬਚੇ ਭੋਜਨ ਨੂੰ ਲੋੜਵੰਦ ਲੋਕਾਂ ਵਿੱਚ ਵੰਡ ਦੇਵੋ।

*****

ਪਾਠ - 12

# ਚੁੰਝ ਅਤੇ ਦੰਦ

ਡਿੰਪਲ ਆਪਣੇ ਹਿਲਦੇ ਦੰਦ ਨੂੰ ਛੇੜ ਰਹੀ ਸੀ। ਦੰਦ ਨਿਕਲ ਕੇ ਉਸਦੇ ਹੱਥ ਵਿੱਚ ਆ ਗਿਆ ਅਤੇ ਉਹ ਰੋਂਦੀ-ਰੋਂਦੀ ਮੰਮੀ ਕੋਲ਼ ਗਈ। "ਮੰਮੀ ਜੀ! ਮੇਰਾ ਦੰਦ ਟੁੱਟ ਗਿਆ।"


"ਕੋਈ ਗੱਲ ਨਹੀਂ ਬੇਟਾ ਇਹ ਟੁੱਟਿਆ ਨਹੀਂ, ਨਿਕਲਿਆ ਹੈ। ਇਹ ਤੇਰੇ ਪੱਕੇ (ਸਥਾਈ) ਦੰਦ ਨਹੀਂ, ਇਹ ਤਾਂ ਦੁੱਧ-ਦੰਦ ਹੀ ਹਨ, ਜਿਹੜੇ ਹੁਣ ਨਿਕਲਣੇ ਸ਼ੁਰੂ ਹੋਏ ਹਨ।" ਮੰਮੀ ਨੇ ਸਮਝਾਉਂਦੇ ਹੋਏ ਕਿਹਾ।

"ਪਰ ਮੈਂ ਹੁਣ ਦੰਦਾਂ ਬਿਨਾਂ ਕਿਵੇਂ ਖਾਵਾਂਗੀ ?" ਡਿੰਪਲ ਨੇ ਪੁੱਛਿਆ।

"ਬੇਟਾ, ਤੂੰ ਇੱਕ ਸਾਲ ਦੀ ਉਮਰ ਤੱਕ ਵੀ ਬਿਨਾਂ ਦੰਦਾਂ ਤੋਂ ਹੀ ਸੀ। ਉਦੋਂ ਤੱਕ ਤੇਰੇ ਮੂੰਹ ਵਿੱਚ ਕੋਈ ਦੰਦ ਨਹੀਂ ਸੀ। ਫਿਰ ਤੇਰੇ ਦੁੱਧ ਦੇ ਦੰਦ ਆਏ। ਹੁਣ ਇਹ ਨਿਕਲ ਕੇ ਨਾਲ਼ੋ-ਨਾਲ਼ ਹੀ ਨਵੇਂ ਆਉਂਦੇ ਜਾਣਗੇ। ਬੱਸ ਤੂੰ ਖ਼ੁਰਾਕ ਵਿੱਚ ਦੁੱਧ ਅਤੇ ਹੋਰ ਕੈਲਸ਼ੀਅਮ ਵਾਲ਼ੇ ਭੋਜਨ, ਲੋੜ ਮੁਤਾਬਿਕ ਜ਼ਰੂਰ ਲੈਣੇ ਹਨ, ਤਾਂ ਕਿ ਟੇਢੇ-ਮੇਢੇ ਅਤੇ ਖ਼ਰਾਬ ਦੰਦ ਨਾ ਉੱਗਣ।" ਮੰਮੀ ਨੇ ਸਮਝਾਇਆ।

"ਮੰਮੀ ਨਵੇਂ ਦੰਦ ਵੀ ਉੱਨੇ ਹੀ ਆਉਣਗੇ ਜਿੰਨੇ ਪੁਰਾਣੇ ਨਿਕਲਣਗੇ ?" ਬੱਚੀ ਨੇ ਉਤਸੁਕਤਾ ਨਾਲ਼ ਪੁੱਛਿਆ।

"ਬੇਟਾ, ਦੁੱਧ ਦੰਦ ਤਾਂ ਸਿਰਫ਼ 20 ਹੀ ਸਨ। ਜਿਹੜੇ ਹੁਣ ਪੱਕੇ ਦੰਦ ਆਉਣਗੇ ਉਨ੍ਹਾਂ ਵਿੱਚ ਤਾਂ ਚਬਾਉਣ ਵਾਲੀਆਂ ਜਾੜ੍ਹਾਂ ਵੀ ਹੋਣਗੀਆਂ ਅਤੇ ਤੇਰੇ ਕੁੱਲ ਦੰਦ 32 ਹੋ ਜਾਣਗੇ।" ਮੰਮੀ ਨੇ ਸਮਝਾਇਆ।




ਪੱਕੇ ਦੰਦ

"ਮੰਮੀ, ਜੇ ਮੇਰੇ ਦਾਦਾ ਜੀ ਨੂੰ ਵੱਧ ਕੈਲਸ਼ੀਅਮ ਖੁਆਈਏ, ਕੀ ਉਨ੍ਹਾਂ ਦੇ ਵੀ ਦੁਬਾਰਾ ਦੰਦ ਆ ਜਾਣਗੇ ?" ਡਿੰਪਲ ਨੇ ਹੋਰ ਉਤਸੁਕਤਾ ਨਾਲ਼ ਪੁੱਛਿਆ।


"ਨਹੀਂ ਬੇਟਾ, ਮਨੁੱਖ ਵਿੱਚ ਸਿਰਫ਼ ਦੋ ਵਾਰ ਹੀ ਦੰਦ ਆਉਂਦੇ ਹਨ— ਇੱਕ ਵਾਰ ਦੁੱਧ-ਦੰਦ ਅਤੇ ਦੂਜੀ ਵਾਰ ਪੱਕੇ-ਦੰਦ।" ਮੰਮੀ ਨੇ ਉਸਨੂੰ ਹੱਸਦਿਆਂ ਹੋਇਆ ਜਵਾਬ ਦਿੱਤਾ।

"ਮੰਮੀ ਜੀ, ਉਹਨਾਂ ਤੋਂ ਤਾਂ ਦੰਦਾਂ ਬਿਨਾਂ ਕੁੱਝ ਸ਼ਬਦ ਵੀ ਠੀਕ ਬੋਲੇ ਨਹੀਂ ਜਾਂਦੇ।" ਡਿੰਪਲ ਫਿਰ ਬੋਲੀ।

"ਹਾਂ, ਕਿਉਂਕਿ ਦੰਦ ਵੀ ਬੋਲਣ ਵਿੱਚ ਮਦਦ ਕਰਦੇ ਨੇ। ਬੋਲਣ ਵੇਲੇ ਕਦੇ ਜੀਭ ਦੰਦਾਂ ਵਿਚਕਾਰ ਆਉਂਦੀ ਹੈ ਅਤੇ ਕਦੇ ਦੰਦਾਂ ਦੇ ਪਿਛਲੇ ਹਿੱਸੇ ਨੂੰ ਛੂੰਹਦੀ ਹੈ।" ਮੰਮੀ ਨੇ ਦੱਸਿਆ।

ਡਿੰਪਲ ਨੇ ਹੋਰ ਪੁੱਛਦਿਆਂ ਕਿਹਾ "ਫਿਰ ਮੰਮੀ ਜੀਭ ਦਾ ਕੀ ਕੰਮ ਹੋਇਆ ?"

"ਬੇਟਾ, ਜੀਭ ਵੀ ਬੋਲਣ ਵਿੱਚ ਮਦਦ ਕਰਦੀ ਹੈ। ਨਾਲ਼ੇ ਵੱਖ-ਵੱਖ ਸਵਾਦਾਂ ਦਾ ਵੀ ਜੀਭ ਤੋਂ ਹੀ ਪਤਾ ਲੱਗਦਾ ਹੈ। ਜਿਵੇਂ ਮਿੱਠਾ, ਖੱਟਾ, ਨਮਕੀਨ ਅਤੇ ਕੌੜਾ।" ਮੰਮੀ ਨੇ ਸਮਝਾਇਆ।





ਜੀਭ ਉੱਪਰ ਵੱਖ-ਵੱਖ ਸਵਾਦਾਂ ਦੇ ਖੇਤਰ


### ਕੀ ਤੁਸੀਂ ਜਾਣਦੇ ਹੋ ?

ਦੰਦ ਬਹੁਤ ਸਖ਼ਤ ਪਦਾਰਥ ਕੈਲਸ਼ੀਅਮ ਤੋਂ ਬਣੇ ਹੁੰਦੇ ਹਨ। ਇਹ ਜਬਾੜਿਆਂ ਵਿੱਚ ਲੱਗੇ ਹੁੰਦੇ ਹਨ।

ਦੰਦਾਂ ਦੇ ਮੁੱਖ ਤੌਰ ਤੇ ਦੋ ਭਾਗ ਹੁੰਦੇ ਹਨ।

1. ਉੱਪਰਲਾ ਹਿੱਸਾ ਜਾਂ **ਕਰਾਊਨ (Crown)** : ਦੰਦ ਦਾ ਜਿਹੜਾ ਹਿੱਸਾ ਮਸੂੜਿਆਂ ਤੋਂ ਬਾਹਰ ਦਿਖਾਈ ਦਿੰਦਾ ਹੈ, ਉਸਨੂੰ ਕਰਾਊਨ ਕਿਹਾ ਜਾਂਦਾ ਹੈ। ਇਹ ਭੋਜਨ ਨੂੰ ਚਬਾਉਣ ਵਿੱਚ ਮਦਦ ਕਰਦਾ ਹੈ।
2. ਹੇਠਲਾ ਹਿੱਸਾ ਜਾਂ **ਜੜ੍ਹ (Root)** : ਦੰਦ ਦਾ ਜਿਹੜਾ ਹਿੱਸਾ ਅਸੀਂ ਨਹੀਂ ਦੇਖ ਸਕਦੇ ਅਤੇ ਮਸੂੜਿਆ ਦੇ ਅੰਦਰ ਹੁੰਦਾ ਹੈ, ਉਸਨੂੰ ਜੜ੍ਹ ਕਿਹਾ ਜਾਂਦਾ ਹੈ। ਇਹ ਦੰਦ ਨੂੰ ਮਜ਼ਬੂਤੀ ਨਾਲ਼ ਜਕੜ ਕੇ ਰੱਖਦਾ ਹੈ।



**ਦੰਦਾਂ ਦੀ ਬੁਰਸ਼ ਨਾਲ ਸਫ਼ਾਈ ਕਰਨ ਦਾ ਢੰਗ—** ਦੰਦਾਂ ਨੂੰ ਉੱਪਰੋਂ-ਹੇਠਾਂ, ਹੇਠੋਂ-ਉੱਪਰ, ਅੰਦਰੋ-ਬਾਹਰੋਂ ਚੰਗੀ ਤਰ੍ਹਾਂ ਹੌਲ਼ੀ-ਹੌਲ਼ੀ ਨਰਮ ਬੁਰਸ਼ 'ਤੇ ਪੇਸਟ ਲਗਾ ਕੇ ਸਾਫ਼ ਕਰਨਾ ਚਾਹੀਦਾ ਹੈ।

ਦੰਦਾਂ ਦੇ ਉਪਰੱਲੀ ਚਿੱਟੀ ਪਰਤ, ਸਰੀਰ ਦਾ ਸੱਭ ਤੋਂ ਸਖ਼ਤ ਹਿੱਸਾ ਹੁੰਦੀ ਹੈ, ਇਸ ਨੂੰ **ਇਨੈਮਲ (Enamel)** ਆਖਦੇ ਹਨ।

**ਦੰਦ ਚਾਰ ਪ੍ਰਕਾਰ ਦੇ ਹੁੰਦੇ ਹਨ। ਇਹਨਾਂ ਦੀ ਕਿਸਮ ਅਤੇ ਕੰਮ ਹੇਠ ਲਿਖੇ ਅਨੁਸਾਰ ਹੈ**

| ਦੰਦਾਂ ਦੀ ਕਿਸਮ | ਦੰਦਾਂ ਦਾ ਕੰਮ | ਗਿਣਤੀ |
|---|---|---|
| ਅਗਲੇ ਦੰਦ | ਭੋਜਨ ਨੂੰ ਕੱਟਦੇ ਹਨ | 8 |
| ਸੂਏ ਦੰਦ | ਭੋਜਨ ਨੂੰ ਪਾੜਦੇ ਹਨ। | 4 |
| ਅਗਰ ਜਾੜ੍ਹ | ਭੋਜਨ ਨੂੰ ਚਬਾਉਂਦੇ ਹਨ | 8 |
| ਜਾੜ੍ਹ | ਭੋਜਨ ਨੂੰ ਬਰੀਕ ਕਰਦੇ ਹਨ | 12 |

ਬਾਲਗ ਮਨੁੱਖ ਦੇ ਦੰਦਾਂ ਦੀ ਕੁੱਲ ਗਿਣਤੀ 32 ਹੁੰਦੀ ਹੈ।

**ਕਿਰਿਆ 1 :** ਵਿਦਿਆਰਥੀਆਂ ਨੂੰ ਹੇਠ ਲਿਖੇ ਵਾਕ ਤੇਜ਼-ਤੇਜ਼ ਬੋਲਣ ਲਈ ਕਿਹਾ ਜਾਵੇ।

(ੳ) ਕੱਚਾ ਪਾਪੜ ਪੱਕਾ ਪਾਪੜ ਕੱਚਾ ਪਾਪੜ ਪੱਕਾ ਪਾਪੜ

(ਅ) ਦਿੱਲੀ ਦੇ ਦੁਕਾਨਦਾਰ, ਦਾਦੀ ਦੇ ਦੋ ਦੁਖਦੇ ਦੰਦਾਂ ਦੀ ਦਵਾਈ ਦੇ ਦੇ

ਅਜਿਹੇ ਵਾਕ ਤੇਜ਼ੀ ਨਾਲ ਬੁਲਵਾ ਕੇ, ਬੋਲਣ ਸਮੇਂ ਹਿੱਸਾ ਲੈਂਦੇ ਮੂੰਹ ਦੇ ਵੱਖ-ਵੱਖ ਭਾਗਾਂ ਬਾਰੇ ਜਾਣਕਾਰੀ ਦਿੱਤੀ ਜਾਵੇ।

1. ਦੁੱਧ-ਦੰਦ ਗਿਣਤੀ ਵਿੱਚ ਕਿੰਨੇ ਹੁੰਦੇ ਹਨ ਅਤੇ ਪੱਕੇ -ਦੰਦ ਕਿੰਨੇ ?

..........................................................................................

..........................................................................................

2. ਜੀਭ ਦੇ ਕੀ-ਕੀ ਕੰਮ ਹਨ ?

..........................................................................................

..........................................................................................

**ਕਿਰਿਆ 2 :** ਆਪਣੇ ਪਰਿਵਾਰ ਦੇ ਮੈਂਬਰਾਂ ਦੇ ਦੰਦਾਂ ਦੀ ਗਿਣਤੀ ਅਤੇ ਹਾਲਤ ਲਿਖੋ।

| ਮੈਂਬਰ ਦਾ ਨਾਂ | ਰਿਸ਼ਤਾ | ਦੰਦਾਂ ਦੀ ਗਿਣਤੀ | ਦੰਦਾਂ ਦੀ ਹਾਲਤ |
|---|---|---|---|
| | | | |
| | | | |
| | | | |
| | | | |

3. ਇਨੈਮਲ ਕੀ ਹੁੰਦਾ ਹੈ ?

..............................................................................................

..............................................................................................

4. ਦੰਦਾਂ ਨੂੰ ਖ਼ਰਾਬ ਹੋਣ ਤੋਂ ਬਚਾਉਣ ਲਈ ਤੁਸੀਂ ਕੀ ਕਰਦੇ ਹੋ ?

..............................................................................................

..............................................................................................

5. ਮਿਲਾਨ ਕਰੋ :

| | |
|---|---|
| ਅਗਲੇ ਦੰਦ | ਭੋਜਨ ਨੂੰ ਪਾੜਦੇ ਹਨ। |
| ਸੂਏ ਦੰਦ | ਭੋਜਨ ਨੂੰ ਚਬਾਉਂਦੇ ਹਨ |
| ਅਗਰ ਜਾੜ੍ਹ | ਭੋਜਨ ਨੂੰ ਬਰੀਕ ਕਰਦੇ ਹਨ |
| ਜਾੜ੍ਹ | ਭੋਜਨ ਨੂੰ ਕੱਟਦੇ ਹਨ |

6. ਜੀਭ ਨਾਲ ਸਾਨੂੰ ਕਿਹੜੇ-ਕਿਹੜੇ ਸੁਆਦ ਪਤਾ ਲੱਗਦੇ ਹਨ ?

..............................................................................................

..............................................................................................

ਇੰਨੇ ਸਮੇਂ ਵਿੱਚ ਗਲ਼ੀ ਵਿੱਚ ਹਾਥੀ ਦਿਖਾਉਣ ਵਾਲੇ ਆ ਗਏ। ਡਿੰਪਲ ਨੇ ਵੀ ਆਪਣੀ ਮੰਮੀ ਨਾਲ ਜਾ ਕੇ ਹਾਥੀ ਦੇਖਿਆ ਅਤੇ ਉਹ ਦੇਖ ਕੇ ਬੜੀ ਹੈਰਾਨ ਹੋਈ ਕਿ ਹਾਥੀ ਦੇ ਮੂੰਹ ਤੋਂ ਬਾਹਰ ਦੋ ਲੰਬੇ-ਲੰਬੇ ਦੰਦ ਸਨ। ਮੰਮੀ ਨੇ ਦੱਸਿਆ ਕਿ ਇਹ ਦੰਦ ਖਾਣ ਵਿੱਚ ਮਦਦ ਨਹੀਂ ਕਰਦੇ। ਖਾਣ ਵਾਲੇ ਦੰਦ, ਹਾਥੀ ਦੇ ਮੂੰਹ ਵਿੱਚ ਵੱਖਰੇ ਹੁੰਦੇ ਹਨ।



ਕੁੱਤੇ ਅਤੇ ਹਾਥੀ ਦੇ ਦੰਦ

ਹਾਥੀ ਦੇ ਪਿੱਛੇ ਕੁੱਝ ਕੁੱਤੇ ਵੀ ਭੌਂਕ ਰਹੇ ਸਨ। "ਮੰਮੀ ਔਹ ਦੇਖੋ! ਕੁੱਤੇ ਦੇ ਮੂੰਹ ਦੇ ਅੰਦਰ ਵੀ ਬਾਕੀ ਦੰਦਾਂ ਨਾਲ਼ੋ ਥੋੜ੍ਹੇ ਜਿਹੇ ਲੰਬੇ ਦੋ ਦੰਦ ਹਨ।" ਡਿੰਪਲ ਨੇ ਮੰਮੀ ਦਾ ਹੱਥ ਖਿੱਚਦੇ ਕਿਹਾ। "ਹਾਂ ਬੇਟਾ, ਸਾਰੇ ਮਾਸ ਖਾਣ ਵਾਲੇ ਜਾਨਵਰਾਂ ਵਿੱਚ ਹੀ ਇਹ ਸੂਏ ਦੰਦ ਥੋੜ੍ਹੇ ਵੱਡੇ ਹੁੰਦੇ ਨੇ। ਇਨ੍ਹਾਂ ਦੰਦਾਂ ਨਾਲ਼ ਇਹ ਮਾਸ ਨੂੰ ਪਾੜਦੇ ਹਨ। ਬਾਕੀ ਦੰਦਾਂ ਅਤੇ ਜਾੜ੍ਹਾਂ ਨਾਲ ਕੁੱਤਾ ਹੋਰ ਖਾਣ ਵਾਲੀਆਂ ਚੀਜ਼ਾਂ ਨੂੰ ਚਬਾਉਂਦਾ ਹੈ।" ਮੰਮੀ ਨੇ ਆਪਣੀ ਸਮਝ ਅਨੁਸਾਰ ਦੱਸਿਆ।

"ਮੰਮੀ ਜੀ, ਇਹ ਮੱਝ ਅਤੇ ਗਾਂ ਬੈਠ ਕੇ ਕੀ ਚਬਾ ਰਹੀਆਂ ਹਨ?" ਡਿੰਪਲ ਨੇ ਪੁੱਛਿਆ। ਮੰਮੀ ਨੇ ਦੱਸਿਆ ਕਿ ਇਹ ਘਾਹ ਖਾਣ ਵਾਲ਼ੇ ਸ਼ਾਕਾਹਾਰੀ ਪਸ਼ੂਆਂ ਦੇ ਅਗਲੇ ਦੰਦ ਘਾਹ ਅਤੇ ਚਾਰੇ ਨੂੰ ਕੱਟ ਕੇ ਖਾਣ ਲਈ ਚੌੜੇ ਅਤੇ ਤਿੱਖੇ ਹੁੰਦੇ ਹਨ,ਜਿਸ ਨਾਲ ਇਹ ਜਲਦੀ-ਜਲਦੀ ਚਾਰਾ ਖਾ ਲੈਂਦੇ ਹਨ, ਫਿਰ ਅਰਾਮ ਨਾਲ ਬੈਠ ਕੇ ਖਾਧਾ ਹੋਇਆ ਚਾਰਾ ਵਾਪਸ ਮੂੰਹ ਵਿੱਚ ਲਿਆ ਕੇ ਪਿਛਲੇ ਵੱਡੇ ਦੰਦਾਂ ਦੀ ਮਦਦ ਨਾਲ ਚਿੱਥ ਕੇ ਬਰੀਕ ਕਰਕੇ ਪਚਣਯੋਗ ਬਣਾਉਂਦੇ ਹਨ। ਇਸ ਨੂੰ ਹੀ ਜੁਗਾਲ਼ੀ ਕਰਨਾ ਕਹਿੰਦੇ ਹਨ।

ਗਲਹਿਰੀ ਅਤੇ ਖ਼ਰਗੋਸ਼ ਵਰਗੇ ਜਾਨਵਰਾਂ ਦੇ ਦੰਦ ਵੀ ਬੀਜਾਂ ਅਤੇ ਫਲ਼ਾਂ ਨੂੰ ਛਿੱਲ ਕੇ ਖਾਣ ਲਈ ਬੜੇ ਤਿੱਖੇ ਹੁੰਦੇ ਹਨ।

7. 'ਹਾਥੀ ਦੇ ਦੰਦ ਖਾਣ ਦੇ ਹੋਰ ਅਤੇ ਦਿਖਾਉਣ ਲਈ ਹੋਰ' ਤੋਂ ਤੁਸੀਂ ਕੀ ਸਮਝਦੇ ਹੋ ?

..........................................................................................

..........................................................................................

8. ਕੁੱਤੇ ਦੇ ਲੰਬੇ ਦੰਦ ਕਿਸ ਕੰਮ ਲਈ ਹੁੰਦੇ ਹਨ ?

..........................................................................................

..........................................................................................

**ਕਿਰਿਆ 3 :** ਤੁਹਾਡੇ ਆਲ਼ੇ-ਦੁਆਲ਼ੇ ਵਿੱਚ ਰਹਿੰਦੇ ਜਾਨਵਰਾਂ ਦੀਆਂ ਭੋਜਨ ਆਦਤਾਂ ਨੂੰ ਪਰਖੋ। ।

| ਜਾਨਵਰ ਦਾ ਨਾਂ | ਭੋਜਨ | ਸ਼ਾਕਾਹਾਰੀ/ਮਾਸਾਹਾਰੀ | ਅਗਲੇ ਦੰਦਾਂ ਦੀ ਬਣਤਰ |
|---|---|---|---|
| | | | |
| | | | |
| | | | |
| | | | |
| | | | |

**ਪੰਛੀਆਂ ਦੀਆਂ ਚੁੰਝਾਂ (Beaks of birds)**—ਅਗਲੇ ਦਿਨ ਦੀ ਸਵੇਰ ਡਿੰਪਲ ਆਪਣੇ ਪਰਿਵਾਰ ਦੇ ਮੈਂਬਰਾਂ ਨਾਲ ਨਹਿਰ ਦੇ ਕੰਢੇ ਸੈਰ ਕਰਨ ਗਈ। ਆਲ਼ੇ-ਦੁਆਲ਼ੇ ਦੇ ਦਰਖ਼ਤਾਂ ਵਿੱਚੋਂ ਵੱਖ-ਵੱਖ ਪੰਛੀਆਂ ਦੀਆਂ ਮਨਮੋਹਕ ਅਵਾਜ਼ਾਂ ਆ ਰਹੀਆਂ ਸਨ। ਕੋਇਲ ਉੱਚੀ-ਉੱਚੀ ਕੂਕ ਰਹੀ ਸੀ।

ਡਿੰਪਲ ਨੇ ਚਿੜੀਆਂ ਦੇ ਚੰਬੇ ਨੂੰ ਦਾਣੇ ਖਾਂਦਾ ਦੇਖ ਪਾਪਾ ਜੀ ਤੋਂ ਪੁੱਛਿਆ ਕਿ ਪੰਛੀਆਂ ਦੇ ਕਿੰਨੇ ਦੰਦ ਹੁੰਦੇ ਹਨ।

ਪਾਪਾ ਜੀ ਨੇ ਕਿਹਾ "ਬੇਟਾ, ਪੰਛੀ ਭੋਜਨ ਖਾਣ ਲਈ ਦੰਦਾਂ ਦਾ ਕੰਮ ਆਪਣੀ ਚੁੰਝ ਤੋਂ ਲੈਂਦੇ ਹਨ। ਇਹਨਾਂ ਦੀਆਂ ਚੁੰਝਾਂ ਦੀ ਬਨਾਵਟ ਤੋਂ ਇਹਨਾਂ ਦੇ ਮਨਪਸੰਦ ਭੋਜਨ ਦਾ ਵੀ ਪਤਾ ਲੱਗ ਜਾਂਦਾ ਹੈ।"

**ਚਿੜੀਆਂ, ਕਬੂਤਰ, ਮੋਰ, ਮੁਰਗੀ ਅਤੇ ਘੁੱਗੀਆਂ** ਦੀ ਚੁੰਝ ਛੋਟੀ ਅਤੇ ਇੰਨ੍ਹੀ ਕੁ ਸਖ਼ਤ ਹੁੰਦੀ ਹੈ ਕਿ ਇਹ ਦਾਣਿਆਂ ਨੂੰ ਤੋੜ ਕੇ ਖਾ ਲੈਂਦੇ ਹਨ। ਤੋਤਾ ਫਲ਼ ਖਾਣ ਦਾ ਸ਼ੌਕੀਨ ਹੈ। ਇਹ ਆਪਣੀ ਗੋਲਾਈਦਾਰ ਅਤੇ ਹੁੱਕ ਵਾਂਗ ਮੁੜੀ ਹੋਈ ਚੁੰਝ ਨਾਲ ਸਖ਼ਤ, ਕੱਚੇ ਅਤੇ ਪੱਕੇ ਤਰ੍ਹਾਂ ਦੇ

ਸਾਰੇ ਫਲ਼ ਖਾ ਲੈਂਦਾ ਹੈ।

**ਉੱਲੂ, ਬਾਜ ਅਤੇ ਇੱਲ** (ਸ਼ਿਕਾਰੀ ਪੰਛੀ) ਦੀ ਚੁੰਝ ਛੋਟੀ, ਹੁੱਕ ਵਾਂਗ ਸਿਰੇ ਤੋਂ ਮੁੜੀ, ਨੁਕੀਲੀ ਅਤੇ ਸਖ਼ਤ ਹੁੰਦੀ ਹੈ। ਜਿਸ ਨਾਲ ਇਹ ਆਪਣੇ ਸ਼ਿਕਾਰ ਚੂਹੇ, ਛੋਟੇ ਪੰਛੀ ਅਤੇ ਜਾਨਵਰਾਂ ਦਾ ਮਾਸ ਖਾ ਜਾਂਦੇ ਹਨ।

**ਬੱਤਖਾਂ** ਦੀ ਚੁੰਝ ਵੱਡੀ, ਸਿੱਧੀ ਅਤੇ ਸੁਰਾਖਦਾਰ ਹੁੰਦੀ ਹੈ। ਇਹ ਚਿੱਕੜ ਵਾਲੇ ਗੰਧਲੇ ਪਾਣੀ ਵਿੱਚੋਂ ਵੀ ਕੀੜੇ ਫੜ ਕੇ ਖਾਂਦੀ ਹੈ। ਪਾਣੀ ਅਤੇ ਚਿੱਕੜ ਚੁੰਝ ਦੇ ਸੁਰਾਖਾਂ ਵਿੱਚੋਂ ਬਾਹਰ ਨਿੱਕਲ ਜਾਂਦੇ ਹਨ ਅਤੇ ਉਸ ਵਿੱਚ ਬਚੇ ਹੋਏ ਕੀੜਿਆਂ ਨੂੰ ਇਹ ਖਾ ਜਾਂਦੀ ਹੈ। **ਪੈਲੀਕਨ** ਦੀ ਚੁੰਝ ਹੇਠਾਂ ਭੋਜਨ ਜਮ੍ਹਾਂ ਕਰਨ ਲਈ ਥੈਲੀ ਲੱਗੀ ਹੁੰਦੀ ਹੈ। **ਚੱਕੀਰਾਹੇ** ਦੀ ਲੰਬੀ, ਸਿੱਧੀ ਅਤੇ ਤਿੱਖੀ ਚੁੰਝ ਦਰਖਤਾਂ ਦੀਆਂ ਖੋੜਾਂ ਅਤੇ ਛਿੱਲ ਵਿੱਚੋਂ ਕੀੜੇ ਖਾਣ ਵਿੱਚ ਮਦਦ ਕਰਦੀ ਹੈ।

**ਸ਼ੱਕਰਖੋਰਾ** ਪਾਈਪ ਵਰਗੀ ਬਾਰੀਕ ਅਤੇ ਲੰਬੀ ਚੁੰਝ ਨਾਲ ਉੱਡਦਾ-ਉੱਡਦਾ ਫੁੱਲਾਂ ਵਿੱਚੋਂ ਰਸ ਚੂਸ ਲੈਂਦਾ ਹੈ। **ਕਿੰਗਫਿਸ਼ਰ** ਪੰਛੀ ਆਪਣੀ ਲੰਬੀ ਅਤੇ ਮੋਟੀ ਚੁੰਝ ਨਾਲ ਤਲਾਬ ਵਿੱਚੋਂ ਮੱਛੀਆਂ ਅਤੇ ਡੱਡੂ ਵਰਗੇ ਛੋਟੇ ਜੀਵਾਂ ਨੂੰ ਫੜ ਕੇ ਖਾ ਲੈਂਦਾ ਹੈ।

ਪੰਛੀ ਆਪਣੀ ਚੁੰਝ ਨਾਲ ਭੋਜਨ ਖਾਣ ਤੋਂ ਇਲਾਵਾ ਆਲ੍ਹਣੇ ਬਣਾਉਣ, ਆਪਣੇ ਬੱਚਿਆਂ ਨੂੰ ਖਾਣਾ ਦੇਣ, ਖੰਭਾਂ ਦੀ ਸਫ਼ਾਈ ਅਤੇ ਆਤਮ-ਰੱਖਿਆ ਲਈ ਵੀ ਵਰਤੋਂ ਵਿੱਚ ਲਿਆਉਂਦੇ ਹਨ।







........................ ........................ ........................







........................ ........................ ........................

ਪੰਛੀਆਂ ਦੇ ਨਾਂ ਲਿਖੋ

**9. ਸਹੀ ਉੱਤਰ ਚੁਣ ਕੇ (✓) ਦਾ ਨਿਸ਼ਾਨ ਲਗਾਓ।**

(ੳ) ਇਹਨਾਂ ਵਿੱਚੋਂ ਕਿਹੜਾ ਪੰਛੀ ਮੱਛੀ ਫੜ ਕੇ ਖਾ ਲੈਂਦਾ ਹੈ।

(ੳ) ਤੋਤਾ (ਅ) ਕਿੰਗਫਿਸ਼ਰ (ੲ) ਕਾਂ (ਸ) ਕਬੂਤਰ

(ਅ) ਇਹਨਾਂ ਵਿੱਚੋਂ ਕਿਹੜੇ ਪੰਛੀ ਦੀ ਚੁੰਝ ਹੇਠਾਂ ਥੈਲੀ ਹੁੰਦੀ ਹੈ।

(ੳ) ਬੱਤਖ (ਅ) ਪੈਲੀਕਨ (ੲ) ਚੱਕੀਰਾਹਾ (ਸ) ਕਿੰਗਫਿਸ਼ਰ

**10. ਚੱਕੀਰਾਹੇ ਦੀ ਚੁੰਝ ਚਿੜੀ ਦੀ ਚੁੰਝ ਨਾਲੋਂ ਲੰਬੀ ਕਿਉਂ ਹੁੰਦੀ ਹੈ?**

.......................................................................................................

.......................................................................................................

**11. ਕਿਹੜੇ ਕਿਹੜੇ ਪੰਛੀ ਸ਼ਿਕਾਰ ਕਰਕੇ ਮਾਸ ਖਾਂਦੇ ਹਨ?**

.......................................................................................................

**ਕਿਰਿਆ-4** ਤੁਹਾਡੇ ਆਲ਼ੇ-ਦੁਆਲ਼ੇ ਵਿੱਚ ਛੋਟੀ ਅਤੇ ਵੱਡੀ ਚੁੰਝ ਵਾਲੇ ਪੰਛੀਆਂ ਦੇ ਨਾਂ ਅਤੇ ਉਹਨਾਂ ਦੇ ਭੋਜਨ ਬਾਰੇ ਲਿਖੋ।

| ਵੱਡੀ ਚੁੰਝ ਵਾਲੇ | ਭੋਜਨ | ਛੋਟੀ ਚੁੰਝ ਵਾਲੇ | ਭੋਜਨ |
|---|---|---|---|
| | | | |
| | | | |

**ਪੰਛੀਆਂ ਦੇ ਪੰਜੇ (Claws of Birds)**—ਡਿੰਪਲ ਦੇ ਛੋਟੇ ਭਰਾ ਕੀਰਤ ਨੇ ਪਾਪਾ ਜੀ ਨੂੰ ਬੜੀ ਹੈਰਾਨੀ ਨਾਲ ਪੁੱਛਿਆ ਕਿ ਬੱਤਖਾਂ ਦੇ ਪੰਜੇ ਦੀਆਂ ਉਂਗਲਾਂ ਆਪਸ ਵਿੱਚ ਕਿਉਂ ਜੁੜੀਆਂ ਹੁੰਦੀਆਂ ਹਨ?

ਪਾਪਾ ਜੀ ਨੇ ਜਵਾਬ ਦਿੱਤਾ ਕਿ ਆਮ ਤੌਰ ਤੇ ਹਰੇਕ ਪੰਛੀ ਦੇ ਪੰਜੇ ਵਿੱਚ ਚਾਰ ਉਂਗਲਾਂ (toes) ਅਤੇ ਉਹਨਾਂ ਨਾਲ਼ ਜੁੜੀਆਂ ਹੋਈਆਂ ਚਾਰ ਨਹੁੰਦਰਾਂ ਹੁੰਦੀਆਂ ਹਨ। ਬੱਤਖ ਦੇ ਪਾਣੀ ਵਿੱਚ ਅਸਾਨੀ ਨਾਲ਼ ਤੈਰ ਅਤੇ ਤੁਰ ਸਕਣ ਲਈ ਇਸ ਦੀਆਂ ਚਾਰੇ ਨਹੁੰਦਰਾਂ ਇੱਕ ਪਤਲੀ ਝਿੱਲੀ ਨਾਲ ਜੁੜੀਆਂ ਹੁੰਦੀਆਂ ਹਨ।

ਚਿੜੀਆਂ, ਕਾਂ ਅਤੇ ਕਬੂਤਰਾਂ ਦੀਆਂ ਨਹੁੰਦਰਾਂ ਦਰਖਤਾਂ ਨੂੰ ਕੱਸ ਕੇ ਫੜਨ ਲਈ ਹੁੰਦੀਆਂ ਹਨ। ਇਹਨਾਂ ਦੀ ਮਦਦ ਨਾਲ਼ ਇਹ ਲੰਮੇ ਸਮੇਂ ਲਈ ਬੈਠ 'ਤੇ ਸੌਂ ਵੀ ਸਕਦੇ ਹਨ। ਮੁਰਗੀ ਅਤੇ ਮੋਰ ਵਰਗੇ ਪੰਛੀ ਜ਼ਮੀਨ ਨੂੰ ਸਖ਼ਤ ਤੇ ਤਿੱਖੀਆਂ ਨਹੁੰਦਰਾਂ ਨਾਲ ਫਰੋਲ ਕੇ ਕੀੜੇ ਅਤੇ ਦਾਣੇ ਖਾਂਦੇ ਹਨ। ਬਾਜ ਅਤੇ ਉੱਲੂ ਵਰਗੇ ਸ਼ਿਕਾਰੀ ਪੰਛੀਆਂ ਦੀਆਂ ਨਹੁੰਦਰਾਂ ਸ਼ਿਕਾਰ ਫੜਨ ਅਤੇ ਮਾਸ ਨੋਚਣ ਲਈ ਮਜ਼ਬੂਤ ਅਤੇ ਨੁਕੀਲੀਆਂ ਹੁੰਦੀਆਂ ਹਨ।



ਬਾਜ ਸ਼ਿਕਾਰ ਕਰਦਾ ਹੋਇਆ



ਚੱਕੀਰਾਹਾ

ਚੱਕੀਰਾਹੇ ਦੇ ਪੰਜੇ ਦੀਆਂ ਨਹੁੰਦਰਾਂ ਜੋੜੇ ਦੇ ਰੂਪ ਵਿੱਚ ਇੱਕ ਦੂਜੇ ਤੋਂ ਉਲਟ ਹੁੰਦੀਆਂ ਹਨ ਤਾਂ ਜੋ ਇਹ ਦਰਖਤਾਂ ਦੀ ਛਿੱਲ ਨੂੰ ਚੰਗੀ ਤਰ੍ਹਾਂ ਨਾਲ ਫੜ ਕੇ ਤੁਰ ਸਕੇ।

ਸ਼ੁਤਰਮੁਰਗ ਉੱਡ ਨਹੀਂ ਸਕਦਾ। ਇਹ ਦੌੜਨ ਵਾਲਾ ਪੰਛੀ ਹੈ। ਇਸ ਦੇ ਹਰੇਕ ਪੰਜੇ ਵਿੱਚ ਕੇਵਲ ਦੋ ਉਂਗਲਾਂ ਹੀ ਹੁੰਦੀਆਂ ਹਨ।

ਬੱਚਿਓ! ਪੰਛੀਆਂ ਦੇ ਪੰਜੇ ਅਤੇ ਚੁੰਝਾਂ ਵੀ ਇਹਨਾਂ ਦੇ ਰਹਿਣ ਅਤੇ ਭੋਜਨ ਪ੍ਰਾਪਤ ਕਰਨ ਦੇ ਵੱਖ-ਵੱਖ ਢੰਗਾਂ ਨਾਲ਼ ਵੱਖ-ਵੱਖ ਹੁੰਦੀਆਂ ਹਨ।




ਬਾਜ

ਕੰਮ

..................

..................

..................



ਚੱਕੀ ਰਾਹਾ

ਕੰਮ

..................

..................

..................



ਚਿੜੀ

..................

..................

..................



ਬੱਤਖ

..................

..................

..................

ਵੱਖ-ਵੱਖ ਪੰਛੀਆਂ ਦੇ ਪੰਜੇ ਅਤੇ ਪੰਜਿਆਂ ਦੇ ਕੰਮ



## ਯਾਦ ਰੱਖਣ ਯੋਗ ਗੱਲਾਂ

- ਬੱਚਿਆਂ ਵਿੱਚ ਦੁੱਧ ਦੇ ਦੰਦਾਂ ਦੀ ਗਿਣਤੀ 20 ਅਤੇ ਬਾਲਗਾਂ ਵਿੱਚ ਪੱਕੇ ਦੰਦਾਂ ਦੀ ਗਿਣਤੀ 32 ਹੁੰਦੀ ਹੈ।
- ਦੰਦਾਂ ਨੂੰ ਹਰ ਰੋਜ਼ ਬੁਰਸ਼ ਜਾਂ ਦਾਤਣ ਨਾਲ਼ ਸਾਫ਼ ਕਰਨਾ ਚਾਹੀਦਾ ਹੈ।
- ਮਾਸਖੋਰ ਜਾਨਵਰਾਂ ਦੇ ਅਗਲੇ ਦੰਦ ਤਿੱਖੇ ਹੁੰਦੇ ਹਨ।
- ਜ਼ਿਆਦਾਤਰ ਪੰਛੀਆਂ ਦੇ ਪੰਜੇ ਵਿੱਚ ਚਾਰ ਉਂਗਲਾਂ ਹੁੰਦੀਆਂ ਹਨ।
- ਪੰਛੀਆਂ ਦੀਆਂ ਚੁੰਝਾਂ ਤੋਂ ਉਨ੍ਹਾਂ ਦੇ ਮਨਪਸੰਦ ਭੋਜਨ ਦਾ ਪਤਾ ਲਗਾਇਆ ਜਾ ਸਕਦਾ ਹੈ।



12. ਬਾਜ ਪੰਜਿਆਂ ਤੋਂ ਕੀ-ਕੀ ਕੰਮ ਲੈਂਦਾ ਹੈ ?

..........................................................................................

..........................................................................................

13. ਬੱਤਖਾਂ ਦੇ ਪੰਜੇ ਦੀਆਂ ਉਂਗਲਾਂ ਵਿਚਕਾਰ ਪਤਲੀ ਝਿੱਲੀ ਉਸ ਲਈ ਕਿਵੇਂ ਫਾਇਦੇਮੰਦ ਹੁੰਦੀ ਹੈ ?

..........................................................................................

..........................................................................................

14. ਕਿਹੜਾ ਪੰਛੀ ਦਰੱਖ਼ਤ ਉੱਪਰ ਅਸਾਨੀ ਨਾਲ਼ ਚੜ੍ਹ ਸਕਦਾ ਹੈ ?

..........................................................................................

..........................................................................................

**ਕਿਰਿਆ-5 :** ਆਲ਼ੇ-ਦੁਆਲ਼ੇ ਦੇ ਪੰਛੀ ਦੇਖ ਕੇ ਉਹਨਾਂ ਦੀਆਂ ਨਹੁੰਦਰਾਂ ਦੇ ਕੰਮ ਲਿਖੋ ?


| ਪੰਛੀ ਦਾ ਨਾਂ | ਨਹੁੰਦਰਾਂ ਦਾ ਕੰਮ |
|---|---|
| | |
| | |
| | |
| | |
| | |
| | |


**ਕਿਰਿਆ 6 —** ਆਪਣੇ ਘਰ ਵਿੱਚ ਪੰਛੀਆਂ ਨੂੰ ਇੱਕ ਸਥਾਨ ਤੇ ਰੋਜ਼ਾਨਾ ਦਾਣੇ ਪਾਓ ਅਤੇ ਜਿਹੜੇ ਪੰਛੀ ਦਾਣੇ ਚੁਗਣ ਆਉਂਦੇ ਹਨ ਉਹਨਾਂ ਦੇ ਨਾਂ ਅਤੇ ਗਿਣਤੀ ਲਿਖੋ।

| ਪੰਛੀ ਦਾ ਨਾਂ | ਗਿਣਤੀ | ਪੰਛੀ ਦਾ ਨਾਂ | ਗਿਣਤੀ |
|---|---|---|---|
| | | | |
| | | | |
| | | | |
| | | | |

ਸੋਚੋ! ਕਿੰਨਾ ਚੰਗਾ ਹੋਵੇ ਜੇ ਕੋਈ ਪੰਛੀ ਜਾਂ ਜਾਨਵਰ ਤੁਹਾਡਾ ਦੋਸਤ ਬਣ ਜਾਵੇ।

## ਦਿਮਾਗੀ ਕਸਰਤ








ਪੰਛੀਆਂ ਨੂੰ ਕਦੇ ਵੀ ਤੰਗ ਕਰਨਾ ਜਾਂ ਮਾਰਨਾ ਨਹੀਂ ਚਾਹੀਦਾ। ਉਹ ਆਪਣੀ ਅਵਾਜ਼ ਅਤੇ ਰੰਗ ਬਰੰਗੇ ਖੰਭਾਂ ਨਾਲ ਵਾਤਾਵਰਨ ਨੂੰ ਸੁੰਦਰ ਅਤੇ ਮਨਮੋਹਕ ਬਣਾਉਂਦੇ ਹਨ। ਸਾਨੂੰ ਘਰ ਦੀ ਛੱਤ ਉੱਪਰ ਉਹਨਾਂ ਲਈ ਦਾਣੇ ਅਤੇ ਪਾਣੀ ਆਦਿ ਰੱਖਣਾ ਚਾਹੀਦਾ ਹੈ।

*****


# ਮਨੁੱਖੀ ਅਵਾਸ

**ਧਰਤੀ -ਸਾਡਾ ਘਰ—** ਸਾਡਾ ਅਸਲੀ ਘਰ ਤਾਂ ਸਾਡੀ ਧਰਤੀ ਹੈ। ਧਰਤੀ ਸਿਰਫ਼ ਮਨੁੱਖ ਦਾ ਹੀ ਨਹੀਂ ਬਲਕਿ ਸਾਰੇ ਜੀਵ-ਜੰਤੂਆਂ ਅਤੇ ਪੌਦਿਆਂ ਦਾ ਵੀ ਨਿਵਾਸ-ਸਥਾਨ ਹੈ। ਧਰਤੀ ਉੱਤੇ ਰਹਿਣ ਵਾਲੇ ਪ੍ਰਾਣੀਆਂ ਵਿੱਚੋਂ ਕੇਵਲ ਮਨੁੱਖ ਹੀ ਅਜਿਹਾ ਪ੍ਰਾਣੀ ਹੈ ਜਿਸਨੇ ਆਪਣੀ ਤੇਜ਼ ਬੁੱਧੀ ਕਾਰਨ ਆਪਣੇ ਲਈ ਭਾਂਤ-ਭਾਂਤ ਦੇ ਨਿਵਾਸ ਸਥਾਨ ਇਸ ਧਰਤੀ ਉੱਪਰ ਬਣਾ ਲਏ ਹਨ। ਇਸ ਪਾਠ ਵਿੱਚ ਅਸੀਂ ਮਨੁੱਖੀ ਅਵਾਸ ਬਾਰੇ ਵਿਸਥਾਰ ਨਾਲ ਪੜ੍ਹਾਂਗੇ।



**ਅਧਿਆਪਕ ਲਈ—** ਗਲੋਬ ਧਰਤੀ ਦਾ ਮਾਡਲ ਹੈ।
ਵਿਦਿਆਰਥੀਆਂ ਨੂੰ ਗਲੋਬ ਵਿਖਾ ਕੇ ਉਸ ਉੱਪਰ ਬਣੇ ਮਹਾਦੀਪਾਂ /ਮਹਾਂਸਾਗਰਾਂ ਬਾਰੇ ਜਾਣਕਾਰੀ ਦੇਣ ਦੇ ਨਾਲ਼-ਨਾਲ਼ ਧਰਤੀ ਦੇ ਆਪਣੇ ਧੁਰੇ ਦੁਆਲ਼ੇ ਘੁੰਮਣ (ਦਿਨ/ਰਾਤ ਦਾ ਬਣਨਾ) ਬਾਰੇ ਵੀ ਦੱਸਿਆ ਜਾ ਸਕਦਾ ਹੈ। ਸੂਰਜ ਪਰਿਵਾਰ ਅਤੇ ਬਾਕੀ ਗ੍ਰਹਿਆਂ ਬਾਰੇ ਵੀ ਦੱਸਿਆ ਜਾ ਸਕਦਾ ਹੈ।

**ਆਦਿ ਮਾਨਵ ਦਾ ਨਿਵਾਸ —** ਆਦਿ ਮਾਨਵ ਦਾ ਅਰਥ ਹੈ ਲੱਖਾਂ ਸਾਲ ਪਹਿਲਾਂ ਦਾ ਮਨੁੱਖ,ਜੋ ਕਿ ਜਾਨਵਰਾਂ ਵਾਂਗ ਜੰਗਲ਼ਾਂ ਵਿੱਚ ਰਹਿੰਦਾ ਸੀ। ਉਹ ਦਰੱਖਤਾਂ ਦੇ ਪੱਤੇ ਅਤੇ ਫਲ਼ ਖਾ ਕੇ ਜਾਂ ਸ਼ਿਕਾਰ ਕਰਕੇ ਆਪਣਾ ਗੁਜ਼ਾਰਾ ਕਰਦਾ ਸੀ। ਮੌਸਮ ਅਨੁਸਾਰ ਸਰਦੀਆਂ ਵਿੱਚ ਉਹ ਗੁਫ਼ਾ ਵਿੱਚ ਰਹਿੰਦਾ ਸੀ ਜਦੋਂ ਕਿ ਗਰਮੀਆਂ ਵਿੱਚ ਉਹ ਦਰੱਖਤਾਂ ਥੱਲੇ ਸੌਂ ਕੇ ਗੁਜ਼ਾਰਾ ਕਰ ਲੈਂਦਾ ਸੀ। ਜਿਵੇਂ-ਜਿਵੇਂ ਉਸਦੀ ਸਮਝ ਵਿਕਸਿਤ ਹੋਣ ਲੱਗੀ, ਉਸਨੂੰ ਸਥਾਈ ਅਵਾਸ ਦੀ ਲੋੜ ਮਹਿਸੂਸ ਹੋਈ।






ਉਸਨੇ ਲੱਕੜਾਂ ਅਤੇ ਘਾਹ-ਫੂਸ ਦੀ ਮਦਦ ਨਾਲ ਘਰ ਬਣਾਉਣੇ ਸ਼ੁਰੂ ਕਰ ਦਿੱਤੇ। ਇਹ ਘਰ ਉਸਨੂੰ ਮੀਂਹ, ਹਨੇਰੀ, ਗਰਮੀ ਅਤੇ ਠੰਢ ਤੋਂ ਬਚਾਉਂਦੇ ਸਨ। ਇਹ ਜੰਗਲੀ ਜਾਨਵਰਾਂ ਤੋਂ ਵੀ ਉਸਦਾ ਬਚਾਅ ਕਰਦੇ ਸਨ।

**ਪਿੰਡ ਅਤੇ ਸ਼ਹਿਰ ਕਿਵੇਂ ਹੋਂਦ ਵਿੱਚ ਆਏ :** ਮਨੁੱਖ ਨੇ ਆਪਣੀ ਸਮਝ ਨਾਲ ਜੀਵਨ ਦੇ ਵੱਖ-ਵੱਖ ਖੇਤਰਾਂ ਵਿੱਚ ਵਿਕਾਸ ਕੀਤਾ। ਉਸਨੇ ਸਮੂਹਾਂ ਵਿੱਚ ਰਹਿਣਾ ਸ਼ੁਰੂ ਕਰ ਦਿੱਤਾ। ਇਹਨਾਂ ਸਮੂਹਾਂ ਨੂੰ 'ਕਬੀਲਾ' ਕਿਹਾ ਜਾਂਦਾ ਸੀ। ਇਹ ਕਬੀਲੇ ਹੌਲੀ-ਹੌਲੀ ਵੱਡੇ ਹੁੰਦੇ ਗਏ ਅਤੇ ਪਿੰਡਾਂ ਦਾ ਰੂਪ ਲੈਣ ਲੱਗੇ। ਜਿਵੇਂ-ਜਿਵੇਂ ਮਨੁੱਖ ਦੀ ਸੂਝ-ਬੂਝ ਵਿਕਸਿਤ ਹੁੰਦੀ ਗਈ। ਉਸ ਦੀਆਂ ਜ਼ਰੂਰਤਾਂ ਵਿੱਚ ਵਾਧਾ ਹੋਇਆ। ਇਸ ਨਾਲ ਵਪਾਰ ਹੋਂਦ ਵਿੱਚ ਆਇਆ। ਵਪਾਰ ਦੇ ਵਧਣ ਨਾਲ ਵਪਾਰਕ ਕੇਂਦਰ ਹੋਂਦ ਵਿੱਚ ਆਏ। ਹੌਲੀ-ਹੌਲੀ ਇਹਨਾਂ ਵਪਾਰਕ ਕੇਂਦਰਾਂ ਨੇੜੇ ਲੋਕ ਵਸਣ ਲੱਗੇ। ਇਸ ਤਰ੍ਹਾਂ ਸ਼ਹਿਰਾਂ ਦਾ ਜਨਮ ਹੋਇਆ।

**ਪਿੰਡਾਂ ਅਤੇ ਸ਼ਹਿਰਾਂ ਦਾ ਵਿਕਾਸ :** ਹਰ ਪਿੰਡ ਅਤੇ ਸ਼ਹਿਰ ਦੀਆ ਲੋੜਾਂ ਅਤੇ ਸਾਧਨ ਵੱਖਰੇ-ਵੱਖਰੇ ਹਨ। ਪਿੰਡ ਦੇ ਲੋਕਾਂ ਦਾ ਮੁੱਖ ਧੰਦਾ ਖੇਤੀ-ਬਾੜੀ ਹੈ, ਜਦੋਂ ਕਿ ਸ਼ਹਿਰੀ ਖੇਤਰ ਦੇ ਲੋਕ ਵਧੇਰੇ ਕਰਕੇ ਨੌਕਰੀ ਜਾਂ ਵਪਾਰ ਕਰਦੇ ਹਨ। ਇਸ ਲਈ ਪਿੰਡਾਂ ਅਤੇ ਸ਼ਹਿਰਾਂ ਦੇ ਲੋਕਾਂ ਦਾ ਰਹਿਣ-ਸਹਿਣ ਵੱਖਰਾ ਹੈ। ਉਹਨਾਂ ਦੇ ਘਰਾਂ ਦੀ ਬਣਤਰ ਵੀ ਵੱਖਰੀ-ਵੱਖਰੀ ਹੈ।

**ਘਰਾਂ ਦੀ ਬਣਤਰ :** ਵੱਖ-ਵੱਖ ਥਾਵਾਂ ਤੇ ਲੋਕ ਆਪਣੀ ਜ਼ਰੂਰਤ, ਸਾਧਨ, ਮੌਸਮ ਅਤੇ ਜਲਵਾਯੂ ਅਨੁਸਾਰ ਘਰ ਬਣਾਉਂਦੇ ਹਨ। ਇਸ ਲਈ ਸਾਡੇ ਘਰ ਇੱਕੋ ਜਿਹੇ ਨਹੀਂ ਹੁੰਦੇ। ਪੰਜਾਬ ਦੇ ਪਿੰਡਾਂ ਅਤੇ ਸ਼ਹਿਰਾਂ ਵਿੱਚ ਬਹੁਤੇ ਘਰ ਪੱਕੇ ਹਨ ਪਰ ਕਿਤੇ-ਕਿਤੇ ਅਜੇ ਵੀ ਕੱਚੇ ਘਰ ਦੇਖਣ ਨੂੰ ਮਿਲਦੇ ਹਨ।



**ਕੱਚੇ ਘਰ :** ਕੱਚੇ ਘਰ ਕੱਚੀਆਂ ਇੱਟਾਂ, ਗਾਰੇ, ਮਿੱਟੀ ਅਤੇ ਘਾਹ-ਫੂਸ ਨਾਲ ਬਣਾਏ ਜਾਂਦੇ ਹਨ। ਇਹਨਾਂ ਘਰਾਂ ਨੂੰ ਪਰਿਵਾਰ ਦੇ ਮੈਂਬਰ ਰਲ਼-ਮਿਲ਼ ਕੇ ਆਪ ਹੀ ਬਣਾ ਲੈਂਦੇ ਹਨ। ਇਹਨਾਂ ਨੂੰ ਬਣਾਉਣ ਵੇਲੇ ਖਰਚਾ ਵੀ ਘੱਟ ਹੁੰਦਾ ਹੈ। ਇਹ ਆਮ ਕਰਕੇ ਪਿੰਡਾਂ ਅਤੇ ਸ਼ਹਿਰਾਂ ਦੇ ਬਾਹਰ ਬਣਾਏ ਜਾਂਦੇ ਹਨ।

**ਪੱਕੇ ਘਰ :** ਪੱਕੇ ਘਰ ਬਣਾਉਣ ਵੇਲ਼ੇ ਪਹਿਲਾਂ ਯੋਜਨਾ ਬਣਾਈ ਜਾਂਦੀ ਹੈ। ਘਰ ਦਾ ਨਕਸ਼ਾ ਬਣਾਇਆ ਜਾਂਦਾ ਹੈ। ਨਕਸ਼ਾ ਬਣਾਉਣ ਵਾਲੇ ਨੂੰ 'ਨਕਸ਼ਾ-ਨਵੀਸ' ਕਹਿੰਦੇ ਹਨ। ਨਕਸ਼ੇ ਤੋਂ ਪਤਾ

ਲੱਗਦਾ ਹੈ ਕਿ ਘਰ ਵਿੱਚ ਰਸੋਈ, ਕਮਰੇ, ਗੁਸਲਖ਼ਾਨਾ, ਵਰਾਂਡਾ ਅਤੇ ਪੌੜੀਆਂ ਕਿੱਥੇ ਬਣਾਈਆਂ ਜਾਣਗੀਆਂ। ਘਰ ਬਣਾਉਣ ਸਮੇਂ ਇਹ ਵੀ ਧਿਆਨ ਵਿੱਚ ਰੱਖਿਆ ਜਾਂਦਾ ਹੈ ਕਿ ਘਰ ਖੁੱਲ੍ਹਾ ਅਤੇ ਹਵਾਦਾਰ ਹੋਵੇ। ਪੱਕਾ ਘਰ ਬਣਾਉਣ ਲਈ ਇੱਟਾਂ, ਸੀਮਿੰਟ, ਰੇਤਾ, ਬੱਜਰੀ ਅਤੇ ਸਰੀਏ ਦੀ ਲੋੜ ਹੁੰਦੀ ਹੈ।



ਪਿੰਡਾਂ ਦੇ ਬਹੁਤੇ ਲੋਕ ਖੇਤੀਬਾੜੀ ਕਰਦੇ ਹਨ। ਇਸ ਲਈ ਪਿੰਡਾਂ ਵਿੱਚ ਘਰ ਬਣਾਉਣ ਸਮੇਂ ਖੇਤੀਬਾੜੀ ਦੇ ਸੰਦ ਰੱਖਣ ਲਈ ਵਿਸ਼ੇਸ਼ ਥਾਂ ਬਣਾਈ ਜਾਂਦੀ ਹੈ। ਸਿੱਖਿਆ ਦੇ ਪਸਾਰ ਕਾਰਨ ਬਹੁਤੇ




ਸ਼ਹਿਰੀ ਘਰਾਂ ਵਿੱਚ ਬੱਚਿਆਂ ਦੇ ਪੜ੍ਹਨ ਲਈ ਵੱਖਰਾ ਕਮਰਾ ਵੀ ਬਣਾਇਆ ਜਾਂਦਾ ਹੈ। ਕੁਦਰਤੀ ਵਾਤਾਵਰਨ ਨਾਲ ਸਮਤੋਲ ਬਣਾਈ ਰੱਖਣ ਲਈ ਘਰ ਦੇ ਵਿਹੜੇ ਵਿੱਚ ਘਾਹ ਵਾਲਾ ਬਗ਼ੀਚਾ ਬਣਾਇਆ ਜਾਂਦਾ ਹੈ ਅਤੇ ਪੌਦੇ ਵੀ ਲਗਾਏ ਜਾਂਦੇ ਹਨ।





**ਬਹੁ-ਮੰਜ਼ਲੀ ਘਰ—** ਵੱਡੇ ਸ਼ਹਿਰਾਂ ਵਿੱਚ ਜਗ੍ਹਾ ਦੀ ਕਮੀ ਕਾਰਨ ਬਹੁ-ਮੰਜਲੇ ਘਰ ਬਣਾਏ ਜਾਂਦੇ ਹਨ। ਇਹਨਾਂ ਨੂੰ ਫਲੈਟ ਕਹਿੰਦੇ ਹਨ। ਇਹਨਾਂ ਘਰਾਂ ਵਿੱਚ ਖਿੜਕੀਆਂ, ਦਰਵਾਜ਼ੇ, ਰੌਸ਼ਨਦਾਨ ਆਦਿ ਦੀ ਦਿਸ਼ਾ ਦਾ ਖਾਸ ਧਿਆਨ ਰੱਖਿਆ ਜਾਂਦਾ ਹੈ ਤਾਂ ਜੋ ਘਰ ਵਿੱਚ ਧੁੱਪ, ਹਵਾ ਅਤੇ ਰੌਸ਼ਨੀ ਦਾ ਉਚਿਤ ਪ੍ਰਵੇਸ਼ ਹੋ ਸਕੇ। ਇਹਨਾਂ ਘਰਾਂ ਦੀਆਂ ਸਾਂਝੀਆਂ ਲੋੜਾਂ ਲਈ ਸਕੂਲ, ਪਾਰਕ, ਖੇਡ ਦਾ ਮੈਦਾਨ, ਡਿਸਪੈਂਸਰੀ, ਦੁਕਾਨਾਂ ਆਦਿ ਵੀ ਬਣਾਈਆਂ ਜਾਂਦੀਆਂ ਹਨ।

**ਕਿਰਿਆ—** ਆਪਣੇ ਅਧਿਆਪਕ ਦੀ ਮਦਦ ਨਾਲ ਆਈਸ ਕ੍ਰੀਮ/ਕੁਲਫ਼ੀ ਦੇ ਤੀਲ੍ਹੇ ਇਕੱਠੇ ਕਰਕੇ ਸੁੰਦਰ ਘਰ ਬਣਾਓ।



**ਝੁੱਗੀ-ਝੌਂਪੜੀ ਬਸਤੀਆਂ—** ਕੁਝ ਲੋਕ ਸ਼ਹਿਰਾਂ ਦੇ ਬਾਹਰ ਪਈ ਖਾਲੀ ਜਗ੍ਹਾ ਉੱਤੇ ਛੋਟੇ-ਛੋਟੇ ਘਰ ਬਣਾ ਲੈਂਦੇ ਹਨ। ਇਹ ਜਗ੍ਹਾ ਉਹਨਾਂ ਦੀ ਆਪਣੀ ਖ਼ਰੀਦੀ ਹੋਈ ਨਹੀਂ ਹੁੰਦੀ। ਇਹਨਾਂ ਘਰਾਂ ਵਿੱਚ ਸਾਫ਼ ਪਾਣੀ ਅਤੇ ਜੀਵਨ ਦੀਆਂ ਹੋਰ ਮੁਢਲੀਆਂ ਲੋੜਾਂ ਦੀ ਪੂਰਤੀ ਵੀ ਨਹੀਂ ਹੁੰਦੀ। ਇਹਨਾਂ ਲੋਕਾਂ ਦਾ ਜੀਵਨ ਵੀ ਕੋਈ ਸਿਹਤਮੰਦ ਜੀਵਨ ਨਹੀਂ ਹੁੰਦਾ। ਇਹਨਾਂ ਘਰਾਂ ਨੂੰ ਝੁੱਗੀ ਝੌਂਪੜੀ, ਬਸਤੀ ਜਾਂ ਸਲੱਮ ਏਰੀਆ ਕਹਿੰਦੇ ਹਨ। ਇਹ ਲੋਕ ਜ਼ਿਆਦਾਤਰ ਛੋਟੇ-ਮੋਟੇ ਕੰਮ ਕਰਦੇ ਹਨ ਅਤੇ ਪੱਕਾ ਰੁਜ਼ਗਾਰ ਨਾ ਹੋਣ ਕਾਰਨ ਗ਼ਰੀਬੀ ਦਾ ਸ਼ਿਕਾਰ ਹੁੰਦੇ ਹਨ। ਇਹ ਆਪਣੇ ਬੱਚਿਆਂ ਨੂੰ ਸਿੱਖਿਆ ਵੀ ਨਹੀਂ ਦੇ ਸਕਦੇ। ਇਹਨਾਂ ਬਸਤੀਆਂ ਦੀ ਕੋਈ ਵੀ ਯੋਜਨਾਬੰਦੀ ਨਾ ਹੋਣ ਕਾਰਨ ਇੱਥੇ ਰਹਿਣ ਵਾਲੇ ਲੋਕ ਬਹੁਤੀਆਂ ਸਹੂਲਤਾਂ ਤੋਂ ਵਾਂਝੇ ਹੀ ਰਹਿੰਦੇ ਹਨ। ਸਰਕਾਰ ਨੂੰ ਇੱਥੇ ਬਿਜਲੀ, ਪਾਣੀ, ਗਲ਼ੀਆਂ, ਨਾਲ਼ੀਆਂ ਆਦਿ ਦਾ ਪ੍ਰਬੰਧ ਕਰਨ ਵਿੱਚ ਬਹੁਤ ਮੁਸ਼ਕਿਲ ਪੇਸ਼ ਆਉਂਦੀ ਹੈ।

**ਪਿੰਡ/ਸ਼ਹਿਰ ਦੇ ਮਹੱਤਵਪੂਰਨ ਸਥਾਨ —** ਲਗਭਗ ਸਾਰੇ ਹੀ ਪਿੰਡਾਂ ਅਤੇ ਸ਼ਹਿਰਾਂ ਵਿੱਚ ਕਈ ਮਹੱਤਵਪੂਰਨ ਸਥਾਨ ਹੁੰਦੇ ਹਨ। ਇਹ ਲੋਕਾਂ ਦੇ ਸਾਂਝੇ ਕੰਮਾਂ ਅਤੇ ਭਲਾਈ ਲਈ ਕੰਮ ਕਰਦੇ ਹਨ। ਇਹ ਸਥਾਨ ਹੇਠ ਲਿਖੇ ਅਨੁਸਾਰ ਹਨ:-

1. **ਸਕੂਲ**: ਇਹ ਬੱਚਿਆਂ ਨੂੰ ਸਿੱਖਿਆ ਪ੍ਰਦਾਨ ਕਰਦਾ ਹੈ। ਇਹ ਉਹਨਾਂ ਨੂੰ ਚੰਗੇ ਨਾਗਰਿਕ ਬਣਨ ਵਿੱਚ ਮਦਦ ਕਰਦਾ ਹੈ।
2. **ਮੁੱਢਲੇ ਸਿਹਤ ਕੇਂਦਰ ਜਾਂ ਡਿਸਪੈਂਸਰੀਆਂ** ਇਹ ਲੋਕਾਂ ਨੂੰ ਡਾਕਟਰੀ ਸਹੂਲਤਾਂ ਪ੍ਰਦਾਨ ਕਰਦੇ ਹਨ।
3. **ਡਾਕਖਾਨਾ**: ਇਹ ਚਿੱਠੀਆਂ ਰਾਹੀਂ ਸਾਡੇ ਦੋਸਤਾਂ, ਮਿੱਤਰਾਂ ਅਤੇ ਰਿਸ਼ਤੇਦਾਰਾਂ ਨਾਲ ਸਬੰਧ ਬਣਾ ਕੇ ਰੱਖਣ ਵਿੱਚ ਸਾਡੀ ਸਹਾਇਤਾ ਕਰਦਾ ਹੈ। ਡਾਕੀਆ ਚਿੱਠੀਆਂ, ਪਾਰਸਲ ਅਤੇ ਮਨੀਆਰਡਰ ਵੰਡਦਾ ਹੈ। ਇਹ ਪਿੰਡ ਦੇ ਲੋਕਾਂ ਦੀ ਡਾਕ ਮੁੱਖ ਡਾਕਘਰ ਤੱਕ ਪਹੁੰਚਾਉਂਦਾ ਹੈ।
4. **ਪੰਚਾਇਤ ਘਰ**: ਇਸ ਵਿੱਚ ਪੰਚਾਇਤ ਮੀਟਿੰਗਾਂ ਹੁੰਦੀਆਂ ਹਨ। ਪੰਚਾਇਤਾਂ ਪਿੰਡ ਦੇ ਵਿਕਾਸ ਅਤੇ ਲੋਕ ਭਲਾਈ ਲਈ ਕੰਮ ਕਰਦੀਆਂ ਹਨ।
5. **ਖੇਡ ਸਟੇਡੀਅਮ**: ਇਸ ਵਿੱਚ ਖੇਡਾਂ ਕਰਾਈਆਂ ਜਾਂਦੀਆਂ ਹਨ। ਇਹ ਨੌਜਵਾਨਾਂ ਦੀ ਸਰੀਰਕ ਤੰਦਰੁਸਤੀ ਲਈ ਅਹਿਮ ਰੋਲ ਅਦਾ ਕਰਦੇ ਹਨ।
6. ਹਰ ਪਿੰਡ ਵਿੱਚ ਇੱਕ **ਸੱਥ** ਹੁੰਦੀ ਹੈ। ਜਿੱਥੇ ਬਜ਼ੁਰਗ ਬੈਠ ਕੇ ਆਪਣਾ ਵਿਹਲਾ ਸਮਾਂ ਬਤੀਤ ਕਰਦੇ ਹਨ। ਸ਼ਹਿਰਾਂ ਵਿੱਚ ਕਲੱਬ ਅਤੇ ਸੀਨੀਅਰ ਸਿਟੀਜ਼ਨ ਹੋਮ ਬਣਾਏ ਜਾਂਦੇ ਹਨ।
7. ਪਿੰਡ ਦੇ ਸਾਂਝੇ ਕੰਮਾਂ ਲਈ **ਧਰਮਸ਼ਾਲਾ** ਹੁੰਦੀ ਹੈ, ਸ਼ਹਿਰਾਂ ਵਿੱਚ ਕਮਿਊਨਿਟੀ ਹਾਲ ਹੁੰਦੇ ਹਨ।
8. ਇਹਨਾਂ ਤੋਂ ਇਲਾਵਾ ਪਿੰਡ/ਸ਼ਹਿਰ ਵਿੱਚ ਧਾਰਮਿਕ ਸਥਾਨ ਜਿਵੇਂ— **ਗੁਰਦੁਆਰਾ**, **ਮੰਦਰ**, **ਚਰਚ** ਅਤੇ **ਮਸਜਿਦ** ਆਦਿ ਹੁੰਦੇ ਹਨ।

**ਵਿਦਿਆਰਥੀਆਂ ਲਈ—** ਘਰ ਤੋਂ ਸਕੂਲ ਜਾਂਦੇ ਸਮੇਂ ਰਸਤੇ ਵਿੱਚ ਆਉਣ ਵਾਲੀਆਂ ਮਹੱਤਵਪੂਰਨ ਥਾਵਾਂ ਦੇ ਨਾਂ ਨੋਟ ਕਰੋ।

**ਕੁਝ ਵਿਸ਼ੇਸ਼ ਕਿਸਮ ਦੇ ਆਵਾਸ ਸਥਾਨ :** ਸਾਰੇ ਹੀ ਮਨੁੱਖ ਆਪਣੇ ਘਰਾਂ ਵਿੱਚ ਨਹੀਂ ਰਹਿੰਦੇ ਕੁਝ ਲੋਕ ਬੇਘਰੇ ਵੀ ਹੁੰਦੇ ਹਨ,ਜੋ ਅਕਸਰ ਸੜਕਾਂ/ਫੁੱਟਪਾਥਾਂ ਤੇ ਹੀ ਰਹਿੰਦੇ ਹਨ। ਕਈ ਵੱਡੇ ਸ਼ਹਿਰਾਂ ਵਿੱਚ ਅਜਿਹੇ ਲੋਕਾਂ ਲਈ ਰੈਣ-ਬਸੇਰੇ ਵੀ ਬਣਾਏ ਜਾਂਦੇ ਹਨ। ਇਹਨਾਂ ਤੋਂ ਇਲਾਵਾ ਵਿਦਿਆਰਥੀ ਆਪਣੇ ਘਰਾਂ ਤੋਂ ਦੂਰ ਹੋਸਟਲ ਵਿੱਚ ਰਹਿੰਦੇ ਹਨ ਅਤੇ ਕਈ ਬੇਆਸਰਾ ਬਜ਼ੁਰਗ ਬਿਰਧ-ਆਸ਼ਰਮਾਂ ਵਿੱਚ ਰਹਿੰਦੇ ਹਨ। ਦੇਸ਼ ਦੀ ਰੱਖਿਆ ਵਿੱਚ ਲੱਗੇ ਫ਼ੌਜੀ ਕੈਂਪਾਂ ਵਿੱਚ ਰਹਿੰਦੇ ਹਨ। ਕਈ ਲੋਕ ਆਪਣੇ ਕੰਮ-ਧੰਦੇ ਕਾਰਨ ਆਪਣੇ ਘਰ ਦੀ ਥਾਂ ਤੇ ਕਿਰਾਏ ਦੇ ਮਕਾਨਾਂ ਵਿੱਚ ਰਹਿੰਦੇ

ਹਨ। ਆਵਾਸ ਕਿਸੇ ਵੀ ਤਰ੍ਹਾਂ ਦਾ ਹੋਵੇ, ਇਹ ਮਨੁੱਖ ਦੀ ਮੁਢਲੀ ਲੋੜ ਹੈ ਜੋ ਉਸਨੂੰ ਆਸਰਾ ਅਤੇ ਸੁਰੱਖਿਆ ਪ੍ਰਦਾਨ ਕਰਦਾ ਹੈ।



## ਯਾਦ ਰੱਖਣ ਯੋਗ ਗੱਲਾਂ

- ਧਰਤੀ ਹੀ ਮਨੁੱਖ ਦਾ ਮੁਢਲਾ ਨਿਵਾਸ ਹੈ।
- ਗਲੋਬ ਧਰਤੀ ਦਾ ਮਾਡਲ ਹੈ।
- ਪਿੰਡਾਂ ਦੇ ਲੋਕਾਂ ਦਾ ਮੁੱਖ ਧੰਦਾ/ਕਿੱਤਾ ਖੇਤੀਬਾੜੀ ਹੈ।
- ਆਦਿ-ਮਾਨਵ ਜੰਗਲ਼ਾਂ ਵਿੱਚ ਰਹਿੰਦਾ ਸੀ।
- ਘਰਾਂ ਦੀਆਂ ਅਨੇਕਾਂ ਕਿਸਮਾਂ ਹਨ।
- ਝੁੱਗੀ ਝੌਂਪੜੀ ਬਸਤੀਆਂ ਵਿੱਚ ਰਹਿਣ ਵਾਲੇ ਲੋਕ ਸਹੂਲਤਾਂ ਤੋਂ ਸੱਖਣੇ ਹੁੰਦੇ ਹਨ।



**1. ਖਾਲੀ ਥਾਂਵਾਂ ਭਰੋ:-**

(ਵੱਡੇ ਸ਼ਹਿਰਾਂ, ਇੱਟਾਂ, ਨੌਕਰੀ, ਜੰਗਲ਼ਾਂ, ਚੰਗੇ ਨਾਗਰਿਕ)

(ੳ) ਆਦਿ-ਮਾਨਵ.................ਵਿੱਚ ਰਹਿੰਦਾ ਸੀ।

(ਅ) ਪੱਕੇ ਘਰ ................. ਅਤੇ ਸੀਮੇਂਟ ਨਾਲ਼ ਬਣਦੇ ਹਨ।

(ੲ) ਬਹੁ-ਮੰਜ਼ਿਲੀ ਘਰ.................ਵਿੱਚ ਹੁੰਦੇ ਹਨ।

(ਸ) ਸ਼ਹਿਰਾਂ ਦੇ ਵਧੇਰੇ ਲੋਕ ................. ਅਤੇ ਵਪਾਰ ਕਰਦੇ ਹਨ।

(ਹ) ਸਕੂਲ ਬੱਚਿਆਂ ਨੂੰ.................ਬਣਨ ਵਿੱਚ ਮਦਦ ਕਰਦਾ ਹੈ।

**2. ਹੇਠ ਲਿਖੇ ਸਹੀ ਕਥਨ ਤੇ (✓) ਅਤੇ ਗਲਤ ਕਥਨ ਤੇ (×) ਦਾ ਨਿਸ਼ਾਨ ਲਗਾਓ:-**

(ੳ) ਆਦਿ-ਮਾਨਵ ਪੱਕੇ ਘਰਾਂ ਵਿੱਚ ਰਹਿੰਦਾ ਸੀ। ☐

(ਅ) ਪਿੰਡ ਦੇ ਲੋਕਾਂ ਦਾ ਮੁੱਖ ਧੰਦਾ ਖੇਤੀਬਾੜੀ ਹੈ। ☐

(ੲ) ਕੱਚੇ ਘਰ ਇੱਟਾਂ ਅਤੇ ਸੀਮਿੰਟ ਨਾਲ ਬਣਦੇ ਹਨ।

(ਸ) ਘਰ ਵਿੱਚ ਸੂਰਜ ਦੀ ਰੋਸ਼ਨੀ ਅਤੇ ਤਾਜ਼ੀ ਹਵਾ ਦੀ ਕੋਈ ਲੋੜ ਨਹੀਂ ਹੁੰਦੀ।

3. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਠੀਕ ਉੱਤਰ ਤੇ ਸਹੀ (✓) ਦਾ ਨਿਸ਼ਾਨ ਲਗਾਓ:-

ੳ ਬਹੁ-ਮੰਜ਼ਲੇ ਘਰਾਂ ਨੂੰ ਕੀ ਕਹਿੰਦੇ ਹਨ?

ਫ਼ਲੈਟ ਬਸਤੀ

ਸਲਮ

ਅ ਪੰਚਾਇਤ ਦੀਆਂ ਮੀਟਿੰਗਾਂ ਕੀਤੀਆਂ ਜਾਦੀਆਂ ਹਨ।

ਦਰੱਖਤ ਹੇਠਾਂ ਪੰਚਾਇਤ-ਘਰ ਵਿੱਚ

ਡਾਕਖ਼ਾਨੇ ਵਿੱਚ

ੲ ਪਿੰਡਾਂ ਵਿੱਚ ਸਿਹਤ-ਸੇਵਾਵਾਂ ਪ੍ਰਦਾਨ ਕੀਤੀਆਂ ਜਾਂਦੀਆਂ ਹਨ।

ਡਾਕਖਾਨੇ ਰਾਹੀਂ ਡਿਸਪੈਂਸਰੀ ਰਾਹੀਂ

ਪਿੰਡ ਦੇ ਲੋਕਾਂ ਰਾਹੀਂ

4. ਫ਼ਲੈਟ ਕਿਸਨੂੰ ਕਹਿੰਦੇ ਹਨ?

..........................................................................................

..........................................................................................

5. ਝੁੱਗੀ-ਝੌਂਪੜੀ ਬਸਤੀ ਵਿੱਚ ਰਹਿਣ ਵਾਲੇ ਲੋਕਾਂ ਦਾ ਜੀਵਨ ਕਿਹੋ ਜਿਹਾ ਹੁੰਦਾ ਹੈ?

..........................................................................................

..........................................................................................

6. ਕੱਚੇ ਘਰ ਬਣਾਉਣ ਲਈ ਕਿਹੜੇ-ਕਿਹੜੇ ਸਮਾਨ ਦੀ ਵਰਤੋਂ ਕੀਤੀ ਜਾਂਦੀ ਹੈ?

..........................................................................................


..........................................................................................


7. ਪੱਕੇ ਘਰ ਬਣਾਉਣ ਲਈ ਕਿਹੜੇ-ਕਿਹੜੇ ਸਮਾਨ ਦੀ ਵਰਤੋਂ ਕੀਤੀ ਜਾਂਦੀ ਹੈ ?

..........................................................................................

..........................................................................................

9. ਦਿਮਾਗੀ ਕਸਰਤ






### ਹਮੇਸ਼ਾ ਯਾਦ ਰੱਖੋ

ਸਾਡੇ ਦੇਸ਼ ਦੀ ਅਬਾਦੀ ਲਗਾਤਾਰ ਵੱਧ ਰਹੀ ਹੈ। ਇਸ ਲਈ ਵਧ ਰਹੀ ਆਬਾਦੀ ਦੇ ਰਹਿਣ ਲਈ ਵੱਡੇ ਪੱਧਰ 'ਤੇ ਇਮਾਰਤਾਂ ਬਣਾਈਆਂ ਜਾ ਰਹੀਆਂ ਹਨ। ਇਸ ਨਾਲ ਖੇਤੀਯੋਗ ਉਪਜਾਊ ਜ਼ਮੀਨ ਅਤੇ ਜੰਗਲ਼ ਲਗਾਤਾਰ ਘੱਟ ਰਹੇ ਹਨ।

ਪਾਠ - 14



# ਜੀਵ-ਜੰਤੂਆਂ ਦਾ ਅਵਾਸ

ਸਾਡੀ ਧਰਤੀ ਅਨੇਕਾਂ ਕਿਸਮ ਦੇ ਜੀਵ ਜੰਤੂਆਂ ਨਾਲ ਭਰੀ ਹੋਈ ਹੈ। ਕੁੱਝ ਵੱਡੇ ਹਨ, ਕੁੱਝ ਛੋਟੇ ਅਤੇ ਕੁਝ ਦਰਮਿਆਨੇ ਆਕਾਰ ਦੇ ਹਨ। ਸਭ ਦੇ ਰੂਪ, ਰੰਗ, ਆਕਾਰ, ਬਣਤਰ ਅਤੇ ਹੋਰ ਗੁਣ ਇੱਕ ਦੂਜੇ ਤੋਂ ਭਿੰਨ ਹਨ। ਕੁੱਝ ਖੇਤਾਂ ਵਿੱਚ, ਕੁਝ ਜੰਗਲਾਂ ਵਿੱਚ, ਕੁਝ ਪਾਣੀ ਵਿੱਚ ਰਹਿੰਦੇ ਹਨ ਅਤੇ ਕੁੱਝ ਹਵਾ ਵਿੱਚ ਉੱਡਦੇ ਹਨ। ਪਰ ਸਾਰੇ ਜੀਵ-ਜੰਤੂਆਂ ਵਿੱਚ ਇੱਕ ਸਮਾਨਤਾ ਹੈ ਕਿ ਸਾਰਿਆਂ ਨੂੰ ਹੀ ਰਹਿਣ ਲਈ ਘਰ ਦੀ ਲੋੜ ਪੈਂਦੀ ਹੈ। ਸਾਡੇ ਵਾਂਗ ਹੀ ਇਹਨਾਂ ਨੂੰ ਵੀ ਰਹਿਣ ਲਈ ਸੁਰੱਖਿਅਤ ਥਾਂਵਾਂ ਦੀ ਲੋੜ ਹੈ ਉਹਨਾਂ ਦੇ ਰਹਿਣ ਦੀ ਥਾਂ ਨੂੰ **ਰਹਿਣ ਸਥਾਨ** (Habitat) ਕਿਹਾ ਜਾਂਦਾ ਹੈ। ਅਲੱਗ-ਅਲੱਗ ਜੀਵ ਜੰਤੂ ਆਪਣੀ ਲੋੜ ਅਨੁਸਾਰ ਅਲੱਗ-ਅਲੱਗ ਥਾਂਵਾਂ 'ਤੇ ਰਹਿਣਾ ਪਸੰਦ ਕਰਦੇ ਹਨ।

**ਕਿਰਿਆ-1** ਹੇਠਾਂ ਕੁੱਝ ਜੰਤੂਆਂ ਦੇ ਨਾਮ ਲਿਖੇ ਗਏ ਹਨ, ਦੱਸੋ ਕੌਣ ਕਿੱਥੇ ਰਹਿੰਦਾ ਹੈ

ਕੱਛੂ ਕੁੰਮਾ, ਸ਼ੇਰ, ਮੱਛੀ, ਕੁੱਤਾ, ਬਿੱਲੀ, ਚਿੜੀ, ਸੱਪ, ਬਾਂਦਰ, ਮਗਰਮੱਛ, ਮੱਝ, ਬੱਤਖ, ਔਕਟੋਪਸ

| ਧਰਤੀ ਉੱਪਰ | ਪਾਣੀ ਵਿੱਚ | ਧਰਤੀ ਅਤੇ ਪਾਣੀ ਦੋਵਾਂ ਵਿੱਚ |
|---|---|---|
| ____________ | ____________ | ____________ |
| ____________ | ____________ | ____________ |
| ____________ | ____________ | ____________ |

**ਧਰਤੀ 'ਤੇ ਰਹਿਣ ਵਾਲੇ ਜੰਤੂਆਂ**—ਧਰਤੀ ਤੇ ਰਹਿਣ ਵਾਲੇ ਜੀਵਾਂ ਨੂੰ **ਥਲੀ-ਜੀਵ** ਕਿਹਾ ਜਾਂਦਾ ਹੈ। ਇਹ ਧਰਤੀ 'ਤੇ ਬਹੁਤ ਸਾਰੀਆਂ ਅਲੱਗ-ਅਲੱਗ ਥਾਵਾਂ ਤੇ ਰਹਿੰਦੇ ਹਨ।

**ਜੰਗਲੀ ਜੀਵਾਂ ਦੇ ਆਵਾਸ :** ਬਹੁਤੇ ਜਾਨਵਰ ਜੰਗਲਾਂ ਵਿੱਚ ਰਹਿੰਦੇ ਹਨ, ਉਹਨਾਂ ਨੂੰ **ਜੰਗਲ਼ੀ-ਜੀਵ** ਕਿਹਾ ਜਾਂਦਾ ਹੈ। ਇਹਨਾਂ ਵਿੱਚੋਂ ਕੁੱਝ ਜੀਵ ਕੁਦਰਤੀ ਤੌਰ 'ਤੇ ਬਣੀਆਂ ਪਥਰੀਲੀਆਂ ਗੁਫਾਵਾਂ ਵਿੱਚ ਰਹਿੰਦੇ ਹਨ, ਜਿਵੇਂ ਕਿ ਸ਼ੇਰ, ਚੀਤਾ, ਬਾਘ, ਭੇੜੀਆ, ਭਾਲੂ ਆਦਿ। ਕੁਝ ਘਾਹ ਖਾਣ ਵਾਲੇ ਜੀਵ ਜਿਵੇਂ ਕਿ ਹਿਰਨ, ਜਿਰਾਫ਼, ਜ਼ੈਬਰਾ, ਹਾਥੀ ਆਦਿ ਦਰਖਤਾਂ ਹੇਠਾਂ ਜਾਂ ਝਾੜੀਆਂ ਵਿੱਚ ਲੁਕ-ਛੁਪ ਕੇ ਰਹਿਣਾ ਪਸੰਦ ਕਰਦੇ ਹਨ। ਕੁੱਝ ਜਾਨਵਰ ਜਿਵੇਂ ਕਿ ਚੂਹੇ, ਖਰਗੋਸ਼ ਆਦਿ

ਖੁੱਡਾਂ ਪੁੱਟ ਕੇ ਉਹਨਾਂ ਵਿੱਚ ਰਹਿਣਾ ਪਸੰਦ ਕਰਦੇ ਹਨ ਜਦਕਿ ਸੱਪ ਦੂਜੇ ਜਾਨਵਰਾਂ ਦੁਆਰਾ ਪੁੱਟੀਆਂ ਖੁੱਡਾਂ ਵਿੱਚ ਰਹਿੰਦੇ ਹਨ। ਖੁੱਡਾਂ ਇਹਨਾਂ ਨੂੰ ਗਰਮੀ, ਸਰਦੀ, ਖ਼ਰਾਬ ਮੌਸਮ ਅਤੇ ਸ਼ਿਕਾਰੀਆਂ ਤੋਂ ਬਚਾਉਂਦੀਆਂ ਹਨ।









ਕੀੜੇ ਕੀੜੀਆਂ ਅਤੇ ਸਿਉਂਕ ਧਰਤੀ ਦੇ ਅੰਦਰ (ਹੇਠਾਂ) ਭੌਣ ਬਣਾ ਕੇ ਝੁੰਡ ਵਿੱਚ ਰਹਿੰਦੇ ਹਨ। ਕਾਕਰੋਚ ਸਿੱਲ੍ਹੀ ਅਤੇ ਹਨੇਰੀ ਥਾਂ 'ਤੇ ਰਹਿਣਾ ਪਸੰਦ ਕਰਦਾ ਹੈ। ਮਧੂ-ਮੱਖੀਆਂ ਅਤੇ ਭਰਿੰਡ ਛੱਤਾ ਬਣਾ ਕੇ ਰਹਿੰਦੇ ਹਨ, ਜਿਹੜਾ ਮੋਮ ਵਰਗੇ ਪਦਾਰਥ ਦਾ ਬਣਦਾ ਹੈ। ਇਹਨਾਂ ਤੋਂ ਇਲਾਵਾ ਭੂੰਡ ਤਤਈਆ (ਢੰਦਈਆ) ਵਰਗੇ ਜੀਵ ਕੰਧਾਂ ਜਾਂ ਪੁਰਾਣੇ ਸਮਾਨ 'ਤੇ ਮਿੱਟੀ ਦੇ ਘਰੌਂਦੇ ਬਣਾ ਕੇ





ਰਹਿੰਦੇ ਹਨ। ਇਸੇ ਤਰ੍ਹਾਂ ਮੱਕੜੀਆਂ ਵੀ ਆਪਣੇ ਮੂੰਹ 'ਚੋਂ ਨਿੱਕਲਣ ਵਾਲੇ ਚਿਪਚਿਪੇ ਪਦਾਰਥ ਤੋਂ ਜਾਲ਼ਾ (Web) ਬਣਾਉਂਦੀਆਂ ਹਨ। ਇਹ ਜਾਲ਼ਾ ਉਸ ਦੇ ਰਹਿਣ ਦਾ ਟਿਕਾਣਾ ਤਾਂ ਬਣਦਾ ਹੀ ਹੈ ਨਾਲ਼ ਹੀ ਉਸ ਨੂੰ ਸ਼ਿਕਾਰ ਫੜਨ ਵਿੱਚ ਵੀ ਸਹਾਇਤਾ ਕਰਦਾ ਹੈ। ਜਦੋਂ ਸ਼ਿਕਾਰ ਜਾਲ਼ੇ ਵਿੱਚ ਫਸ ਜਾਂਦਾ ਹੈ ਤਾਂ ਮੱਕੜੀ ਉਸਨੂੰ ਆਪਣਾ ਭੋਜਨ ਬਣਾ ਲੈਂਦੀ ਹੈ।

**ਅਧਿਆਪਕ ਲਈ —** ਬੱਚਿਆਂ ਨੂੰ ਮੱਕੜੀ ਦੇ ਅਜਿਹੇ ਜਾਲ੍ਹੇ ਦਿਖਾਏ ਜਾਣ ਜੋ ਬਾਹਰ ਝਾੜੀਆਂ ਅਤੇ ਪੌਦਿਆਂ ਦੀਆਂ ਟਾਹਣੀਆਂ 'ਤੇ ਬਣੇ ਹੋਏ ਹੋਣ ਅਰਥਾਤ ਜਿਨ੍ਹਾਂ ਦਾ ਪੈਟਰਨ ਬੱਚੇ ਸੌਖੀ ਤਰ੍ਹਾਂ ਸਮਝ ਸਕਣ।

**ਪਾਲਤੂ ਜਾਨਵਰਾਂ ਦੇ ਆਵਾਸ :** ਪਾਲਤੂ ਜਾਨਵਰ ਕਿਉਂਕਿ ਮਨੁੱਖਾਂ ਲਈ ਲਾਹੇਵੰਦ ਹਨ, ਇਸ ਲਈ ਬਦਲੇ ਵਿੱਚ ਮਨੁੱਖ ਉਹਨਾਂ ਨੂੰ ਭੋਜਨ ਅਤੇ ਆਵਾਸ ਪ੍ਰਦਾਨ ਕਰਦਾ ਹੈ ਅਤੇ ਉਹਨਾਂ





ਦਾ ਧਿਆਨ ਵੀ ਰੱਖਦਾ ਹੈ। ਗਊਆਂ ਤੇ ਮੱਝਾਂ ਛਤਨੇ (SHED) ਵਿੱਚ, ਖੱਚਰ, ਘੋੜੇ ਤੇ ਊਠ ਤਬੇਲੇ (STABLE)ਵਿੱਚ, ਭੇਡਾਂ ਅਤੇ ਬੱਕਰੀਆਂ ਵਾੜੇ (PEN) ਵਿੱਚ, ਮੁਰਗੀਆਂ ਮੁਰਗੀਖ਼ਾਨੇ





(CHICKEN-COOP) ਵਿੱਚ ਰੱਖੀਆਂ ਜਾਂਦੀਆਂ ਹਨ। ਸਾਨੂੰ ਆਪਣੇ ਪਾਲਤੂ ਜਾਨਵਰਾਂ ਦੀ ਚੰਗੀ ਦੇਖ-ਰੇਖ ਕਰਨੀ ਚਾਹੀਦੀ ਹੈ। ਉਹਨਾਂ ਦੇ ਰਹਿਣ ਦੀ ਥਾਂ ਸਾਫ਼-ਸੁਥਰੀ, ਸੁੱਕੀ, ਹਵਾਦਾਰ ਅਤੇ ਭਰਪੂਰ ਰੌਸ਼ਨੀ ਵਾਲੀ ਹੋਣੀ ਚਾਹੀਦੀ ਹੈ।



**ਜਲੀ-ਜੰਤੂਆਂ ਦਾ ਆਵਾਸ :** ਪਾਣੀ ਵਿੱਚ ਰਹਿਣ ਵਾਲੇ ਜੀਵਾਂ ਨੂੰ **ਜਲੀ-ਜੀਵ** ਕਿਹਾ ਜਾਂਦਾ ਹੈ,ਜਿਵੇਂ ਕਿ ਵੇਲ੍ਹ, ਡੌਲਫਿਨ, ਔਕਟੋਪਸ, ਸਮੁੰਦਰੀ ਘੋੜੇ, ਹਜ਼ਾਰਾਂ ਕਿਸਮ ਦੀਆਂ ਮੱਛੀਆਂ ਅਤੇ ਹੋਰ ਕੀੜੇ। ਇਸ ਤੋਂ ਇਲਾਵਾ ਹੋਰ ਬਹੁਤ ਸਾਰੇ ਅਜਿਹੇ ਜੀਵ ਹਨ ਜੋ ਕਿ ਪਾਣੀ ਵਿੱਚ ਵੀ ਅਤੇ ਧਰਤੀ

ਉੱਪਰ ਵੀ ਰਹਿ ਸਕਦੇ ਹਨ ਜਿਵੇਂ ਕਿ-ਮਗਰਮੱਛ, ਸੱਪ, ਕੱਛੂ ਕੁੰਮਾ, ਡੱਡੂ, ਦਰਿਆਈ ਘੋੜਾ ਅਤੇ ਬੱਤਖ। ਇਹਨਾਂ ਨੂੰ ਜਲ-ਥਲੀ-ਜੀਵ ਕਿਹਾ ਜਾਂਦਾ ਹੈ।





**ਪੰਛੀਆਂ ਦਾ ਆਵਾਸ :** ਪੰਛੀ ਅਸਮਾਨ ਵਿੱਚ ਉੱਡਦੇ ਹਨ। ਉਹਨਾਂ ਦੇ ਖੰਭ, ਪੈਰ ਅਤੇ ਚੁੰਝ ਹੁੰਦੀ ਹੈ ਪਰ ਦੰਦ ਨਹੀਂ ਹੁੰਦੇ।

**ਪ੍ਰਸ਼ਨ— ਤੁਸੀਂ ਆਲ਼ੇ-ਦੁਆਲੇ ਕਿਹੜੇ-ਕਿਹੜੇ ਪੰਛੀ ਦੇਖੇ ਹਨ ? ਉਨ੍ਹਾਂ ਦੀ ਸੂਚੀ ਬਣਾਓ।**

..............................................................................................................

..............................................................................................................



ਜ਼ਿਆਦਾਤਰ ਪੰਛੀ ਉੱਡ ਸਕਦੇ ਹਨ ਪਰ ਕੁਝ ਪੰਛੀ ਜਿਵੇਂ ਕਿ ਪੈਂਗੁਇਨ, ਸ਼ੁਤਰਮੁਰਗ, ਈਮੂ ਆਦਿ ਉੱਡ ਨਹੀਂ ਸਕਦੇ। ਪੰਛੀ ਆਂਡੇ ਦੇਣ, ਆਪਣੇ ਛੋਟੇ ਬੱਚਿਆਂ ਦੀ ਦੇਖ-ਭਾਲ ਕਰਨ ਲਈ ਰਹਿਣ ਅਤੇ ਖ਼ਰਾਬ ਮੌਸਮ ਤੋਂ ਬਚਣ ਲਈ ਆਲ੍ਹਣੇ ਬਣਾਉਂਦੇ ਹਨ। ਪੰਛੀ ਆਪਣੇ ਆਲ੍ਹਣੇ ਤੀਲ੍ਹੇ, ਘਾਹ-ਫੂਸ, ਪੱਤੇ, ਦਰਖਤਾਂ ਦੀਆਂ ਟਾਹਣੀਆਂ, ਕਾਗਜ਼, ਰੂੰ, ਲੀਰਾਂ ਆਦਿ ਤੋਂ ਬਣਾਉਂਦੇ ਹਨ ਤਾਂ ਜੋ ਆਲ੍ਹਣਾ ਆਰਾਮਦਾਇਕ ਰਹੇ ਅਤੇ ਜਦੋਂ ਆਂਡੇ ਵਿਚੋਂ ਬੱਚੇ ਨਿੱਕਲਣ ਤਾਂ ਉਹਨਾਂ ਨੂੰ ਕੋਈ ਤਕਲੀਫ਼ ਨਾ ਹੋਵੇ।




ਵੱਖ-ਵੱਖ ਤਰ੍ਹਾਂ ਦੇ ਪੰਛੀ ਵੱਖ-ਵੱਖ ਤਰ੍ਹਾਂ ਦੇ ਆਲ੍ਹਣੇ ਬਣਾਉਂਦੇ ਹਨ। ਪੰਛੀ ਜ਼ਿਆਦਾਤਰ ਆਲ੍ਹਣੇ ਦਰੱਖਤਾਂ ਦੀਆਂ ਟਾਹਣੀਆਂ 'ਤੇ ਜਾਂ ਚੱਟਾਨਾਂ 'ਤੇ ਬਣਾਉਂਦੇ ਹਨ। ਕਈ ਪੰਛੀ ਜਿਵੇਂ ਕਿ ਚਿੜੀ, ਕਬੂਤਰ ਆਦਿ ਤਾਂ ਘਰਾਂ ਦੀਆਂ ਖਿੜਕੀਆਂ, ਰੌਸ਼ਨਦਾਨਾਂ, ਵਰਾਂਡਿਆਂ ਆਦਿ ਵਿੱਚ ਵੀ ਆਪਣਾ ਆਲ੍ਹਣਾ ਬਣਾਉਂਦੇ ਹਨ। ਉੱਲੂ, ਤੋਤਾ ਅਤੇ ਚੱਕੀਰਾਹਾ ਆਦਿ ਤਾਂ ਦਰਖ਼ਤਾਂ ਦੀਆਂ ਖੋੜਾਂ ਜਾਂ ਖੋਖਲੇ ਤਣਿਆਂ ਵਿੱਚ ਰਹਿੰਦੇ ਹਨ। ਗਿਰਝ, ਇੱਲ ਅਤੇ ਬਾਜ ਆਪਣੇ ਆਲ੍ਹਣੇ ਦਰਖ਼ਤ ਦੀ ਟੀਸੀ 'ਤੇ ਬਣਾਉਂਦੇ ਹਨ। ਮੋਰ, ਟਟੀਹਰੀ,



ਸਤਰਮੁਰਗ ਤੇ ਪੈਂਗੁਇਨ ਆਦਿ ਪੰਛੀ ਧਰਤੀ ਉਪਰ ਰੋੜੇ, ਪੱਥਰ ਆਦਿ ਇਕੱਠੇ ਕਰਕੇ ਆਪਣਾ ਆਲ੍ਹਣਾ ਬਣਾਉਂਦੇ ਹਨ। ਕੁੱਝ ਪੰਛੀ ਆਪਣਾ ਆਲ੍ਹਣਾ ਇੰਨਾ ਸੋਹਣਾ ਅਤੇ ਆਕਰਸ਼ਕ ਬਣਾਉਂਦੇ ਹਨ ਕਿ ਦੇਖਣ ਵਾਲਾ ਹੈਰਾਨ ਰਹਿ ਜਾਂਦਾ ਹੈ। ਬਿਜੜਾ ਪੰਛੀ (Weaver Bird) ਬਹੁਤ ਹੀ ਬਰੀਕ ਛਿੱਲਤਾਂ ਨੂੰ ਬੁਣ ਕੇ ਬਹੁਤ ਸੁੰਦਰ ਆਲ੍ਹਣਾ ਬਣਾਉਂਦਾ ਹੈ। ਇਸਦਾ ਆਲ੍ਹਣਾ ਲਟਕਦੀ ਹੋਈ ਬੋਤਲ ਵਰਗਾ ਹੁੰਦਾ ਹੈ। ਇਸਦੇ ਆਲ੍ਹਣੇ ਦਾ ਮੂੰਹ ਹੇਠੋਂ ਖੁੱਲ੍ਹਾ ਹੁੰਦਾ ਹੈ ਤੇ ਹੇਠਲੇ ਪਾਸਿਓਂ ਹੀ ਇਹ ਪੰਛੀ ਆਲ੍ਹਣੇ ਵਿੱਚ ਦਾਖਲ਼ ਹੁੰਦਾ ਹੈ। ਦਰਜ਼ੀ ਚਿੜੀ (Tailor Bird) ਵੱਡੇ ਤੇ ਚੌੜੇ ਪੱਤੇ ਨੂੰ ਸਿਉਂ ਕੇ ਆਲ੍ਹਣਾ ਬਣਾਉਂਦੀ ਹੈ ਉਹ ਪੱਤੇ ਦੇ ਕਿਨਾਰਿਆਂ 'ਤੇ ਮੋਰੀਆਂ (ਗਲੀਆਂ) ਕਰਕੇ ਵਿੱਚੋਂ ਧਾਗੇ ਵਰਗੀਆਂ ਮਹੀਨ ਛਿੱਲਤਾਂ ਪਰੋ ਕੇ ਇਸ ਨੂੰ ਕੋਨ (Cone) ਵਾਂਗ ਸਿਊਂ ਕੇ ਮਜ਼ਬੂਤ ਆਲ੍ਹਣਾ ਬਣਾਉਂਦੀ ਹੈ, ਜੋ ਕਿ ਇਸ ਦੀ ਕਲਾ ਅਤੇ ਹੁਨਰ ਦਾ ਸੁੰਦਰ ਨਮੂਨਾ ਹੈ।





ਪੰਛੀਆਂ ਦੇ ਆਂਡੇ ਆਲ੍ਹਣਿਆਂ ਵਿੱਚ ਸੁਰੱਖਿਅਤ ਰਹਿੰਦੇ ਹਨ। ਬੋਟ (ਪੰਛੀਆਂ ਦੇ ਬੱਚੇ) ਤਦ ਤੱਕ ਹੀ ਆਲ੍ਹਣੇ ਵਿੱਚ ਰਹਿੰਦੇ ਹਨ ਜਦੋਂ ਤੱਕ ਕਿ ਉਹ ਉੱਡਣਾ ਨਹੀਂ ਸਿੱਖ ਜਾਂਦੇ। ਜਦੋਂ ਬੋਟ ਉਡਾਰ ਹੋ ਜਾਂਦੇ ਹਨ ਤਾਂ ਪੰਛੀ ਵੀ ਆਲ੍ਹਣਾ ਛੱਡ ਜਾਂਦੇ ਹਨ ਅਤੇ ਆਪਣਾ ਅਲੱਗ ਆਲ੍ਹਣਾ ਬਣਾ ਲੈਂਦੇ ਹਨ।

| ਕਿਰਿਆ 2 : | ਆਪਣੇ ਅਧਿਆਪਕ ਦੀ ਮਦਦ ਨਾਲ਼ ਆਲ਼ੇ-ਦੁਆਲ਼ੇ ਵਿੱਚ ਦਿਖਾਈ ਦਿੰਦੇ ਜਾਨਵਰਾਂ/ਪੰਛੀਆਂ ਦੀ ਸੂਚੀ ਬਣਾਓ ਅਤੇ ਇਹਨਾਂ ਦੇ ਨਾਂਵਾਂ ਦੇ ਸਾਹਮਣੇ ਇਹਨਾਂ ਦੇ ਨਿਵਾਸ ਸਥਾਨਾਂ ਬਾਰੇ ਲਿਖੋ ਕਿ ਇਹ ਕਿੱਥੇ-ਕਿੱਥੇ ਰਹਿੰਦੇ ਹਨ। |
|---|---|

**ਜੀਵ-ਜੰਤੂਆਂ ਦੇ ਆਵਾਸ ਦੀ ਸੁਰੱਖਿਆ :** ਜਿਸ ਤਰ੍ਹਾਂ ਮਨੁੱਖ ਨੂੰ ਰਹਿਣ ਲਈ ਸੁਰੱਖਿਅਤ ਨਿਵਾਸ ਦੀ ਲੋੜ ਹੁੰਦੀ ਹੈ ਉਸੇ ਤਰ੍ਹਾਂ ਜੀਵ-ਜੰਤੂਆਂ ਨੂੰ ਵੀ ਆਪਣੇ ਲਈ ਸੁਰੱਖਿਅਤ ਆਵਾਸ ਚਾਹੀਦਾ ਹੈ। ਪਾਲਤੂ ਜਾਨਵਰਾਂ ਨੂੰ ਸੁਰੱਖਿਅਤ ਆਵਾਸ ਪਾਲਣਹਾਰ ਵੱਲੋਂ ਸੁਭਾਵਕ ਹੀ ਮਿਲ਼ ਜਾਂਦਾ ਹੈ। ਕੁਦਰਤੀ ਰੂਪ ਵਿੱਚ ਜੰਗਲ਼ੀ ਜੀਵ-ਜੰਤੂਆਂ ਦੇ ਆਵਾਸ ਸਥਾਨ ਵੀ ਸੁਰੱਖਿਅਤ ਹੀ ਹੁੰਦੇ ਹਨ। ਉਦਾਹਰਨ ਵਜੋਂ, ਇੱਕ ਸੰਘਣੇ ਜੰਗਲ ਵਿੱਚ ਜਿੱਥੇ ਮਨੁੱਖ ਦੀ ਦਖਲ ਅੰਦਾਜ਼ੀ ਨਾ ਹੋਵੇ, ਉੱਥੇ ਸਾਰੇ ਜੀਵ ਜੰਤੂ ਕੁਦਰਤੀ ਰੂਪ ਵਿਚ ਹੀ ਸੁਰੱਖਿਅਤ ਹੁੰਦੇ ਹਨ। ਕੁਦਰਤੀ ਰੂਪ ਵਿੱਚ ਬਣੀਆਂ ਗੁਫ਼ਾਵਾਂ, ਸੰਘਣੇ ਰੁੱਖਾਂ ਦੀਆਂ ਟਾਹਣੀਆਂ, ਰੁੱਖਾਂ ਦੀਆਂ ਖੋੜਾਂ, ਧਰਤੀ ਵਿੱਚ ਪੁੱਟੀਆਂ ਖੁੱਡਾਂ

ਆਦਿ ਇਹਨਾਂ ਵਿੱਚ ਰਹਿਣ ਵਾਲੇ ਜੀਵਾਂ ਨੂੰ ਸੁਰੱਖਿਆ ਅਤੇ ਆਸਰਾ ਪ੍ਰਦਾਨ ਕਰਦੇ ਹਨ।

ਪਰ ਆਬਾਦੀ ਵਧਣ ਕਾਰਨ ਅਤੇ ਮਨੁੱਖ ਦੀਆਂ ਲੋੜਾਂ ਵਧਣ ਕਾਰਨ ਵੱਡੇ ਪੱਧਰ ਉੱਤੇ ਜੰਗਲ਼ ਕੱਟੇ ਜਾ ਰਹੇ ਹਨ। ਜੰਗਲ਼ੀ ਜੀਵ-ਜੰਤੂਆਂ ਦੇ ਬਸੇਰੇ ਉੱਜੜ ਰਹੇ ਹਨ। ਜੇਕਰ ਜੰਗਲਾਂ ਦੀ ਕਟਾਈ ਇਸੇ ਤਰ੍ਹਾਂ ਜਾਰੀ ਰਹੀ ਤਾਂ ਜੰਗਲ਼ੀ ਜੀਵ-ਜੰਤੂ ਵੀ ਨਹੀਂ ਬਚਣਗੇ। ਇਸ ਲਈ ਸਾਨੂੰ ਕੋਸ਼ਿਸ਼ ਕਰਨੀ ਚਾਹੀਦੀ ਹੈ ਕਿ ਰੁੱਖਾਂ ਨੂੰ ਨਾ ਕੱਟਿਆ ਜਾਵੇ ਅਤੇ ਵੱਧ ਤੋਂ ਵੱਧ ਨਵੇਂ ਰੁੱਖ ਲਗਾਏ ਜਾਣ।

**ਸੁਰੱਖਿਅਤ ਰੱਖਾਂ :** ਜੰਗਲ਼ਾਂ ਦੇ ਕੱਟੇ ਜਾਣ ਕਾਰਨ ਕਈ ਜੰਗਲ਼ੀ ਜਾਨਵਰ ਪਿੰਡਾਂ/ਸ਼ਹਿਰਾਂ ਵੱਲ ਨੂੰ ਭੱਜਦੇ ਹਨ। ਪਿੰਡ ਅਤੇ ਸ਼ਹਿਰ ਉਹਨਾਂ ਦਾ ਕੁਦਰਤੀ ਆਵਾਸ ਨਹੀਂ ਹੁੰਦੇ। ਇਸ ਕਾਰਨ ਉਹ ਇੱਧਰ-ਉੱਧਰ ਛੁਪਦੇ ਫਿਰਦੇ ਹਨ ਅਤੇ ਕਈ ਵਾਰ ਭੋਜਨ ਨਾ ਮਿਲ਼ਣ ਕਾਰਨ ਕਈ ਜਾਨਵਰ ਆਦਮਖੋਰ ਬਣ ਜਾਂਦੇ ਹਨ। ਮਨੁੱਖ ਵੀ ਇਹਨਾਂ ਤੋਂ ਆਪਣਾ ਬਚਾਅ ਕਰਨ ਲਈ ਇਹਨਾਂ ਨੂੰ ਮਾਰਨਾ ਸ਼ੁਰੂ ਕਰ ਦਿੰਦੇ ਹਨ ਜਿਸ ਕਾਰਨ ਇਹਨਾਂ ਜੰਗਲ਼ੀ ਜੀਵਾਂ ਨੂੰ ਕਿਤੇ ਵੀ ਕੋਈ ਵੀ ਟਿਕਾਣਾ ਨਹੀਂ ਮਿਲ਼ਦਾ। ਅਜਿਹੇ ਜੰਗਲੀ ਜਾਨਵਰਾਂ ਦੇ ਆਵਾਸ ਦੀ ਰੱਖਿਆ ਲਈ ਸਰਕਾਰ ਵੱਲੋਂ ਕੁਝ ਖੇਤਰ ਇਹਨਾਂ ਜੀਵਾਂ ਲਈ ਰਾਖਵੇਂ ਰੱਖੇ ਗਏ ਹਨ, ਜਿੱਥੇ ਉਹਨਾਂ ਨੂੰ ਜੰਗਲ਼ ਵਰਗਾ ਕੁਦਰਤੀ ਵਾਤਾਵਰਣ ਮਿਲ਼ਦਾ ਹੈ। ਇਹ ਵਿਸ਼ਾਲ ਜੰਗਲ਼ੀ ਖੇਤਰ ਹੁੰਦੇ ਹਨ ਜਿਨ੍ਹਾਂ ਵਿੱਚ ਮਨੁੱਖੀ ਦਖਲ ਅੰਦਾਜ਼ੀ ਦੀ ਮਨਾਹੀ ਹੁੰਦੀ ਹੈ,ਇਹਨਾਂ ਖੇਤਰਾਂ ਨੂੰ **ਸੁਰੱਖਿਅਤ ਰੱਖਾਂ** ਕਿਹਾ ਜਾਂਦਾ ਹੈ। ਸਾਡੇ ਦੇਸ਼ ਵਿੱਚ ਵੀ ਅਜਿਹੀਆਂ ਬਹੁਤ ਸਾਰੀਆਂ ਰੱਖਾਂ ਹਨ। ਇਹਨਾਂ ਵਿੱਚ ਜੀਵ-ਜੰਤੂਆਂ ਨੂੰ ਕੁਦਰਤੀ ਰੂਪ ਵਿੱਚ ਵਿਚਰਣ ਦੀ ਖੁੱਲ੍ਹ ਹੁੰਦੀ ਹੈ। ਇਹਨਾਂ ਵਿੱਚ ਰੁੱਖਾਂ ਨੂੰ ਕੱਟਣ ਅਤੇ ਸ਼ਿਕਾਰ ਕਰਨ 'ਤੇ ਪਾਬੰਦੀ ਹੁੰਦੀ ਹੈ



## ਯਾਦ ਰੱਖਣ ਯੋਗ ਗੱਲਾਂ

- ਧਰਤੀ ਅਨੇਕ ਕਿਸਮ ਦੇ ਜੀਵਾਂ ਦਾ ਨਿਵਾਸ ਸਥਾਨ ਹੈ।
- ਸਭ ਜੀਵਾਂ ਨੂੰ ਰਹਿਣ ਲਈ ਆਵਾਸ ਦੀ ਲੋੜ ਪੈਂਦੀ ਹੈ।
- ਵੱਖ-ਵੱਖ ਜੀਵ ਆਪਣੀ ਕੁਦਰਤੀ ਅਨੁਕੂਲਤਾ ਅਨੁਸਾਰ ਆਪਣੇ ਆਵਾਸ ਦੀ ਚੋਣ ਕਰਦੇ ਹਨ।
- ਧਰਤੀ 'ਤੇ ਰਹਿਣ ਵਾਲੇ ਜੀਵ,ਥਲੀ-ਜੀਵ ਅਖਵਾਉਂਦੇ ਹਨ।
- ਪਾਣੀ 'ਚ ਰਹਿਣ ਵਾਲੇ ਜੀਵ,ਜਲੀ-ਜੀਵ ਅਖਵਾਉਂਦੇ ਹਨ।
- ਧਰਤੀ ਅਤੇ ਪਾਣੀ ਦੋਹਾਂ ਥਾਂਵਾਂ 'ਤੇ ਰਹਿਣ ਵਾਲੇ ਜੀਵ,ਜਲ-ਥਲੀ -ਜੀਵ ਕਹਾਉਂਦੇ ਹਨ।
- ਜੰਗਲ਼ੀ ਜੀਵ ਆਪਣੇ ਆਵਾਸ ਆਪ ਬਣਾਉਂਦੇ ਹਨ ਜਾਂ ਦੂਜੇ ਜੀਵਾਂ ਦੇ ਬਣਾਏ ਆਵਾਸ ਵਿੱਚ ਰਹਿੰਦੇ ਹਨ।
- ਪਾਲਤੂ ਜਾਨਵਰ ਮਨੁੱਖ ਦੁਆਰਾ ਬਣਾਏ ਆਵਾਸ ਸਥਾਨਾਂ ਵਿੱਚ ਰਹਿੰਦੇ ਹਨ।



## 2. ਖ਼ਾਲੀ ਥਾਂਵਾਂ ਭਰੋ-

(ਜਲੀ, ਦੰਦ, ਗੁ.ਫ਼ਾ, ਕਾਕਰੋਚ, ਆਂਡੇ)

1. ਸ਼ੇਰ..................ਵਿੱਚ ਰਹਿੰਦਾ ਹੈ।
2. ਪੰਛੀਆਂ ਦੇ..................ਨਹੀਂ ਹੁੰਦੇ॥
3. ਪੰਛੀਆਂ ਦੇ..................ਆਲ੍ਹਣਿਆਂ ਵਿੱਚ ਸੁਰੱਖਿਅਤ ਰਹਿੰਦੇ ਹਨ।
4. ਔਕਟੋਪਸ ਇੱਕ ..................ਜੀਵ ਹੈ।
5. .................. ਸਿੱਲ੍ਹੀ ਅਤੇ ਹਨੇਰੀ ਥਾਂ 'ਤੇ ਰਹਿੰਦਾ ਹੈ।

## 3. ਹੇਠ ਲਿਖੇ ਸਹੀ ਕਥਨ 'ਤੇ (✓) ਅਤੇ ਗ਼ਲਤ ਕਥਨ 'ਤੇ (×) ਦਾ ਨਿਸ਼ਾਨ ਲਗਾਓ-

(ੳ) ਸਮੁੰਦਰੀ ਘੋੜਾ ਪਾਣੀ ਵਿੱਚ ਰਹਿੰਦਾ ਹੈ।

(ਅ) ਸੱਪ ਗੁਫਾ ਵਿੱਚ ਰਹਿੰਦਾ ਹੈ।

(ੲ) ਪੈਂਗੁਇਨ ਉੱਡ ਨਹੀਂ ਸਕਦੇ।

(ਸ) ਬਾਘ ਇੱਕ ਜਲੀ ਜੀਵ ਹੈ।

5. ਬਿਜੜੇ ਦਾ ਆਲ੍ਹਣਾ ਲਟਕਦੀ ਹੋਈ ਬੋਤਲ ਵਰਗਾ ਹੁੰਦਾ ਹੈ।

## 4. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਠੀਕ ਉੱਤਰ ਤੇ ਅੱਗੇ ਸਹੀ (✓) ਦਾ ਨਿਸ਼ਾਨ ਲਗਾਓ:-

(ੳ) ਮਧੂ-ਮੱਖੀਆਂ ਆਪਣੇ ਰਹਿਣ ਲਈ ਕੀ ਬਣਾਉਂਦੀਆਂ ਹਨ ?

ਘਰੌਂਦਾ ਛੱਤਾ ਭੌਂਣ

(ਅ) ਹਾਥੀ ਕਿੱਥੇ ਰਹਿੰਦੇ ਹਨ ?

ਗੁਫਾ ਵਿੱਚ ਪਾਣੀ ਵਿੱਚ ਦਰਖਤਾਂ ਹੇਠਾਂ

(ੲ) ਹੇਠਾਂ ਲਿਖਿਆਂ ਵਿਚੋਂ ਕਿਹੜਾ ਜਾਨਵਰ ਗੁਫ਼ਾ ਵਿੱਚ ਰਹਿੰਦਾ ਹੈ।

ਭਾਲੂ ਹਿਰਨ ਜਿਰਾਫ਼

(ਸ) ਹੇਠਾਂ ਲਿਖਿਆਂ ਵਿਚੋਂ ਕਿਹੜਾ ਜੀਵ ਰੁੱਖਾਂ ਦੀਆਂ ਖੋੜਾਂ ਵਿੱਚ ਰਹਿੰਦਾ ਹੈ।

ਕਬੂਤਰ ਚਿੜੀ ਉੱਲੂ

(ਹ) ਹੇਠਾਂ ਲਿਖਿਆਂ ਵਿਚੋਂ ਕਿਹੜਾ ਪੰਛੀ ਧਰਤੀ 'ਤੇ ਆਲ੍ਹਣਾ ਬਣਾਉਂਦਾ ਹੈ।

ਟਟੀਹਰੀ ☐ ਗਿਰਝ ☐ ਕਾਂ ☐

5. ਸਹੀ ਮਿਲਾਣ ਕਰੋ।

| | |
|---|---|
| ਖੱਚਰ, ਘੋੜਾ | ਜਾਲ੍ਹਾ |
| ਭੇਡ-ਬੱਕਰੀ | ਤਬੇਲਾ |
| ਮੱਝ-ਗਊ | ਛਤਨਾ |
| ਮਕੜੀ | ਘਰੌਂਦਾ |
| ਤਤਈਆ | ਵਾੜਾ |

ਪ੍ਰਸ਼ਨ 6. ਕੁਝ ਜੰਗਲ਼ੀ ਜੀਵਾਂ ਦੇ ਨਾਮ ਲਿਖੋ ?

..........................................................................................

..........................................................................................

ਪ੍ਰਸ਼ਨ 7. ਕੁਝ ਪਾਲਤੂ ਜੀਵਾਂ ਦੇ ਨਾਮ ਲਿਖੋ ?

..........................................................................................

..........................................................................................

ਪ੍ਰਸ਼ਨ 8. ਕੁਝ ਜਲੀ-ਜੀਵਾਂ ਦੇ ਨਾਮ ਲਿਖੋ ?

..........................................................................................

..........................................................................................

ਪ੍ਰਸ਼ਨ 9. ਕੀੜੀਆਂ ਅਤੇ ਸਿਊਂਕ ਕਿੱਥੇ ਰਹਿੰਦੀਆਂ ਹਨ ?

..........................................................................................

..........................................................................................

ਪ੍ਰਸ਼ਨ 10. ਮੱਕੜੀਆਂ ਆਪਣੇ ਜਾਲ੍ਹੇ ਕਿਸ ਪਦਾਰਥ ਤੋਂ ਬਣਾਉਂਦੀਆਂ ਹਨ ?

..........................................................................................

..........................................................................................

*****

ਪਾਠ - 15

# ਅਵਾਸ-ਸਵੱਛਤਾ

**ਸਵੱਛਤਾ :** ਅੱਜ ਸਵੇਰ ਦੀ ਸਭਾ ਵਿੱਚ ਮੁੱਖ ਅਧਿਆਪਕ ਜੀ ਨੇ ਬੱਚਿਆਂ ਨੂੰ ਦੱਸਿਆ, "ਬੱਚਿਓ! ਸਵੱਛਤਾ ਦਾ ਮਤਲਬ ਹੁੰਦਾ ਹੈ ਸਾਫ਼-ਸਫਾਈ ਰੱਖਣਾ। ਇਹ ਸਾਫ਼-ਸਫ਼ਾਈ ਸਾਡੇ ਸਰੀਰ ਦੀ ਵੀ ਹੋ ਸਕਦੀ ਹੈ ਅਤੇ ਸਾਡੇ ਆਲ਼ੇ-ਦੁਆਲ਼ੇ ਦੀ ਵੀ।"

ਜਿਵੇਂ ਅਸੀਂ ਆਪਣੇ ਸਰੀਰ ਦੀ ਸਾਫ਼-ਸਫ਼ਾਈ ਰੱਖਣ ਨਾਲ ਸੋਹਣੇ ਲੱਗਦੇ ਹਾਂ ਅਤੇ ਬਿਮਾਰੀਆਂ ਤੋਂ ਬਚੇ ਰਹਿੰਦੇ ਹਾਂ। ਉਸੇ ਤਰ੍ਹਾਂ ਆਲ਼ੇ-ਦੁਆਲ਼ੇ ਦੀ ਸਫ਼ਾਈ ਰੱਖਣ ਨਾਲ ਸਾਡਾ ਆਲ਼ਾ-ਦੁਆਲ਼ਾ ਵੀ ਸੋਹਣਾ ਲੱਗਦਾ ਹੈ ਅਤੇ ਬਿਮਾਰੀਆਂ ਵੀ ਨਹੀਂ ਫੈਲਦੀਆਂ। ਇਸ ਲਈ ਬਹੁਤ ਜ਼ਰੂਰੀ ਹੈ ਕਿ ਅਸੀਂ ਆਪਣੇ ਘਰਾਂ, ਸੜਕਾਂ, ਗਲੀਆਂ, ਸਕੂਲਾਂ, ਪਾਰਕਾਂ ਆਦਿ ਨੂੰ ਸਵੱਛ ਰੱਖੀਏ।

**ਕੂੜਾ ਕਰਕਟ :** ਅਸੀਂ ਆਪਣੀ ਕਲਾਸ ਦੇ ਕਮਰੇ ਅਤੇ ਸਕੂਲ ਵਿੱਚ ਹਰ ਰੋਜ਼ ਅਕਸਰ ਕਿਤਾਬਾਂ ਕਾਪੀਆਂ ਦੇ ਪੰਨੇ, ਖਾਣ ਪੀਣ ਵਾਲੀਆਂ ਚੀਜ਼ਾਂ, ਟੌਫੀਆਂ ਦੇ ਕਾਗਜ਼ ਸੁੱਟਦੇ ਰਹਿੰਦੇ ਹਾਂ। ਆਪਣੇ ਘਰਾਂ ਵਿੱਚ ਵੀ ਅਸੀਂ ਸਬਜ਼ੀਆਂ ਅਤੇ ਫ਼ਲਾਂ ਦੇ ਛਿਲਕੇ, ਰੁੱਖਾਂ ਦੇ ਪੱਤੇ, ਬਗ਼ੀਚੇ ਦੀ ਰਹਿੰਦ-ਖੂੰਹਦ, ਰੱਦੀ-ਕਾਗਜ਼, ਟੁੱਟੇ-ਭੱਜੇ ਬਰਤਨ, ਖਾਲੀ-ਡੱਬੇ, ਰਬੜ, ਪਸ਼ੂਆਂ ਦੇ ਵਾੜੇ ਦਾ ਕੂੜਾ ਅਤੇ ਹੋਰ ਵੀ ਕਿੰਨਾ ਕੁੱਝ, ਹਰ ਰੋਜ਼ ਕੂੜੇ ਵਿੱਚ ਸੁੱਟਦੇ ਹਾਂ। ਇਨ੍ਹਾਂ ਸਭ ਫਾਲਤੂ ਪਦਾਰਥਾਂ ਨੂੰ **ਕੂੜਾ-ਕਰਕਟ** ਆਖਦੇ ਹਨ।

ਜੇਕਰ ਅਸੀਂ ਆਪਣੇ ਸਕੂਲ ਵਿੱਚ ਅਤੇ ਘਰ ਵਿੱਚ ਇੰਨਾ ਕੂੜਾ ਪੈਦਾ ਕਰਦੇ ਹਾਂ ਤਾਂ ਸੋਚੋ ਪਿੰਡ ਵਿੱਚ ਸਾਡੇ ਜ਼ਿਲ੍ਹੇ ਵਿੱਚ ਜਾਂ ਸਾਡੇ ਦੇਸ਼ ਵਿੱਚ ਕਿੰਨਾ ਕੂੜਾ ਪੈਦਾ ਹੁੰਦਾ ਹੋਵੇਗਾ?



ਜੇਕਰ ਅਸੀਂ ਇਸ ਕੂੜੇ ਦਾ ਨਿਪਟਾਰਾ ਠੀਕ ਢੰਗ ਨਾਲ ਨਹੀਂ ਕਰਾਂਗੇ ਤਾਂ ਅਸੀਂ ਕਿੰਨੀਆਂ ਹੀ ਬਿਮਾਰੀਆਂ ਦੇ ਸ਼ਿਕਾਰ ਹੋ ਜਾਵਾਂਗੇ।

ਇਸ ਲਈ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਅਸੀਂ ਆਪਣੇ ਵਾਤਾਵਰਣ ਨੂੰ ਦੂਸ਼ਿਤ ਨਾ ਕਰੀਏ ਅਤੇ ਆਪਣੇ ਆਲ਼ੇ-ਦੁਆਲ਼ੇ ਦੀ ਸਫ਼ਾਈ ਰੱਖੀਏ। ਚੌਗਿਰਦੇ ਦੀ ਸਫ਼ਾਈ ਲਈ ਹੇਠਾਂ ਲਿਖੀਆਂ ਗੱਲਾਂ ਧਿਆਨ ਵਿੱਚ ਰੱਖਣੀਆਂ ਚਾਹੀਦੀਆਂ ਹਨ :



1. ਕੂੜਾ ਹਮੇਸ਼ਾ ਕੂੜੇਦਾਨ ਵਿੱਚ ਸੁੱਟਣਾ।
2. ਆਪਣੇ ਘਰ ਦਾ ਕੂੜਾ ਬਾਹਰ ਗਲ਼ੀ ਵਿੱਚ ਨਾ ਸੁੱਟਣਾ।
3. ਖੁੱਲ੍ਹੇ ਵਿੱਚ ਮਲ-ਤਿਆਗ ਨਾ ਕਰਨਾ।
4. ਆਪਣੇ ਘਰ ਦੇ ਬਾਹਰ ਨਾਲ਼ੀਆਂ ਦੀ ਸਫ਼ਾਈ ਸਮੇਂ-ਸਮੇਂ 'ਤੇ ਕਰਨਾ।
5. ਆਪਣੇ ਘਰ ਅਤੇ ਸਕੂਲ ਨੂੰ ਸਾਫ਼ ਰੱਖਣਾ।
6. ਸਾਂਝੀਆਂ ਥਾਂਵਾਂ ਜਿਵੇਂ ਬੱਸ-ਅੱਡਾ, ਰੇਲਵੇ-ਸਟੇਸ਼ਨ, ਪਾਰਕ ਆਦਿ ਨੂੰ ਸਾਫ਼ ਰੱਖਣਾ।
7. ਆਪਣੇ ਵਾਤਾਵਰਨ ਨੂੰ ਸ਼ੁੱਧ ਕਰਨ ਲਈ ਬੂਟੇ ਲਗਾਉਣਾ।
8. ਆਪਣੇ ਪਾਣੀ ਦੇ ਸੋਮਿਆਂ ਨੂੰ ਖ਼ਰਾਬ ਨਾ ਕਰਨਾ।



## ਚੰਗੀ ਸਿਹਤ

ਚੰਗੀ ਸਿਹਤ ਜ਼ਿੰਦਗੀ ਦਾ ਗਹਿਣਾ
ਤੰਦਰੁਸਤ ਹੈ ਜੇ ਸਭ ਨੇ ਰਹਿਣਾ
ਯਾਦ ਰੱਖੋ ਕੁਝ ਗੱਲਾਂ ਖਾਸ
ਆਲ਼ਾ ਦੁਆਲ਼ਾ ਰੱਖੋ ਸਾਫ਼
ਸਾਫ਼ ਘਰ ਤੇ ਸਾਫ਼ ਚੁਬਾਰਾ
ਬਿਮਾਰੀਆਂ ਤੋਂ ਹੋਵੇ ਛੁਟਕਾਰਾ
ਸਾਫ਼ ਸਫ਼ਾਈ ਪ੍ਰਤੀ ਸਭ ਜਾਗੋ
ਖੁੱਲ੍ਹੇ ਵਿੱਚ ਨਾ ਮਲ ਤਿਆਗੋ
ਮੱਖੀ ਮੱਛਰ ਦਾ ਹੋਵੇ ਨਾਸ
ਤੰਦਰੁਸਤੀ ਦਾ ਇਹੀ ਰਾਜ਼

### ਘਰੇਲੂ ਕੂੜਾ-ਕਰਕਟ ਦੋ ਪ੍ਰਕਾਰ ਦਾ ਹੁੰਦਾ ਹੈ—

1. ਗਲ਼ਣਯੋਗ 2. ਨਾ–ਗਲ਼ਣਯੋਗ

**ਗਲਣਯੋਗ :** ਇਸ ਵਿੱਚ ਕਾਗਜ਼, ਪੱਤੇ, ਸਬਜ਼ੀਆਂ ਅਤੇ ਫਲ਼ਾਂ ਦੇ ਛਿੱਲੜ, ਖਾਣ ਵਾਲ਼ੀਆਂ ਵਸਤੂਆਂ ਦੀ ਰਹਿੰਦ-ਖੂੰਹਦ, ਪਸ਼ੂਆਂ ਦਾ ਗੋਹਾ ਕੂੜਾ ਅਤੇ ਘਰ ਦੀ ਬਗ਼ੀਚੀ ਦੀ ਰਹਿੰਦ–ਖੂੰਹਦ ਸ਼ਾਮਲ ਹੈ,ਜੋ ਕਿ ਕੁਝ ਸਮੇਂ ਬਾਅਦ ਆਪਣੇ ਆਪ ਗਲ਼ ਜਾਂਦਾ ਹੈ।

**ਨਾ-ਗਲ਼ਣਯੋਗ :** ਨਾ ਗਲ਼ਣਯੋਗ ਕੂੜਾ–ਕਰਕਟ ਵਿੱਚ ਪਲਾਸਟਿਕ ਦੇ ਲਿਫ਼ਾਫੇ, ਕੱਚ, ਟਿਨ, ਲੋਹੇ ਅਤੇ ਪਲਾਸਟਿਕ ਦੀਆਂ ਬੇਕਾਰ ਵਸਤਾਂ ਆਦਿ ਸ਼ਾਮਲ ਹਨ। ਉਸਾਰੀ ਦਾ ਮਲਬਾ ਵੀ ਨਾ ਗਲ਼ਣਯੋਗ ਕੂੜਾ ਹੈ। ਇਹ ਲੰਮੇ ਸਮੇਂ ਬਾਅਦ ਵੀ ਨਹੀਂ ਗਲ਼ਦਾ।

**ਅਧਿਆਪਕ ਲਈ—** ਬੱਚਿਆਂ ਨੂੰ ਸਕੂਲ ਦੇ ਕੂੜਾ–ਕਰਕਟ ਵਿੱਚੋਂ ਗਲ਼ਣਯੋਗ, ਨਾ ਗਲ਼ਣਯੋਗ ਵਸਤੂਆਂ ਅਲੱਗ–ਅਲੱਗ ਇਕੱਠੀਆਂ ਕਰਨ ਲਈ ਕਹੋ ਅਤੇ ਉਨ੍ਹਾਂ ਤੇ ਸਮੂਹ ਬਣਾ ਕੇ ਚਰਚਾ ਕਰੋ।

**ਕੂੜਾ-ਕਰਕਟ ਦੇ ਪ੍ਰਭਾਵ—** ਕੂੜਾ–ਕਰਕਟ ਨਾਲ਼ ਸਿਹਤ ਅਤੇ ਵਾਤਾਵਰਣ ਉੱਤੇ ਬਹੁਤ ਹੀ ਮਾੜੇ ਪ੍ਰਭਾਵ ਪੈਂਦੇ ਹਨ।

1. ਕੂੜਾ–ਕਰਕਟ ਆਮ ਤੌਰ 'ਤੇ ਨਾਲ਼ੀਆਂ ਵਿੱਚ ਇਕੱਠਾ ਹੋ ਜਾਂਦਾ ਹੈ। ਜਿਸ ਨਾਲ਼ ਨਾਲ਼ੀਆਂ ਬੰਦ ਹੋ ਜਾਂਦੀਆਂ ਹਨ। ਜਿਸ ਵਿੱਚ ਮੱਛਰ, ਮੱਖੀ ਪੈਦਾ ਹੁੰਦੇ ਹਨ। ਜਿੰਨ੍ਹਾਂ ਤੋਂ ਡੇਂਗੂ, ਮਲੇਰੀਆ ਜਿਹੀਆਂ ਬਿਮਾਰੀਆਂ ਫੈਲਣ ਦਾ ਖ਼ਤਰਾ ਹੁੰਦਾ ਹੈ।

2. ਖੁੱਲ੍ਹੇ ਸੁੱਟੇ ਹੋਏ ਕੂੜੇ ਵਿੱਚ ਕਈ ਪ੍ਰਕਾਰ ਦੇ ਕੀੜੇ–ਮਕੌੜੇ ਅਤੇ ਮੱਖੀਆਂ ਪੈਦਾ ਹੋ ਜਾਂਦੀਆਂ ਹਨ ਜੋ ਕਈ ਵਾਰ ਖ਼ਤਰਨਾਕ ਬਿਮਾਰੀਆਂ ਨੂੰ ਜਨਮ ਦਿੰਦੇ ਹਨ। ਖੁੱਲ੍ਹਾ ਸੁੱਟਿਆ ਕੂੜਾ ਮਹਾਂਮਾਰੀਆਂ ਨੂੰ ਫੈਲਣ ਦਾ ਮੌਕਾ ਦਿੰਦਾ ਹੈ,ਜਿਵੇਂ ਟਾਈਫਾਈਡ, ਹੈਜ਼ਾ, ਦਿਮਾਗੀ ਬੁਖ਼ਾਰ, ਪੇਚਿਸ਼, ਪੀਲ਼ੀਆ ਅਤੇ ਕਈ ਚਮੜੀ ਰੋਗ।

3. ਕੂੜਾ–ਕਰਕਟ ਵਿੱਚ ਸ਼ਾਮਿਲ ਪਲਾਸਟਿਕ ਦੀਆਂ ਥੈਲੀਆਂ ਪਸ਼ੂ ਨਿਗਲ ਜਾਂਦੇ ਹਨ, ਜੋ ਉਨ੍ਹਾਂ ਦੀ ਮੌਤ ਦਾ ਕਾਰਨ ਵੀ ਬਣਦੇ ਹਨ। ਪਲਾਸਟਿਕ ਦੀਆਂ ਥੈਲੀਆਂ ਨਾਲ ਸੀਵਰੇਜ, ਨਾਲਿਆਂ ਵਿੱਚ ਪਾਣੀ ਦਾ ਵਹਾਅ ਵੀ ਰਕਦਾ ਹੈ। ਇਸ ਲਈ ਪਲਾਸਟਿਕ ਦੀਆਂ ਥੈਲੀਆਂ ਦੀ ਵਰਤੋਂ ਘੱਟ ਕਰਨੀ ਚਾਹੀਦੀ ਹੈ।

4. ਪਲਾਸਟਿਕ ਦੀਆਂ ਵਸਤਾਂ ਨਾਲ ਮਿੱਟੀ ਦੀ ਉਪਜਾਊ ਸ਼ਕਤੀ ਵੀ ਘੱਟ ਜਾਂਦੀ ਹੈ ਕਿਉਂਕਿ ਇਨ੍ਹਾਂ ਨੂੰ ਗਲ਼ਣ ਲਈ ਸੈਂਕੜੇ ਸਾਲ ਲਗ ਜਾਂਦੇ ਹਨ। ਇਸ ਲਈ ਜ਼ਰੂਰੀ ਹੈ ਕਿ ਗਲ਼ਣਯੋਗ, ਨਾ–ਗਲ਼ਣਯੋਗ ਕੂੜੇ ਨੂੰ ਅਲੱਗ–ਅਲੱਗ ਇਕੱਠਾ ਕੀਤਾ ਜਾਵੇ।

### ਗਲਣਯੋਗ ਕੂੜੇ ਦਾ ਨਿਪਟਾਰਾ

1. ਕਾਗਜ਼ ਨੂੰ ਸੋਧ ਕੇ ਮੁੜ ਵਰਤਿਆ ਜਾ ਸਕਦਾ ਹੈ।
2. ਪੱਤੇ, ਸਬਜ਼ੀਆਂ ਅਤੇ ਫਲ਼ਾਂ ਦੇ ਛਿੱਲੜ ਪਸ਼ੂਆਂ ਦੇ ਚਾਰੇ ਵਜੋਂ ਵਰਤੇ ਜਾ ਸਕਦੇ ਹਨ।

3. ਪਸ਼ੂਆਂ ਦਾ ਗੋਹਾ ਕੂੜਾ, ਬਗੀਚੀ ਦਾ ਕਚਰਾ, ਪੱਤੇ,ਸਬਜ਼ੀਆਂ ਅਤੇ ਫ਼ਲਾਂ ਦੇ ਛਿੱਲੜ, ਖਾਣ ਵਾਲੀਆਂ ਵਸਤੂਆਂ ਦੀ ਰਹਿੰਦ-ਖੂੰਹਦ ਨੂੰ ਟੋਏ (ਕੰਪੋਸਟ ਪਿੱਟ) ਵਿੱਚ ਦਬਾਅ ਕੇ ਖਾਦ ਬਣਾਈ ਜਾ ਸਕਦੀ ਹੈ।

### ਨਾ ਗਲਣਯੋਗ ਕੂੜੇ ਦਾ ਨਿਪਟਾਰਾ

1. ਕੱਚ, ਟਿਨ, ਲੋਹੇ ਅਤੇ ਪਲਾਸਟਿਕ ਦੀਆਂ ਬੇਕਾਰ ਵਸਤੂਆਂ ਨੂੰ ਮੁਰੰਮਤ ਕਰਕੇ ਜਾ ਕਾਰਖਾਨਿਆਂ ਵਿੱਚ ਸੋਧਕੇ ਮੁੜ ਵਰਤਿਆ ਜਾ ਸਕਦਾ ਹੈ।
2. ਉਸਾਰੀ ਦਾ ਮਲਬਾ ਅਤੇ ਸੁਆਹ ਆਦਿ ਨੂੰ ਟੋਏ (ਲੈਂਡਫਿਲ) ਬਣਾਕੇ ਨਿਪਟਾਇਆ ਜਾ ਸਕਦਾ ਹੈ। ਲੈਂਡਫਿਲ ਜਲ ਸਰੋਤਾਂ ਅਤੇ ਰਿਹਾਇਸ਼ੀ ਇਲਾਕਿਆਂ ਤੋਂ ਦੂਰ ਬਣਾਉਣੇ ਚਾਹੀਦੇ ਹਨ।

**ਪ੍ਰਸ਼ਨ 1.ਪਲਾਸਟਿਕ ਦੀਆਂ ਥੈਲੀਆਂ ਦੀ ਵਰਤੋਂ ਦੇ ਕੀ ਨੁਕਸਾਨ ਹਨ ?**

..............................................................................................................

..............................................................................................................

**ਪ੍ਰਸ਼ਨ 2.ਖੁੱਲ੍ਹੇ ਤੌਰ 'ਤੇ ਸੁੱਟੇ ਕੂੜੇ-ਕਰਕਟ ਨਾਲ਼ ਹੋਣ ਵਾਲ਼ੀਆਂ ਬਿਮਾਰੀਆਂ ਦੇ ਨਾਂ ਲਿਖੋ।**

..............................................................................................................

..............................................................................................................

**ਅਧਿਆਪਕ ਲਈ** - ਬੱਚਿਆਂ ਵਿੱਚ ਇਹ ਜਾਣਨ ਦੀ ਉਤਸੁਕਤਾ ਪੈਦਾ ਕੀਤੀ ਜਾਵੇ ਕਿ ਕੂੜਾ ਕਰਕਟ ਕਿਵੇਂ ਉਪਯੋਗੀ ਹੋ ਸਕਦਾ ਹੈ। ਕੀ ਇਸ ਕੂੜੇ ਵਿੱਚ ਕੁਝ ਅਜਿਹਾ ਹੈ ਜਿਸ ਤੋਂ ਬੱਚੇ ਕੋਈ ਚੀਜ਼ ਬਣਾ ਸਕਦੇ ਹਨ? ਬੱਚਿਆਂ ਨੂੰ ਪਿੰਡ ਵਿੱਚ ਅਜਿਹੀਆਂ ਥਾਂਵਾਂ ਘਰ ਲੱਭਣ ਲਈ ਕਿਹਾ ਜਾਵੇ ਜੋ ਗੋਬਰ ਤੋਂ ਗੋਬਰ ਗੈਸ ਬਣਾਉਂਦੇ ਹਨ ਭਾਵ ਗੋਬਰ ਗੈਸ ਪਲਾਂਟ।



**ਕੂੜਾ ਘਟਾਉਣਾ**—ਬੱਚਿਓ! ਤੁਹਾਨੂੰ ਪਤਾ ਹੈ ਕਿ ਸਾਡੇ ਘਰ ਵਿੱਚ ਔਸਤਨ 300 ਤੋਂ 500 ਗ੍ਰਾਮ ਤੱਕ ਕੂੜਾ ਹਰ ਰੋਜ਼ ਪੈਦਾ ਹੁੰਦਾ ਹੈ। ਪਰ ਜੇਕਰ ਅਸੀਂ ਥੋੜ੍ਹੀ ਜਿਹੀ ਕੋਸ਼ਿਸ਼ ਕਰੀਏ ਤਾਂ ਇਸ ਨੂੰ ਘਟਾ ਸਕਦੇ ਹਾਂ। ਜਿਵੇਂ—

1. ਪਲਾਸਟਿਕ ਦੀ ਵਰਤੋਂ ਘੱਟ ਤੋਂ ਘੱਟ ਕਰਕੇ।
2. ਗਲ਼ਣਯੋਗ ਕੂੜੇ ਤੋਂ ਖਾਦ ਤਿਆਰ ਕਰਕੇ।
3. ਚੀਜ਼ਾਂ ਦੀ ਮੁੜ ਤੋਂ ਵਰਤੋਂ ਕਰਕੇ।
4. ਬਜ਼ਾਰ ਤੋਂ ਸਬਜ਼ੀ ਜਾਂ ਹੋਰ ਸਮਾਨ ਲਿਆਉਣ ਲਈ ਕੱਪੜੇ ਦੇ ਥੈਲੇ ਦੀ ਵਰਤੋਂ ਕੀਤੀ ਜਾਵੇ ਤਾਂ ਜੋ ਪਲਾਸਟਿਕ ਦੀਆਂ ਥੈਲੀਆਂ ਦੀ ਵਰਤੋਂ ਘੱਟ ਸਕੇ।
5. ਕਾਗਜ਼ ਦੀ ਥਾਂ ਲਿਖਣ ਲਈ ਸਲੇਟ ਦੀ ਵਰਤੋਂ ਕਰਕੇ।
6. ਕਿਤਾਬਾਂ ਨੂੰ ਸਾਫ਼-ਸੁਥਰੀਆਂ ਰੱਖਣ ਨਾਲ ਉਹੀ ਕਿਤਾਬਾਂ ਅਗਲੇ ਸਾਲ ਹੋਰਨਾਂ ਬੱਚਿਆਂ ਲਈ ਵਰਤੀਆਂ ਜਾ ਸਕਦੀਆਂ ਹਨ।

ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਅਸੀਂ ਜਿੰਨਾ ਜ਼ਿਆਦਾ ਕੂੜਾ-ਕਰਕਟ ਪੈਦਾ ਕਰਾਂਗੇ ਤਾਂ ਉਸ ਤੋਂ ਛੁਟਕਾਰਾ ਪਾਉਣ ਵਿੱਚ ਵੀ ਸਾਨੂੰ ਉਨੀ ਹੀ ਵੱਧ ਮੁਸ਼ਕਿਲ ਹੋਵੇਗੀ।

**ਅਧਿਆਪਕ ਲਈ** - ਬੱਚਿਆਂ ਨੂੰ ਪੁਰਾਣੀਆਂ ਕੱਚ ਦੀਆਂ ਬੋਤਲਾਂ, ਪਲਾਸਟਿਕ ਦੀਆਂ ਬੋਤਲਾਂ, ਉੱਨ, ਚਾਦਰਾਂ, ਵਧਾਈ ਕਾਰਡ ਅਤੇ ਹੋਰ ਚੀਜ਼ਾਂ ਇਕੱਠਾ ਕਰਨ ਲਈ ਕਿਹਾ ਜਾਵੇ ਅਤੇ ਉਨ੍ਹਾਂ ਤੋਂ ਕੁੱਝ ਉਪਯੋਗੀ ਵਸਤਾਂ ਬਣਾਉਣ ਲਈ ਪ੍ਰੇਰਿਤ ਕੀਤਾ ਜਾਵੇ।

**ਮੁੜ-ਵਰਤੋਂ**—ਕੂੜੇ-ਕਰਕਟ ਵਿੱਚੋਂ ਬਹੁਤ ਸਾਰੀਆਂ ਚੀਜ਼ਾਂ ਦੀ ਮੁੜ-ਵਰਤੋਂ ਕੀਤੀ ਜਾ ਸਕਦੀ ਹੈ।




1. ਬਹੁਤ ਸਾਰੀਆਂ ਚੀਜ਼ਾਂ ਜਿਨ੍ਹਾਂ ਦੀ ਮੁਰੰਮਤ ਹੋ ਸਕਦੀ ਹੈ ਉਹਨਾਂ ਦੀ ਅਸੀਂ ਮੁੜ ਵਰਤੋਂ ਕਰ ਸਕਦੇ ਹਾਂ।
2. ਘਰ ਵਿੱਚ ਪਈ ਸੀ.ਡੀ. ਜਾਂ ਹੋਰ ਵਸਤੂਆਂ ਨਾਲ ਅਸੀਂ ਫੋਟੋ ਫਰੇਮ ਤਿਆਰ ਕਰ ਸਕਦੇ ਹਾਂ।
3. ਫ਼ਲਾਂ ਅਤੇ ਸਬਜ਼ੀਆਂ ਦੇ ਛਿਲਕਿਆਂ ਨੂੰ ਮਿਕਸੀ ਵਿੱਚ ਪੀਸ ਕੇ ਖਾਦ ਦੇ ਰੂਪ ਵਿੱਚ ਪੌਦਿਆਂ ਨੂੰ ਪਾਇਆ ਜਾ ਸਕਦਾ ਹੈ ਜੋ ਕਿ ਪੌਦਿਆਂ ਲਈ ਬਹੁਤ ਹੀ ਵਧੀਆ ਹੁੰਦਾ ਹੈ।
4. ਖਾਲੀ ਬੋਤਲਾਂ ਵਿੱਚ ਪੌਦੇ ਉਗਾਏ ਜਾ ਸਕਦੇ ਹਨ। ਇਨ੍ਹਾਂ ਤੋਂ ਸੁੰਦਰ ਫੁੱਲਦਾਨ ਵੀ ਬਣਾ ਸਕਦੇ ਹਾਂ।
5. ਖਾਲੀ ਡੱਬਿਆਂ ਨੂੰ ਸਾਫ਼ ਕਰਕੇ ਕਈ ਢੰਗਾਂ ਨਾਲ ਦੁਬਾਰਾ ਵਰਤਿਆ ਜਾ ਸਕਦਾ ਹੈ।





ਪਿਆਰੇ ਬੱਚਿਓ ! ਕੀ ਤੁਸੀਂ ਕਦੇ ਚੰਡੀਗੜ੍ਹ ਗਏ ਹੋ ? ਉੱਥੇ ਵਿਅਰਥ ਅਤੇ ਵਾਧੂ ਪਦਾਰਥਾਂ ਤੋਂ ਬਹੁਤ ਹੀ ਸੋਹਣੇ ਅਤੇ ਵਧੀਆ ਢੰਗ ਦੀਆਂ ਚੀਜ਼ਾਂ ਬਣਾਈਆਂ ਗਈਆਂ ਹਨ। ਇਹ ਸਭ **ਸ੍ਰੀ ਨੇਕ ਚੰਦ ਜੀ ਵੱਲੋਂ ਰੌਕ ਗਾਰਡਨ** ਵਿਖੇ ਬਣਾਇਆ ਗਿਆ ਹੈ। ਇਹ ਕਾਰੀਗਰੀ ਦਾ ਉੱਤਮ ਨਮੂਨਾ ਵੀ ਹੈ ਅਤੇ ਵਿਅਰਥ ਪਦਾਰਥਾਂ ਨੂੰ ਵਰਤਣ ਦਾ ਉੱਤਮ ਤਰੀਕਾ ਵੀ।



ਸਾਨੂੰ ਸਾਰਿਆਂ ਨੂੰ ਹੁਣ ਪਤਾ ਲੱਗ ਹੀ ਗਿਆ ਹੈ ਕਿ ਖੁੱਲ੍ਹਾ ਕੂੜਾ-ਕਰਕਟ ਸਾਡੇ ਲਈ ਕਿੰਨਾ ਖ਼ਤਰਨਾਕ ਹੋ ਸਕਦਾ ਹੈ। ਇਸ ਲਈ ਸਾਨੂੰ ਆਪਣੇ-ਆਪਣੇ ਘਰਾਂ ਵਿੱਚ ਢਕਿਆ ਹੋਇਆ ਕੂੜਾਦਾਨ ਲਗਾਉਣਾ ਚਾਹੀਦਾ ਹੈ।



**ਅਧਿਆਪਕ ਲਈ—**

1. ਦੋ ਅਲੱਗ-ਅਲੱਗ ਰੰਗ ਦੇ ਕੂੜਾਦਾਨ (ਡਸਟਬਿਨ) ਜਿਵੇਂ ਹਰਾ ਅਤੇ ਨੀਲਾ ਤਿਆਰ ਕੀਤੇ ਜਾਣ।
2. ਸਕੂਲ ਵਿੱਚ ਵਿਦਿਆਰਥੀਆਂ ਨੂੰ ਅਜਿਹੀਆਂ ਵਸਤੂਆਂ ਇਕੱਠੀਆਂ ਕਰਨ ਲਈ ਕਿਹਾ ਜਾਵੇ ਜੋ ਕੂੜੇ ਕਰਕਟ ਵਿੱਚ ਸ਼ਾਮਲ ਹੋਣ।
3. ਹੁਣ ਗਲ਼ਣਯੋਗ ਅਤੇ ਨਾ-ਗਲ਼ਣਯੋਗ ਵਸਤੂਆਂ ਵੱਖ-ਵੱਖ ਕਰਨ ਲਈ ਕਿਹਾ ਜਾਵੇ।
4. ਵਿਦਿਆਰਥੀਆਂ ਨੂੰ ਗਲ਼ਣਯੋਗ ਵਸਤੂਆਂ ਨੂੰ ਹਰੇ ਕੂੜਾਦਾਨ ਅਤੇ ਨਾ-ਗਲ਼ਣਯੋਗ ਵਸਤੂਆਂ ਨੂੰ ਨੀਲੇ ਕੂੜਾਦਾਨ ਵਿੱਚ ਇਕੱਠਾ ਕਰਨ ਦੀ ਸਿੱਖਿਆ ਦਿੱਤੀ ਜਾਵੇ। ਉਹਨਾਂ ਨੂੰ ਆਪਣੇ ਘਰਾਂ ਵਿੱਚ ਵੀ ਅਜਿਹੇ ਕੂੜਾਦਾਨਾਂ ਵਰਤਣ ਲਈ ਪ੍ਰੇਰਿਤ ਕੀਤਾ ਜਾਵੇ।



## ਯਾਦ ਰੱਖਣ ਯੋਗ ਗੱਲਾਂ

- ਘਰ ਬਣਾਉਣ ਮਗਰੋਂ ਉਸਦੀ ਸਾਫ਼ ਸਫ਼ਾਈ ਦਾ ਧਿਆਨ ਰੱਖਣਾ ਚਾਹੀਦਾ ਹੈ।
- ਘਰਾਂ ਦੇ ਕੂੜਾ-ਕਰਕਟ ਦਾ ਉਚਿਤ ਢੰਗ ਨਾਲ਼ ਨਿਪਟਾਰਾ ਕਰਨਾ ਚਾਹੀਦਾ ਹੈ।
- ਗਲ਼ਣਯੋਗ ਅਤੇ ਨਾ-ਗਲ਼ਣਯੋਗ ਕੂੜਾ ਅਲੱਗ-ਅਲੱਗ ਰੱਖਣਾ ਚਾਹੀਦਾ ਹੈ।
- ਬਹੁਤ ਸਾਰੀਆਂ ਫ਼ਜ਼ੂਲ ਵਸਤਾਂ ਨੂੰ ਮੁੜ ਵਰਤੋਂ ਵਿੱਚ ਲਿਆਂਦਾ ਜਾ ਸਕਦਾ ਹੈ।
- ਘਰਾਂ, ਪਾਰਕਾਂ, ਸੜਕਾਂ, ਸਕੂਲਾਂ, ਹਸਪਤਾਲਾਂ ਵਿੱਚ ਡਸਟਬਿਨ ਰੱਖੇ ਹੋਣੇ ਚਾਹੀਦੇ ਹਨ।

**3. ਖਾਲੀ ਥਾਂਵਾਂ ਭਰੋ :**

(ਪਾਲੀਥੀਨ, ਕੂੜਾਦਾਨ, ਵਾਤਾਵਰਨ, ਤਾਜ਼ੀ-ਹਵਾ)

(ੳ) ਘਰ ਵਿੱਚ ਸੂਰਜ ਦੀ ਰੌਸ਼ਨੀ ਅਤੇ .................... ਆਉਣੀ ਚਾਹੀਦੀ ਹੈ।

(ਅ) ਕੂੜਾ ਕਰਕਟ ਨਾਲ ਸਿਹਤ ਅਤੇ .................... ਉੱਪਰ ਮਾੜੇ ਪ੍ਰਭਾਵ ਪੈਂਦੇ ਹਨ।

(ੲ) .................... ਦੀ ਵਰਤੋਂ ਘੱਟ ਤੋਂ ਘੱਟ ਕਰਨੀ ਚਾਹੀਦੀ ਹੈ।

(ਸ) ਕੂੜਾ ਇਕੱਠਾ ਕਰਨ ਲਈ .................... ਦੀ ਵਰਤੋਂ ਕਰਨੀ ਚਾਹੀਦੀ ਹੈ।

4. ਹੇਠ ਲਿਖੇ ਸਹੀ ਕਥਨ 'ਤੇ (✓) ਅਤੇ ਗਲਤ ਕਥਨ 'ਤੇ (×) ਦਾ ਨਿਸ਼ਾਨ ਲਗਾਓ—

(ੳ) ਖੁੱਲ੍ਹਾ ਸੁੱਟਿਆ ਕੂੜਾ ਹਵਾ ਪ੍ਰਦੂਸ਼ਣ ਫੈਲਾਉਂਦਾ ਹੈ।

(ਅ) ਕੂੜਾ-ਕਰਕਟ ਕੂੜੇਦਾਨ ਵਿੱਚ ਪਾਉਣਾ ਚਾਹੀਦਾ ਹੈ।

(ੲ) ਪਲਾਸਟਿਕ ਦੀ ਵਰਤੋਂ ਵੱਧ ਤੋਂ ਵੱਧ ਕਰਨੀ ਚਾਹੀਦੀ ਹੈ।

(ਸ) ਪਲਾਸਟਿਕ ਦੀਆਂ ਬੋਤਲਾਂ ਨੂੰ ਮੁੜ ਵਰਤਿਆ ਜਾ ਸਕਦਾ ਹੈ।

(ਹ) ਰੌਕ ਗਾਰਡਨ ਲੁਧਿਆਣੇ ਵਿੱਚ ਹੈ।

5. ਹੇਠਾਂ ਦਿੱਤੇ ਪ੍ਰਸ਼ਨਾਂ ਦੇ ਠੀਕ ਉੱਤਰ 'ਤੇ ਸਹੀ (✓) ਦਾ ਨਿਸ਼ਾਨ ਲਗਾਓ—

(ੳ) ਗਲ਼ਣਯੋਗ ਵਸਤੂ ਕਿਹੜੀ ਹੈ ?

ਪਲਾਸਟਿਕ ਕਾਗਜ਼ ਕੱਚ

(ਅ) ਨਾ-ਗਲ਼ਣਯੋਗ ਵਸਤੂ ਕਿਹੜੀ ਹੈ ?

ਪੱਤੇ ਛਿਲਕੇ ਪਾਲੀਥੀਨ

(ੲ) ਇਹਨਾਂ ਵਿੱਚੋਂ ਕਿਹੜਾ ਕੂੜਾ-ਕਰਕਟ ਵਧਣ ਦਾ ਮੁੱਖ ਕਾਰਨ ਹੈ ?

ਅਵਾਰਾ ਪਸ਼ੂ ਸ਼ਹਿਰੀਕਰਨ

ਖੇਤੀਬਾੜੀ

(ਸ) ਸ਼੍ਰੀ ਨੇਕ ਚੰਦ ਜੀ ਨੇ ਕਿਹੜਾ ਗਾਰਡਨ ਬਣਾਇਆ ਹੈ ?

ਰੌਕ ਗਾਰਡਨ ਰੋਜ਼ ਗਾਰਡਨ

ਨੇਕ ਗਾਰਡਨ

(ਹ) ਗੋਬਰ ਦੀ ਵਰਤੋਂ ਨਾਲ਼ ਕੀ ਪੈਦਾ ਕੀਤਾ ਜਾ ਸਕਦਾ ਹੈ ?

ਕਾਗਜ਼ ਗੋਬਰ-ਗੈਸ

ਗੱਤਾ

6. ਸਹੀ ਮਿਲਾਣ ਕਰੋ—

| | |
|---|---|
| (ੳ) ਡਸਟਬਿਨ | ਸੀਮਿੰਟ |
| (ਅ) ਪਾਲੀਥੀਨ | ਚੰਡੀਗੜ੍ਹ |
| (ੲ) ਕੰਕਰੀਟ | ਛੱਤ |
| (ਸ) ਲੈਂਟਰ | ਲਿਫ਼ਾਫ਼ੇ |
| (ਹ) ਰੌਕ ਗਾਰਡਨ | ਕੂੜਾਦਾਨ |

7. ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਦਿਓ।

(ੳ) ਕੂੜਦਾਨ ਕੀ ਹੁੰਦਾ ਹੈ ?

..........................................................................................

..........................................................................................

(ਅ) ਸਵੱਛਤਾ ਦਾ ਕੋਈ ਇੱਕ ਲਾਭ ਦੱਸੋ ?

..........................................................................................

..........................................................................................

(ੲ) ਗਲ਼ਣਯੋਗ ਕੂੜੇ ਵਿੱਚ ਕੀ ਕੁੱਝ ਸ਼ਾਮਲ ਹੁੰਦਾ ਹੈ ?

..........................................................................................

..........................................................................................

(ਸ) ਨਾ-ਗਲ਼ਣਯੋਗ ਕੂੜੇ ਵਿੱਚ ਕਿਹੜੀਆਂ ਚੀਜ਼ਾਂ ਹੁੰਦੀਆਂ ਹਨ ?

..........................................................................................

..........................................................................................

(ਹ) ਦੋ ਵੱਖ-ਵੱਖ ਰੰਗਾਂ ਦੇ ਕੂੜਾਦਾਨ ਕਿਉਂ ਵਰਤੇ ਜਾਂਦੇ ਹਨ ?

..........................................................................................

..........................................................................................

(ਕ) ਸਵੱਛਤਾ ਤੋਂ ਕੀ ਭਾਵ ਹੈ ?

..........................................................................................

..........................................................................................

(ਖ) ਕੂੜਾ-ਕਰਕਟ ਕਿਉਂ ਵਧ ਰਿਹਾ ਹੈ ?

..........................................................................................

..........................................................................................

(ਗ) ਕੂੜਾ-ਕਰਕਟ ਦੇ ਕੀ ਮਾੜੇ ਪ੍ਰਭਾਵ ਪੈਂਦੇ ਹਨ ?

..........................................................................................

..........................................................................................

(ਘ) ਕੂੜਾ ਕਰਕਟ ਦਾ ਨਿਪਟਾਰਾ ਕਿਵੇਂ ਕੀਤਾ ਜਾ ਸਕਦਾ ਹੈ ?

..........................................................................................

..........................................................................................

(ਙ) ਕੂੜਾ ਕਰਕਟ ਘਟਾਉਣ ਲਈ ਸਾਨੂੰ ਕੀ ਕਰਨਾ ਚਾਹੀਦਾ ਹੈ ?

..........................................................................................


..........................................................................................

**ਇਹ ਵੀ ਜਾਣੋ**


ਬੱਚਿਓ! ਕੀ ਤੁਸੀਂ ਜਾਣਦੇ ਹੋ ਕਿ ਸਕੂਲ ਦੀ ਸਵੱਛਤਾ ਲਈ ਸਕੂਲ ਵਿੱਚ ਸਵੱਛਤਾ ਕਲੱਬ ਦਾ ਗਠਨ ਕੀਤਾ ਜਾ ਸਕਦਾ ਹੈ। ਸਵੱਛਤਾ ਕਲੱਬ ਦਾ ਮੁੱਖ ਕੰਮ ਬੱਚਿਆਂ ਨੂੰ ਸਫ਼ਾਈ ਪ੍ਰਤੀ ਜਾਗਰੂਕ ਕਰਨਾ ਹੁੰਦਾ ਹੈ। ਸਵੱਛਤਾ ਕਲੱਬ ਦੇ ਮੈਂਬਰਾਂ ਵਿੱਚ ਕਲਾਸ ਦੇ ਬੱਚੇ ਹੁੰਦੇ ਹਨ। ਇਨ੍ਹਾਂ ਹੀ ਬੱਚਿਆਂ ਵਿੱਚੋਂ ਇੱਕ ਬੱਚਾ ਚੇਅਰਮੈਨ ਅਤੇ ਇੱਕ ਸੈਕਟਰੀ ਹੁੰਦਾ ਹੈ। ਜਮਾਤ ਦਾ ਅਧਿਆਪਕ ਸਵੱਛਤਾ ਕਲੱਬ ਦਾ ਸਰਪ੍ਰਸਤ ਹੁੰਦਾ ਹੈ।

## ਤਸਵੀਰਾਂ ਕਲੀਆਰ ਨਹੀ




## ਸਵੱਛਤਾ ਕਲੱਬ ਦੀਆਂ ਹੇਠ ਲਿਖੀਆਂ ਜ਼ਿੰਮੇਵਾਰੀਆਂ ਹੁੰਦੀਆਂ ਹਨ-



1. ਸਕੂਲ ਵਿੱਚ ਸਾਰੇ ਬੱਚੇ ਸਮੇਂ ਤੇ ਆਉਣ।
2. ਬੱਚਿਆਂ ਦੀ ਸਕੂਲ ਦੀ ਵਰਦੀ ਸਾਫ਼ ਹੋਵੇ।
3. ਸਕੂਲ ਅਤੇ ਕਲਾਸ ਰੂਮ ਵਿੱਚ ਸਫ਼ਾਈ ਹੋਵੇ।
4. ਇਹ ਯਕੀਨੀ ਬਣਾਉਣਾ ਕਿ ਖਾਣਾ ਖਾਣ ਤੋਂ ਪਹਿਲਾਂ ਸਾਰੇ ਬੱਚੇ ਸਾਬਣ ਨਾਲ ਹੱਥ ਧੋਣ।

*****

ਪਾਠ - 16



# ਪਾਣੀ ਦਾ ਸੰਜਮ

ਪਿਆਰੇ ਬੱਚਿਓ! ਕੀ ਤੁਹਾਨੂੰ ਪਤਾ ਹੈ ਕਿ ਧਰਤੀ 'ਤੇ ਕਿੰਨਾ ਪਾਣੀ ਹੈ?

ਧਰਤੀ ਦੇ ਜ਼ਿਆਦਾਤਰ (70%) ਭਾਗ ਉੱਤੇ ਪਾਣੀ ਹੋਣ ਦੇ ਬਾਵਜੂਦ ਵੀ ਸਾਡੇ ਕੋਲ ਵਰਤਣਯੋਗ ਪਾਣੀ ਬਹੁਤ ਘੱਟ ਹੈ। ਬਹੁਤਾ ਪਾਣੀ ਤਾਂ ਸਮੁੰਦਰਾਂ ਵਿੱਚ ਹੈ ਜੋ ਕਿ ਖਾਰਾ ਹੈ। ਇਹ ਸਾਡੇ ਰੋਜ਼ਾਨਾ ਜੀਵਨ ਵਿੱਚ ਕੰਮ ਨਹੀਂ ਆ ਸਕਦਾ। ਸਾਡੀ ਵਰਤੋਂ ਲਈ ਤਾਂ ਬਹੁਤ ਘੱਟ ਪਾਣੀ ਹੀ ਬਚਦਾ ਹੈ, ਜਿਸਨੂੰ ਅਸੀਂ ਦਿਨੋ-ਦਿਨ ਬੇਲੋੜਾ ਵਰਤ ਕੇ ਖ਼ਤਮ ਕਰ ਰਹੇ ਹਾਂ।

ਪੁਰਾਣੇ ਸਮਿਆਂ ਵਿੱਚ ਖੇਤਾਂ ਵਿੱਚ ਫ਼ਸਲਾਂ ਮੀਂਹ ਦੇ ਪਾਣੀ 'ਤੇ ਨਿਰਭਰ ਕਰਦੀਆਂ ਸਨ ਜਾਂ ਖੂਹਾਂ ਵਿੱਚੋਂ ਪਾਣੀ ਕੱਢ ਕੇ ਸਿੰਜਾਈ ਕੀਤੀ ਜਾਂਦੀ ਸੀ। ਸਿੰਜਾਈ ਦੇ ਸਾਧਨ ਘੱਟ ਹੋਣ ਕਾਰਨ ਅਜਿਹੀਆਂ ਫ਼ਸਲਾਂ ਬੀਜੀਆਂ ਜਾਂਦੀਆਂ ਸਨ ਜਿਨ੍ਹਾਂ ਨੂੰ ਪਾਣੀ ਦੀ ਘੱਟ ਲੋੜ ਪੈਂਦੀ ਸੀ, ਜਿਵੇਂ ਬਾਜਰਾ, ਗੁਆਰੇ, ਛੋਲੇ ਆਦਿ। ਪੰਜਾਬ ਵਿੱਚ ਹਰੀ-ਕ੍ਰਾਂਤੀ ਆਉਣ ਤੋਂ ਬਾਅਦ ਝੋਨੇ ਦੀ ਫ਼ਸਲ ਦੀ ਖੇਤੀ ਜ਼ਿਆਦਾ ਹੋਣ ਲੱਗ ਪਈ। ਜਿਸ ਲਈ ਪਾਣੀ ਦੀ ਬਹੁਤ ਜ਼ਿਆਦਾ ਲੋੜ ਹੁੰਦੀ ਹੈ। ਪਾਣੀ ਦੀ ਲੋੜ ਨੂੰ ਪੂਰਾ ਕਰਨ ਲਈ ਖੇਤਾਂ ਵਿੱਚ ਟਿਊਬਵੈੱਲ ਲਗਾਏ ਜਾਂਦੇ ਹਨ ਜਿਸ ਕਾਰਨ ਧਰਤੀ ਹੇਠਲੇ ਪਾਣੀ ਦਾ ਪੱਧਰ ਬਹੁਤ ਤੇਜ਼ੀ ਨਾਲ ਹੇਠਾਂ ਜਾ ਰਿਹਾ ਹੈ।

**ਪ੍ਰਸ਼ਨ 1. ਪੁਰਾਣੇ ਸਮੇਂ ਵਿੱਚ ਸਿੰਜਾਈ ਦਾ ਮੁੱਖ ਸਾਧਨ ਕੀ ਸੀ ?**

..........................................................................................

..........................................................................................

ਵਿਸ਼ਵ ਜਲ ਦਿਵਸ ਹਰ ਸਾਲ 22 ਮਾਰਚ ਨੂੰ ਮਨਾਇਆ ਜਾਂਦਾ ਹੈ।



ਖੂਹ



ਨਲਕਾ



ਟਿਊਬਵੈੱਲ

ਪਾਣੀ ਦਾ ਪੱਧਰ ਨੀਵਾਂ ਹੋਣ ਕਾਰਨ ਨਲਕੇ ਅਤੇ ਖੂਹ ਤਾਂ ਲਗਭਗ ਹੁਣ ਖਤਮ ਹੀ ਹੋ ਚੁੱਕੇ ਹਨ। ਵਾਟਰ ਵਰਕਸ ਮਹਿਕਮੇ ਵੱਲੋਂ ਨਹਿਰ ਦਾ ਪਾਣੀ ਹੀ ਸਾਫ਼ ਕਰਕੇ ਸਾਡੇ ਘਰਾਂ ਤੱਕ ਪਹੁੰਚਾਇਆ ਜਾਂਦਾ ਹੈ। ਵਧ ਰਹੀ ਆਬਾਦੀ, ਸ਼ਹਿਰੀਕਰਨ ਅਤੇ ਉਦਯੋਗੀਕਰਨ ਨਾਲ਼ ਵੀ ਪਾਣੀ ਦੀ ਵਰਤੋਂ ਬਹੁਤ ਜ਼ਿਆਦਾ ਹੋਣ ਲੱਗੀ ਹੈ। ਪਾਣੀ ਦੀ ਮੰਗ ਵੱਧ ਅਤੇ ਸਪਲਾਈ (ਪੂਰਤੀ) ਘੱਟ ਹੋਣ ਕਾਰਨ ਕਈ ਲੋਕਾਂ ਨੇ ਆਪਣੇ ਘਰਾਂ ਵਿੱਚ ਡੂੰਘੇ ਬੋਰ ਕਰਵਾਏ ਹੋਏ ਹਨ। ਇਹਨਾਂ ਵਿੱਚ ਸਬਮਰਸੀਬਲ ਪੰਪ ਲਗਾ ਕੇ ਪਾਣੀ ਕੱਢਿਆ ਜਾਂਦਾ ਹੈ। ਇਹਨਾਂ ਸਬਮਰਸੀਬਲ ਪੰਪਾਂ ਕਾਰਨ ਘਰਾਂ ਵਿੱਚ ਪਾਣੀ ਦੀ ਬਹੁਤਾਤ ਹੁੰਦੀ ਹੈ ਜਿਸ ਕਾਰਨ ਪਾਣੀ ਨੂੰ ਸੰਕੋਚ ਨਾਲ ਨਹੀਂ ਵਰਤਿਆ ਜਾਂਦਾ। ਬੁਰਸ਼ ਕਰਨ, ਨਹਾਉਣ, ਕੱਪੜੇ, ਭਾਂਡੇ, ਕਾਰਾਂ, ਫਰਸ਼ ਆਦਿ ਧੋਣ ਲਈ ਲੋੜ ਤੋਂ ਵੱਧ ਪਾਣੀ ਵਰਤਿਆ ਜਾਂਦਾ ਹੈ।

**ਪ੍ਰਸ਼ਨ 2** **ਝੋਨੇ ਦੀ ਖੇਤੀ ਕਾਰਨ ਧਰਤੀ ਹੇਠਲੇ ਪਾਣੀ 'ਤੇ ਕੀ ਅਸਰ ਪਿਆ ਹੈ ?**

.........................................................................................................

.........................................................................................................

**ਪ੍ਰਸ਼ਨ 3** **ਅੱਜ ਕੱਲ੍ਹ ਪੰਜਾਬ ਵਿੱਚ ਸਿੰਜਾਈ ਦਾ ਮੁੱਖ ਸਾਧਨ ਕਿਹੜਾ ਹੈ ?**

.........................................................................................................

.........................................................................................................

ਪਾਣੀ ਇੱਕ **ਨਵਿਆਉਣਯੋਗ** ਸਾਧਨ ਹੈ। ਇਸਨੂੰ ਅਸੀਂ ਮੁੜ-ਮੁੜ ਵਰਤੋਂ ਵਿੱਚ ਵੀ ਲਿਆ ਸਕਦੇ ਹਾਂ। ਘਰੇਲੂ ਕੰਮਾਂ ਵਿੱਚ ਸੰਜਮ ਨਾਲ਼ ਪਾਣੀ ਵਰਤ ਕੇ ਅਸੀਂ ਇਸਨੂੰ ਬਚਾ ਸਕਦੇ ਹਾਂ।



- ਸਬਜ਼ੀਆਂ ਨੂੰ ਧੋ ਕੇ ਬਚਿਆ ਪਾਣੀ ਪੌਦਿਆਂ ਵਿੱਚ ਪਾ ਸਕਦੇ ਹਾਂ।
- ਆਰ.ਓ.ਫਿਲਟਰ ਵਿੱਚੋਂ ਨਿੱਕਲਣ ਵਾਲੇ ਵਾਧੂ ਪਾਣੀ ਨਾਲ ਬਰਤਨ, ਫ਼ਰਸ਼ ਆਦਿ ਧੋਤੇ ਜਾ ਸਕਦੇ ਹਨ।
- ਘਰੇਲੂ ਪੌਦਿਆਂ ਨੂੰ ਪਾਣੀ ਪਾਈਪ ਰਾਹੀਂ ਨਾ ਦੇ ਕੇ ਬਾਲਟੀ ਰਾਹੀਂ ਪਾਇਆ ਜਾ ਸਕਦਾ ਹੈ।

ਬੇਸ਼ੱਕ ਪਾਣੀ ਕੁਦਰਤ ਦੀ ਦੇਣ ਹੈ ਅਤੇ ਇਹ ਜੀਵਨ ਲਈ ਮੁੱਢਲੀ ਲੋੜ ਹੈ ਪਰ ਇਸਦੀ ਕਮੀ ਕਾਰਨ ਹੀ ਵਾਟਰ ਵਰਕਸ ਤੋਂ ਪਾਣੀ ਦੀ ਸਪਲਾਈ ਲਈ ਬਿਲ ਭਰਾਏ ਜਾਂਦੇ ਹਨ ਅਰਥਾਤ ਪਾਣੀ ਹੁਣ ਸਾਨੂੰ ਖਰੀਦਣਾ ਪੈ ਰਿਹਾ ਹੈ। ਇਸ ਲਈ ਸਾਡਾ ਫ਼ਰਜ਼ ਬਣਦਾ ਹੈ ਕਿ ਅਸੀਂ ਪਾਣੀ ਨੂੰ ਪੂਰੀ ਸਮਝ ਅਤੇ ਸੰਜਮ ਨਾਲ ਵਰਤੀਏ। ਕਿਤੇ ਵੀ ਟੂਟੀ ਫ਼ਜ਼ੂਲ ਚੱਲਦੀ ਵੇਖੀਏ ਤਾਂ ਉਸਨੂੰ ਤੁਰੰਤ ਬੰਦ ਕਰ ਦੇਈਏ।

**ਪ੍ਰਸ਼ਨ 4** ਘਰਾਂ ਵਿੱਚ ਪਾਣੀ ਦੀ ਬੱਚਤ ਕਰਨ ਦਾ ਕੋਈ ਇੱਕ ਤਰੀਕਾ ਲਿਖੋ ?

....................................................................................................

....................................................................................................

**ਕਿਰਿਆ 1** : ਆਪਣੇ ਪਿੰਡ ਇਲਾਕੇ ਵਿੱਚ ਲੱਗੀਆਂ ਸਾਂਝੀਆਂ ਟੂਟੀਆਂ ਦੀ ਸੂਚੀ ਬਣਾਓ ਅਤੇ ਨੋਟ ਕਰੋ ਕਿ ਕਿੰਨੀਆਂ ਟੂਟੀਆਂ ਅਜਿਹੀਆਂ ਹਨ ਜਿਨ੍ਹਾਂ ਨੂੰ ਕੋਈ ਬੰਦ ਨਹੀਂ ਕਰਦਾ ਅਤੇ ਜਿਨ੍ਹਾਂ ਦਾ ਪਾਣੀ ਵਿਅਰਥ ਡੁੱਲ੍ਹਦਾ ਰਹਿੰਦਾ ਹੈ।

**ਅਧਿਆਪਕ ਲਈ**-ਇਸ ਕਿਰਿਆ ਰਾਹੀਂ ਅਧਿਆਪਕ ਵਿਦਿਆਰਥੀਆਂ ਨੂੰ ਇਸ ਗੱਲ ਲਈ ਪ੍ਰੇਰਿਤ ਕਰੇ ਕਿ ਜੇਕਰ ਉਹ ਕਿਸੇ ਟੂਟੀ ਨੂੰ ਵਿਅਰਥ ਚੱਲਦਾ ਵੇਖਣ ਤਾਂ ਉਸਨੂੰ ਤੁਰੰਤ ਬੰਦ ਕਰ ਦੇਣ ਅਤੇ ਹੋਰਾਂ ਨੂੰ ਵੀ ਇਸੇ ਤਰ੍ਹਾਂ ਕਰਨ ਲਈ ਕਹਿਣ।

**ਹੇਠਾਂ ਅਸੀਂ ਘਰਾਂ ਵਿੱਚ ਪਾਣੀ ਬਚਾਉਣ ਦੇ ਕੁਝ ਤਰੀਕਿਆਂ ਬਾਰੇ ਵਿਚਾਰ ਕਰਾਂਗੇ:-**

| ਲੜੀ ਨੰ. | ਗਤੀਵਿਧੀ/ਕਾਰਜ | ਗਲਤ ਤਰੀਕਾ (ਜੋ ਨਹੀਂ ਕਰਨਾ ਚਾਹੀਦਾ) | ਸਹੀ ਤਰੀਕਾ ( ਜੋ ਕਰਨਾ ਚਾਹੀਦਾ ਹੈ) |
|---|---|---|---|
| 1. | ਬੁਰਸ਼ ਕਰਨਾ (ਦੰਦ ਸਾਫ਼ ਕਰਨਾ) | ਟੂਟੀ ਖੁੱਲ੍ਹੀ ਰੱਖਣਾ | ਮੱਗ ਵਿੱਚ ਪਾ ਕੇ ਪਾਣੀ ਵਰਤਣਾ |
| 2. | ਨਹਾਉਣਾ | ਲੰਮੇ ਸਮੇਂ ਤੱਕ ਸ਼ਾਵਰ ਖੁੱਲ੍ਹਾ ਰੱਖਣਾ | ਬਾਲਟੀ ਅਤੇ ਮੱਗ ਦੀ ਵਰਤੋਂ |
| 3. | ਹੱਥ ਧੋਣਾ | ਟੂਟੀ ਖੁੱਲ੍ਹੀ ਰੱਖਣਾ | ਅੱਧੀ ਟੂਟੀ ਚਲਾ ਕੇ |
| 4. | ਕਾਰ ਧੋਣਾ | ਪਾਈਪ ਨਾਲ ਪ੍ਰੈਸ਼ਰ ਰਾਹੀਂ ਪਾਣੀ ਛੱਡਣਾ | ਬਾਲਟੀ ਅਤੇ ਮੱਗ ਦੀ ਵਰਤੋਂ ਕਰਕੇ |
| 5. | ਸ਼ੇਵ ਕਰਨਾ | ਟੂਟੀ ਖੁੱਲ੍ਹੀ ਰੱਖਣਾ | ਮੱਗ ਦੀ ਵਰਤੋਂ |
| 6. | ਫ਼ਰਸ਼ ਧੋਣਾ | ਪਾਇਪ ਰਾਹੀਂ ਖੁੱਲ੍ਹਾ ਪਾਣੀ ਛੱਡਣਾ | ਬਾਲਟੀ ਅਤੇ ਪੋਚੇ ਦੀ ਵਰਤੋਂ |
| 7. | ਕੱਪੜੇ ਧੋਣਾ | ਟੂਟੀ ਖੁੱਲ੍ਹੀ ਰੱਖਣਾ | ਬਾਲਟੀ/ਟੱਬ ਦੀ ਵਰਤੋਂ ਕਰਨੀ |



## ਯਾਦ ਰੱਖਣ ਯੋਗ ਗੱਲਾਂ

- ਪਾਣੀ ਬਿਨਾ ਜੀਵਨ ਸੰਭਵ ਨਹੀਂ।
- ਧਰਤੀ ਦੇ ਲਗਭਗ 70% ਭਾਗ ਉੱਤੇ ਪਾਣੀ ਹੈ।
- ਧਰਤੀ ਦੇ ਪਾਣੀ ਦਾ ਬਹੁਤ ਘੱਟ ਹਿੱਸਾ ਹੀ ਪੀਣਯੋਗ ਹੈ।
- ਪਾਣੀ ਨੂੰ ਸੰਜਮ ਨਾਲ ਵਰਤਣਾ ਚਾਹੀਦਾ ਹੈ।
- ਘਰਾਂ ਵਿੱਚ ਪਾਣੀ ਦੀ ਬੱਚਤ ਕਰਨੀ ਚਾਹੀਦੀ ਹੈ।
- ਪਾਣੀ ਇੱਕ ਨਵਿਆਉਣਯੋਗ ਸਾਧਨ ਹੈ।

**ਪ੍ਰਸ਼ਨ 5. ਖੇਤੀਬਾੜੀ ਵਿੱਚ ਪਾਣੀ ਦੀ ਵਰਤੋਂ ਘੱਟ ਕਰਨ ਲਈ ਕੀ ਕਰਨਾ ਚਾਹੀਦਾ ਹੈ ?**

..............................................................................................

..............................................................................................

**ਪ੍ਰਸ਼ਨ 6. ਘਰਾਂ ਵਿੱਚ ਸਬਮਰਸੀਬਲ ਪੰਪ ਲੱਗਣ ਕਾਰਨ ਪਾਣੀ ਦੀ ਵਰਤੋਂ 'ਤੇ ਕੀ ਅਸਰ ਪਿਆ ਹੈ ?**

..............................................................................................

..............................................................................................

**ਪ੍ਰਸ਼ਨ 7. ਅਸੀਂ ਸਮੁੰਦਰ ਦਾ ਪਾਣੀ ਘਰਾਂ ਵਿੱਚ ਕਿਉਂ ਨਹੀਂ ਵਰਤ ਸਕਦੇ ?**

..............................................................................................

..............................................................................................

**ਪ੍ਰਸ਼ਨ 8. ਬੁਰਸ਼ ਕਰਨ/ਨਹਾਉਣ ਸਮੇਂ ਪਾਣੀ ਦੀ ਵਰਤੋਂ ਦਾ ਸਹੀ ਤਰੀਕਾ ਕੀ ਹੈ ?**

..............................................................................................

..............................................................................................

**ਪ੍ਰਸ਼ਨ 9. ਸਹੀ ਉੱਤਰ 'ਤੇ (✓) ਦਾ ਨਿਸ਼ਾਨ ਲਗਾਓ:-**

(ੳ) ਕਿਸ ਚੀਜ਼ ਤੋਂ ਬਿਨਾਂ ਅਸੀਂ ਜਿਉਂਦੇ ਨਹੀਂ ਰਹਿ ਸਕਦੇ ?

ਚਾਕਲੇਟ ☐ ਪਾਣੀ ☐ ਮੋਬਾਈਲ ☐

(ਅ) ਧਰਤੀ ਦਾ ਕਿੰਨੇ ਪ੍ਰਤੀਸ਼ਤ ਭਾਗ ਪਾਣੀ ਹੈ ?

65% ☐ 75% ☐ 70% ☐

(ੲ) ਧਰਤੀ ਹੇਠਲਾ ਪਾਣੀ ਕਿਸ ਰਾਹੀਂ ਬਾਹਰ ਕੱਢਿਆ ਜਾਂਦਾ ਹੈ ?

ਟਿਊਬਵੈੱਲ ☐ ਤਲਾਬ ☐ ਨਹਿਰਾਂ ☐

(ਸ) ਸਮੁੰਦਰ ਦਾ ਪਾਣੀ ਕਿਹੋ ਜਿਹਾ ਹੁੰਦਾ ਹੈ ?

ਮਿੱਠਾ ☐ ਕੌੜਾ ☐ ਖਾਰਾ ☐

(ਹ) ਕਿਹੜੀ ਫ਼ਸਲ ਲਈ ਪਾਣੀ ਦੀ ਬਹੁਤ ਜ਼ਿਆਦਾ ਲੋੜ ਹੁੰਦੀ ਹੈ ?

ਕਣਕ ☐ ਝੋਨਾ ☐ ਬਾਜਰਾ ☐

**ਪ੍ਰਸ਼ਨ 10. ਖਾਲੀ ਥਾਂਵਾਂ ਭਰੋ:**

(ਪਾਣੀ, ਨੀਵਾਂ, ਘੱਟ, ਬੱਚਤ, ਸਬਮਰਸੀਬਲ)

1. ਸਾਨੂੰ ਪਾਣੀ ਦੀ ............ ਕਰਨੀ ਚਾਹੀਦੀ ਹੈ।
2. ਧਰਤੀ ਉੱਤੇ ਸਾਡੇ ਵਰਤਣਯੋਗ ............. ਦੀ ਮਾਤਰਾ ਬਹੁਤ ਘੱਟ ਹੈ।
3. ਲੋਕਾਂ ਨੇ ਘਰਾਂ ਵਿੱਚ ...................... ਪੰਪ ਲਗਾਏ ਹੋਏ ਹਨ।
4. ਛੋਲੇ, ਬਾਜਰਾ ਅਤੇ ਗੁਆਰੇ ਦੀਆਂ ਫ਼ਸਲਾਂ ............ ਪਾਣੀ ਲੈਂਦੀਆਂ ਹਨ।
5. ਧਰਤੀ ਹੇਠਲੇ ਪਾਣੀ ਦਾ ਪੱਧਰ ........... ਹੁੰਦਾ ਜਾ ਰਿਹਾ ਹੈ।

**ਪ੍ਰਸ਼ਨ 11. ਸਹੀ ਕਥਨ ਤੇ (✓) ਅਤੇ ਗਲਤ ਕਥਨ ਤੇ (×) ਦਾ ਨਿਸ਼ਾਨ ਲਗਾਓ:-**

1. ਪਾਣੀ ਦੀ ਸੰਭਾਲ ਬਹੁਤ ਜ਼ਰੂਰੀ ਹੈ। ☐
2. ਘਰਾਂ ਵਿੱਚ ਸਬਮਰਸੀਬਲ ਲਾਉਣ ਨਾਲ ਪਾਣੀ ਦੀ ਬੱਚਤ ਹੁੰਦੀ ਹੈ। ☐
3. ਧਰਤੀ ਹੇਠਲਾ ਪਾਣੀ ਤੇਜ਼ੀ ਨਾਲ ਖਤਮ ਹੋ ਰਿਹਾ ਹੈ। ☐
4. ਸਮੁੰਦਰ ਦਾ ਖਾਰਾ ਪਾਣੀ ਅਸੀਂ ਘਰਾਂ ਵਿੱਚ ਵਰਤ ਸਕਦੇ ਹਾਂ। ☐
5. ਪਾਣੀ ਇੱਕ ਨਵਿਆਉਣਯੋਗ ਸਾਧਨ ਹੈ। ☐

*****

ਪਾਠ - 17

# ਪਾਣੀ-ਪ੍ਰਦੂਸ਼ਣ

ਪਿਆਰੇ ਬੱਚਿਓ! ਹਵਾ,ਪਾਣੀ ਅਤੇ ਮਿੱਟੀ ਆਦਿ ਕੁਦਰਤ ਵੱਲੋਂ ਮਨੁੱਖ ਨੂੰ ਦਿੱਤੇ ਵਡਮੁੱਲੇ ਤੋਹਫੇ ਹਨ ਜਿਨ੍ਹਾ ਤੋਂ ਧਰਤੀ 'ਤੇ ਜੀਵਨ ਉਪਜਦਾ ਅਤੇ ਵਧਦਾ-ਫੁਲਦਾ ਹੈ। ਪਰ ਮਨੁੱਖ ਆਪਣੇ ਸਵਾਰਥ ਕਾਰਨ ਇਹਨਾਂ ਕੁਦਰਤੀ ਤੋਹਫਿਆਂ ਦੀ ਸਹੀ ਵਰਤੋਂ ਨਹੀ ਕਰ ਰਿਹਾ। ਅਸੀਂ ਅਕਸਰ ਹੀ ਟੀ.ਵੀ. ਅਤੇ ਅਖ਼ਬਾਰਾਂ ਵਿੱਚ ਪ੍ਰਦੂਸ਼ਣ ਬਾਰੇ ਸੁਣਦੇ/ਪੜ੍ਹਦੇ ਰਹਿੰਦੇ ਹਾਂ। ਜਦੋਂ ਸਾਫ਼ ਪਾਣੀ ਵਿੱਚ ਕੁਝ ਅਣ-ਲੋੜੀਂਦੀਆਂ ਚੀਜਾਂ ਮਿਲ ਜਾਂਦੀਆਂ ਹਨ ਤਾਂ ਪਾਣੀ ਗੰਧਲਾ ਹੋ ਜਾਂਦਾ ਹੈ। ਇਸੇ ਨੂੰ **ਪਾਣੀ ਪ੍ਰਦੂਸ਼ਣ** ਆਖਦੇ ਹਨ। ਜਿਵੇਂ ਹਵਾ ਵਿੱਚ ਧੂੰਆਂ, ਧੂੜ-ਮਿੱਟੀ ਆਦਿ ਮਿਲ਼ ਜਾਣ ਕਾਰਨ ਅਸੀਂ ਉਸ ਵਿੱਚ ਸਾਹ ਨਹੀਂ ਲੈ ਸਕਦੇ, ਉਸੇ ਤਰ੍ਹਾਂ ਪਾਣੀ ਵੀ ਕਈ ਕਾਰਨਾਂ ਕਰਕੇ ਇੰਨਾ ਗੰਧਲਾ/ਮੈਲ਼ਾ ਹੋ ਜਾਂਦਾ ਹੈ ਕਿ ਮਨੁੱਖ ਦੀ ਵਰਤੋਂ ਯੋਗ ਨਹੀਂ ਰਹਿੰਦਾ।

ਨਹਾਉਣਾ, ਕੱਪੜੇ ਧੋਣਾ, ਬਰਤਨ ਧੋਣਾ, ਬੁਰਸ਼ ਕਰਨਾ, ਪਖ਼ਾਨੇ ਜਾਣਾ ਅਤੇ ਸਾਫ਼-ਸਫ਼ਾਈ ਵਰਗੇ ਅਨੇਕਾਂ ਹੀ ਕੰਮ ਹਨ ਜਿਨ੍ਹਾਂ ਨੂੰ ਕਰਨ ਉਪਰੰਤ ਪਾਣੀ ਗੰਧਲਾ ਹੋ ਜਾਂਦਾ ਹੈ,ਜੋ ਕਿ ਪਿੰਡਾਂ ਵਿੱਚ ਨਾਲ਼ੀਆਂ ਰਾਹੀਂ ਕਿਸੇ ਟੋਭੇ ਜਾਂ ਛੱਪੜ ਵਿੱਚ ਪਹੁੰਚਾਇਆ ਜਾਂਦਾ ਹੈ। ਜਿੱਥੋਂ ਇਹ ਧਰਤੀ ਹੇਠਾਂ ਰਿਸ-ਰਿਸ ਕੇ ਧਰਤੀ ਹੇਠਲੇ ਪਾਣੀ ਨੂੰ ਵੀ ਪ੍ਰਦੂਸ਼ਿਤ ਕਰ ਦਿੰਦਾ ਹੈ।

ਬਹੁਤ ਸਾਰੇ ਕਾਰਖਾਨੇ/ਫੈਕਟਰੀਆਂ ਅਜਿਹੀਆਂ ਹਨ ਜਿਨ੍ਹਾਂ ਵਿੱਚ ਵਸਤੂਆਂ ਦਾ ਉਤਪਾਦਨ ਕਰਦੇ ਸਮੇਂ ਬਹੁਤ ਸਾਰਾ ਗੰਦਾ ਪਾਣੀ ਨਿੱਕਲਦਾ ਹੈ। ਇਸ ਪ੍ਰਦੂਸ਼ਿਤ ਪਾਣੀ ਨੂੰ ਵੀ ਬਿਨਾ ਸਾਫ਼ ਕੀਤਿਆਂ ਹੀ ਨਦੀਆਂ/ਨਾਲਿਆਂ ਵਿੱਚ ਵਹਾਅ ਦਿੱਤਾ ਜਾਂਦਾ ਹੈ। ਜਿਵੇਂ ਕਿ ਲੁਧਿਆਣਾ ਵਿੱਚ ਗੰਦੇ ਪਾਣੀ ਦੇ ਕਾਰਨ 'ਬੁੱਢੇ ਨਾਲ਼ੇ' ਦਾ ਪਾਣੀ ਪ੍ਰਦੂਸ਼ਿਤ ਹੋ ਚੁੱਕਾ ਹਾ।



ਨਦੀਆਂ ਵਿੱਚ ਸੁੱਟਿਆ ਜਾ ਰਿਹਾ ਪ੍ਰਦੂਸ਼ਿਤ ਪਾਣੀ

ਵਧਦੀ ਹੋਈ ਅਬਾਦੀ ਅਤੇ ਸ਼ਹਿਰੀਕਰਨ ਕਾਰਨ ਪਾਣੀ ਦੀ ਵਰਤੋਂ ਵਿੱਚ ਅਥਾਹ ਵਾਧਾ ਹੋਇਆ ਹੈ। ਕਈ ਲੋਕ ਸਾਫ਼ ਪਾਣੀ ਦੇ ਸ੍ਰੋਤਾਂ ਦੇ ਨੇੜੇ ਹੀ ਕੱਪੜੇ ਧੋਂਦੇ ਹਨ ਜਾਂ ਪਸ਼ੂਆਂ ਨੂੰ ਨੁਹਾਉਂਦੇ ਹਨ,ਜਿਸ ਨਾਲ ਪਾਣੀ ਪ੍ਰਦੂਸ਼ਿਤ ਹੋ ਜਾਂਦਾ ਹੈ। ਵੱਡੇ-ਵੱਡੇ ਸ਼ਹਿਰ ਹੋਂਦ ਵਿੱਚ ਆ ਗਏ ਹਨ ਜਿਨ੍ਹਾਂ ਵਿੱਚੋਂ ਨਿਕਲਣ ਵਾਲਾ ਪ੍ਰਦੂਸ਼ਿਤ ਪਾਣੀ ਇੱਕ ਸਮੱਸਿਆ ਬਣ ਗਿਆ ਹੈ। ਪਾਲੀਥੀਨ ਦੀ ਵਰਤੋਂ ਨਾਲ ਵੀ ਪਾਣੀ ਪ੍ਰਦੂਸ਼ਿਤ ਹੁੰਦਾ ਹੈ।

### ਖੇਤੀਬਾੜੀ ਵਿੱਚ ਰਸਾਇਣਿਕ ਖਾਦਾਂ ਅਤੇ ਕੀੜੇਮਾਰ ਦਵਾਈਆਂ ਦਾ ਪ੍ਰਯੋਗ :

ਅੱਜ-ਕੱਲ੍ਹ ਖੇਤੀਬਾੜੀ ਵਿੱਚ ਵੱਧ ਝਾੜ ਲੈਣ ਲਈ ਕਿਸਾਨ ਖੇਤਾਂ ਵਿੱਚ ਲੋੜ ਤੋਂ ਵੱਧ ਰਸਾਇਣਿਕ ਖਾਦਾਂ ਅਤੇ ਕੀੜੇਮਾਰ ਦਵਾਈਆਂ ਦਾ ਛਿੜਕਾਅ ਕਰਦੇ ਹਨ। ਇਹ ਦਵਾਈਆਂ ਬਹੁਤ ਜ਼ਹਿਰੀਲੀਆਂ ਹੁੰਦੀਆਂ ਹਨ ਅਤੇ ਖੇਤਾਂ ਵਿਚਲੇ ਪਾਣੀ ਵਿੱਚ ਰਲ ਕੇ ਅਨਾਜ ਨੂੰ ਤਾਂ ਜ਼ਹਿਰੀਲਾ ਕਰਦੀਆਂ ਹੀ ਹਨ ਸਗੋਂ ਧਰਤੀ ਹੇਠਲੇ ਪਾਣੀ ਨੂੰ ਵੀ ਪ੍ਰਦੂਸ਼ਿਤ ਕਰਦੀਆਂ ਹਨ। ਇਸ ਤੋਂ ਬਿਨਾਂ ਇਹਨਾਂ ਦਵਾਈਆਂ ਦੇ ਕਣ ਹਵਾ ਵਿੱਚ ਮਿਲਣ ਕਾਰਨ ਹਵਾ ਵੀ ਦੂਸ਼ਿਤ ਹੋ ਜਾਂਦੀ ਹੈ।



**ਪ੍ਰਸ਼ਨ 1. ਲੋਕ ਸਾਫ਼ ਪਾਣੀ ਦੇ ਸ੍ਰੋਤਾਂ ਦੇ ਨੇੜੇ ਕਿਹੜੇ ਕੰਮ ਕਰਦੇ ਹਨ ਜਿਸ ਨਾਲ ਪਾਣੀ ਪ੍ਰਦੂਸ਼ਿਤ ਹੋ ਜਾਂਦਾ ਹੈ?**

..........................................................................................

..........................................................................................

**ਕਿਰਿਆ-1 :** ਆਪਣੇ ਪਿੰਡ/ਸ਼ਹਿਰ ਦੇ ਮੁਢਲੇ ਸਿਹਤ ਕੇਂਦਰ ਵਿਖੇ ਜਾ ਕੇ ਡਾਕਟਰ ਸਾਹਿਬ/ਸਟਾਫ਼ ਤੋਂ ਪਤਾ ਕਰੋ ਕਿ ਦੂਸ਼ਿਤ ਪਾਣੀ ਪੀਣ ਨਾਲ ਕਿਹੜੀਆਂ ਕਿਹੜੀਆਂ ਬਿਮਾਰੀਆਂ ਹੋ ਜਾਂਦੀਆਂ ਹਨ ਅਤੇ ਹਫ਼ਤੇ ਵਿੱਚ ਇਨ੍ਹਾਂ ਬਿਮਾਰੀਆਂ ਤੋਂ ਪੀੜਤ ਲਗਭਗ ਕਿੰਨੇ ਮਰੀਜ਼ ਉਹਨਾਂ ਕੋਲ ਆਉਂਦੇ ਹਨ। ਇਸ ਸਾਰੀ ਜਾਣਕਾਰੀ ਨੂੰ ਆਪਣੀ ਕਾਪੀ ਵਿੱਚ ਨੋਟ ਕਰੋ ਅਤੇ ਆਪਣੇ ਸਹਿਪਾਠੀਆਂ ਨਾਲ ਸਾਂਝੀ ਕਰੋ।

### ਜਲ-ਸੋਧਣ (ਵਾਟਰ-ਟ੍ਰੀਟਮੈਂਟ) ਪਲਾਂਟ :

ਪਿੰਡਾਂ/ਸ਼ਹਿਰਾਂ ਵਿੱਚੋਂ ਨਿਕਲਦੇ ਗੰਦੇ (ਪ੍ਰਦੂਸ਼ਿਤ) ਪਾਣੀ ਨੂੰ ਸਾਫ਼ ਕਰਕੇ ਮੁੜ ਵਰਤਿਆ ਜਾ ਸਕਦਾ ਹੈ ਉਦਾਹਰਨ ਵਜੋਂ ਕਈ ਥਾਂਵਾਂ 'ਤੇ ਸੀਵਰੇਜ ਦੇ ਪਾਣੀ ਨੂੰ ਸਾਫ਼ ਕਰਨ ਲਈ ਵਾਟਰ

ਟਰੀਟਮੈਂਟ(ਜਲ ਸੋਧਣ) ਪਲਾਂਟ ਲਗਾਏ ਜਾਂਦੇ ਹਨ,ਜਿੱਥੇ ਪਾਣੀ ਨੂੰ ਕੁਝ ਰਸਾਇਣਾਂ ਅਤੇ ਫ਼ਿਲਟਰਾਂ ਦੀ ਮਦਦ ਨਾਲ ਸਾਫ਼ ਕਰਕੇ ਸਿੰਜਾਈ ਜਾਂ ਹੋਰ ਕੰਮਾਂ ਲਈ ਵਰਤਿਆ ਜਾਂਦਾ ਹੈ।




ਆਰ.ਓ.ਫਿਲਟਰ



ਜਲ ਸੋਧਣ ਪਲਾਂਟ

ਸਾਨੂੰ ਪੀਣ ਲਈ ਹਮੇਸ਼ਾ ਸਾਫ਼ ਪਾਣੀ ਦੀ ਵਰਤੋਂ ਕਰਨੀ ਚਾਹੀਦੀ ਹੈ। ਪਾਣੀ ਨੂੰ ਪੀਣ ਤੋਂ ਪਹਿਲਾਂ ਉਬਾਲ ਕੇ ਠੰਡਾ ਕਰ ਲੈਣਾ ਚਾਹੀਦਾ ਹੈ। ਉਬਾਲਣ ਨਾਲ ਪਾਣੀ ਵਿਚਲੇ ਕੀਟਾਣੂ ਮਰ ਜਾਂਦੇ ਹਨ। ਕਈ ਲੋਕ ਪਾਣੀ ਨੂੰ ਸਾਫ਼ ਕਰਨ ਲਈ ਆਪਣੇ ਘਰਾਂ ਵਿੱਚ ਆਰ.ਓ.ਵਾਟਰ ਫ਼ਿਲਟਰ ਵੀ ਲਗਵਾਉਂਦੇ ਹਨ।

### ਦੂਸ਼ਿਤ ਪਾਣੀ ਦੇ ਮਾੜੇ ਪ੍ਰਭਾਵ:-

1. ਦੂਸ਼ਿਤ ਪਾਣੀ ਪੀਣ ਨਾਲ ਸਾਨੂੰ ਹੈਜਾ,ਪੇਚਿਸ਼, ਡਾਇਰੀਆ ਵਰਗੀਆਂ ਬਿਮਾਰੀਆਂ ਹੋ ਸਕਦੀਆਂ ਹਨ।
2. ਦੂਸ਼ਿਤ ਪਾਣੀ ਪੀਣ ਨਾਲ ਸਾਨੂੰ ਉਲਟੀਆਂ/ਦਸਤ ਲੱਗ ਸਕਦੇ ਹਨ।
3. ਦੂਸ਼ਿਤ ਪਾਣੀ ਪੀਣ ਨਾਲ ਸਾਡੇ ਦੰਦ ਵੀ ਖਰਾਬ ਹੋ ਜਾਂਦੇ ਹਨ।
4. ਦੂਸ਼ਿਤ ਪਾਣੀ ਦੇ ਸਰੋਤਾਂ ਵਿੱਚੋਂ ਬਦਬੂ ਵੀ ਆਉਂਦੀ ਹੈ ਜਿਸ ਕਾਰਨ ਵਾਤਾਵਰਨ ਦੂਸ਼ਿਤ ਹੁੰਦਾ ਹੈ।
5. ਖੜ੍ਹੇ ਦੂਸ਼ਿਤ ਪਾਣੀ ਉੱਪਰ ਮੱਛਰ ਪੈਦਾ ਹੁੰਦਾ ਹੈ ਜਿਸ ਕਾਰਨ ਮਲੇਰੀਆ ਅਤੇ ਡੇਂਗੂ ਵਰਗੀਆਂ ਬਿਮਾਰੀਆਂ ਫ਼ੈਲ ਸਕਦੀਆਂ ਹਨ।

### ਉਪਾਅ :-

ਪਾਣੀ ਦੇ ਪ੍ਰਦੂਸ਼ਣ ਨੂੰ ਰੋਕਣ ਲਈ ਸਾਨੂੰ ਹੇਠ ਲਿਖੇ ਉਪਾਅ ਕਰਨੇ ਚਾਹੀਦੇ ਹਨ:-

1. ਪਿੰਡਾਂ/ਸ਼ਹਿਰਾਂ ਵਿੱਚ ਸੀਵਰੇਜ ਦਾ ਉਚਿੱਤ ਪ੍ਰਬੰਧ ਹੋਵੇ।
2. ਪਿੰਡਾਂ ਅਤੇ ਸ਼ਹਿਰਾਂ ਦੇ ਸੀਵਰੇਜ ਦੇ ਪਾਣੀ ਨੂੰ ਸਾਫ਼ ਕਰਨ ਦੇ ਪ੍ਰਬੰਧ ਹੋਣ।

3. ਸਾਫ਼ ਪਾਣੀ ਦੇ ਸ੍ਰੋਤਾਂ ਦੇ ਨੇੜੇ ਕੱਪੜੇ ਧੋਣ/ਪਸ਼ੂਆਂ ਨੂੰ ਨੁਹਾਉਣ 'ਤੇ ਪਾਬੰਦੀ ਹੋਵੇ।
4. ਕਿਸਾਨਾਂ ਨੂੰ ਕੀਟਨਾਸ਼ਕ ਦਵਾਈਆਂ ਘੱਟ ਵਰਤਣ ਲਈ ਜਾਗਰੂਕ ਕੀਤਾ ਜਾਵੇ।
5. ਪਾਲੀਥੀਨ ਦੀ ਵਰਤੋਂ ਤੇ ਪਾਬੰਦੀ ਦੀ ਸਖ਼ਤੀ ਨਾਲ ਪਾਲਣਾ ਕਰਵਾਈ ਜਾਵੇ।

ਪ੍ਰਸ਼ਨ 2. ਮੱਛਰਾਂ ਕਾਰਨ ਕਿਹੜੀਆਂ ਬਿਮਾਰੀਆਂ ਫ਼ੈਲ ਸਕਦੀਆਂ ਹਨ?

..........................................................................................

..........................................................................................

**ਅਧਿਆਪਕ ਲਈ—** ਬੱਚਿਆਂ ਨੂੰ ਜਾਣਕਾਰੀ ਦਿਓ ਕਿ ਪੇਚਿਸ਼, ਦਸਤ ਹੋਣ 'ਤੇ ਓ.ਆਰ.ਐਸ. ਘੋਲ ਪੀਣਾ ਚਾਹੀਦਾ ਹੈ।




ਕਿਰਿਆ : ਆਪਣੇ ਅਧਿਆਪਕ ਦੀ ਮਦਦ ਨਾਲ ਓ.ਆਰ. ਐਸ.ਘੋਲ ਤਿਆਰ ਕਰੋ।

### ਕਾਲੀ ਵੇਈਂ ਦੀ ਸਫ਼ਾਈ



ਕਾਲੀ-ਵੇਈਂ ਉਸ ਨਦੀ ਦਾ ਨਾਮ ਹੈ ਜਿਸਦਾ ਸਬੰਧ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਰਿਹਾ ਹੈ। ਇਹ ਨਦੀ ਕੂੜੇ ਕਰਕਟ ਅਤੇ ਸੀਵਰੇਜ ਦੇ ਪਾਣੀ ਨਾਲ ਪੂਰੀ ਤਰ੍ਹਾਂ ਪ੍ਰਦੂਸ਼ਿਤ ਹੋ ਚੁੱਕੀ ਸੀ। ਇਸਨੂੰ ਸਾਫ਼ ਕਰਨ ਲਈ ਵਾਤਾਵਰਣ ਪ੍ਰੇਮੀ ਬਾਬਾ ਬਲਵੀਰ ਸਿੰਘ ਸੀਚੇਵਾਲ ਜੀ ਨੇ ਪਹਿਲ ਕੀਤੀ ਅਤੇ ਆਪਣੇ ਸ਼ਰਧਾਲੂਆਂ ਨਾਲ ਮਿਲਕੇ ਕਾਲੀ-ਵੇਈਂ ਵਿੱਚੋਂ ਸਾਰੀ ਗੰਦਗੀ ਬਾਹਰ ਕੱਢ ਦਿੱਤੀ ਅਤੇ ਕਿਨਾਰਿਆਂ 'ਤੇ ਬਹੁਤ ਸਾਰੇ ਪੌਦੇ ਲਗਾ ਦਿੱਤੇ। ਹੁਣ ਇਸ ਨਦੀ ਦੀ ਸੁੰਦਰਤਾ ਵੇਖਣਯੋਗ ਹੈ। ਸਾਨੂੰ ਵੀ ਅਜਿਹੇ ਕਾਰਜਾਂ ਵਿੱਚ ਵੱਧ ਤੋਂ ਵੱਧ ਸਹਿਯੋਗ ਦੇਣਾ ਚਾਹੀਦਾ ਹੈ ਅਤੇ ਪਾਣੀ ਨੂੰ ਪ੍ਰਦੂਸ਼ਿਤ ਹੋਣ ਤੋਂ ਬਚਾਉਣ ਦੇ ਉਪਾਅ ਕਰਨੇ ਚਾਹੀਦੇ ਹਨ।

## ਯਾਦ ਰੱਖਣ ਯੋਗ ਗੱਲਾਂ

- ਮਨੁੱਖ ਪਾਣੀ ਦੀ ਸੰਜਮ ਨਾਲ ਵਰਤੋਂ ਕਰਨੀ ਚਾਹੀਦੀ ਹੈ।
- ਸਾਨੂੰ ਪਾਣੀ ਦੇ ਸਰੋਤਾਂ ਵਿੱਚ ਆਪਣੇ ਘਰਾਂ ਦਾ ਕੂੜਾ ਕਰਕਟ ਨਹੀਂ ਮਿਲਾਉਣਾ ਚਾਹੀਦਾ।
- ਫੈਕਟਰੀਆਂ ਦਾ ਵਾਧੂ ਗੰਦਾ ਪਾਣੀ ਵੀ ਬਿਨਾ ਸਾਫ਼ ਕੀਤਿਆਂ ਨਦੀਆਂ ਵਿੱਚ ਨਹੀਂ ਛੱਡਿਆ ਜਾਣਾ ਚਾਹੀਦਾ।

- ਖੇਤਾਂ ਵਿੱਚ ਕੀਟਨਾਸ਼ਕਾਂ ਦਾ ਛਿੜਕਾਅ ਘੱਟ ਤੋਂ ਘੱਟ ਕਰਨਾ ਚਾਹੀਦਾ ਹੈ।
- ਦੂਸ਼ਿਤ ਪਾਣੀ ਪੀਣ ਨਾਲ ਬਹੁਤ ਸਾਰੀਆਂ ਜਾਨਲੇਵਾ ਬਿਮਾਰੀਆਂ ਹੋ ਸਕਦੀਆਂ ਹਨ।
- ਪ੍ਰਦੂਸ਼ਣ ਨੂੰ ਰੋਕਣ ਲਈ ਸਾਨੂੰ ਵਿਸ਼ੇਸ਼ ਯਤਨ ਕਰਨੇ ਚਾਹੀਦੇ ਹਨ।

3. **ਖਾਲੀ ਥਾਂਵਾਂ ਭਰੋ:-**

**(ਡਾਇਰੀਆ, ਸਾਫ਼, ਗੰਧਲਾ, ਕਾਲੀ ਵੇਈਂ, ਸ਼ਹਿਰੀਕਰਨ)**

(ੳ) ਘਰਾਂ ਵਿੱਚ ਵਰਤੋਂ ਉਪਰੰਤ ਪਾਣੀ.................ਹੋ ਜਾਂਦਾ ਹੈ।

(ਅ) ................. ਕਾਰਨ ਪਾਣੀ ਦੀ ਖਪਤ ਵਿੱਚ ਬਹੁਤ ਵਾਧਾ ਹੋਇਆ ਹੈ।

(ੲ) ਵਾਟਰ ਟ੍ਰੀਟਮੈਂਟ ਪਲਾਂਟ ਗੰਦੇ ਪਾਣੀ ਨੂੰ ................. ਕਰਦੇ ਹਨ।

(ਸ) ਗੰਦਾ ਪਾਣੀ ਪੀਣ ਨਾਲ ................. ਹੋ ਸਕਦਾ ਹੈ।

(ਹ) ................. ਦਾ ਸਬੰਧ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਰਿਹਾ ਹੈ।

4. **ਸਹੀ ਕਥਨ 'ਤੇ (✓) ਅਤੇ ਗਲਤ ਕਥਨ 'ਤੇ (×) ਦਾ ਨਿਸ਼ਾਨ ਲਗਾਓ—**

ੳ ਪਾਣੀ ਦੇ ਪ੍ਰਦੂਸ਼ਣ ਲਈ ਅਸੀਂ ਜ਼ਿੰਮੇਵਾਰ ਨਹੀਂ ਹਾਂ।

ਅ ਪਾਲੀਥੀਨ ਦੇ ਲਿਫਾਫੇ ਵਰਤਣ 'ਤੇ ਪਾਬੰਦੀ ਲਗਾਈ ਗਈ ਹੈ।

ੲ ਗੰਦਾ ਪਾਣੀ ਪੀਣ ਨਾਲ ਕੁੱਝ ਨਹੀਂ ਹੁੰਦਾ।

ਸ ਆਰ.ਓ. ਫਿਲਟਰ ਰਾਹੀਂ ਪਾਣੀ ਸ਼ੁੱਧ ਹੁੰਦਾ ਹੈ।

5. **ਸਹੀ ਉੱਤਰ 'ਤੇ (✓) ਦਾ ਨਿਸ਼ਾਨ ਲਗਾਓ:**

ੳ ਹੇਠ ਲਿਖਿਆਂ ਵਿੱਚੋਂ ਕਿਹੜਾ ਪਾਣੀ ਦੇ ਪ੍ਰਦੂਸ਼ਣ ਲਈ ਜ਼ਿੰਮੇਵਾਰ ਹੈ ?

ਧੂੰਆਂ ☐ ਪਾਲੀਥੀਨ ☐ ਸ਼ੋਰ ☐

ਅ ਕੀਟਨਾਸ਼ਕਾਂ ਦੇ ਛਿੜਕਾਅ ਕਾਰਨ ਕੀ ਦੂਸ਼ਿਤ ਹੁੰਦਾ ਹੈ ?

ਹਵਾ ☐ ਪਾਣੀ ☐ ਦੋਵੇਂ ☐

ੲ ਬਾਬਾ ਬਲਵੀਰ ਸਿੰਘ ਸੀਚੇਵਾਲ ਜੀ ਨੇ ਕਿਹੜਾ ਜਲ-ਸ੍ਰੋਤ ਸਾਫ਼ ਕੀਤਾ ?

ਗੰਗਾ ਨਦੀ ☐ ਕਾਲੀ ਵੇਈਂ ☐

ਸਤਲੁਜ ਦਰਿਆ ☐

ਸ ਦੂਸ਼ਿਤ-ਪਾਣੀ ਪੀਣ ਨਾਲ ਕਿਹੜੀ ਬਿਮਾਰੀ ਹੋ ਸਕਦੀ ਹੈ?

ਹੈਜ਼ਾ ☐ ਮਲੇਰੀਆ ☐ ਡੇਂਗੂ ☐

ਪ੍ਰਸ਼ਨ 6. ਪਾਣੀ ਦੇ ਪ੍ਰਦੂਸ਼ਣ ਦੇ ਕੋਈ ਦੋ ਕਾਰਨ ਲਿਖੋ।

.................................................................................................

.................................................................................................

ਪ੍ਰਸ਼ਨ 7. ਦੂਸ਼ਿਤ ਪਾਣੀ ਨਾਲ ਹੋਣ ਵਾਲੀਆਂ ਬਿਮਾਰੀਆਂ ਦੇ ਨਾਮ ਲਿਖੋ?

.................................................................................................

.................................................................................................

ਪ੍ਰਸ਼ਨ 8. ਪਾਣੀ ਸਾਫ਼ ਕਰਨ ਲਈ ਦੋ ਤਰੀਕੇ ਦੱਸੋ।

.................................................................................................

.................................................................................................

ਪ੍ਰਸ਼ਨ 9. ਪਾਣੀ ਦਾ ਪ੍ਰਦੂਸ਼ਣ ਰੋਕਣ ਲਈ ਕੋਈ ਦੋ ਉਪਾਅ ਲਿਖੋ?

.................................................................................................

.................................................................................................

10. ਦਿਮਾਗੀ ਕਸਰਤ




ਪਾਠ - 18



# ਪਾਣੀ ਦੀ ਸੰਭਾਲ

ਬੱਚਿਓ ! ਪਾਣੀ ਇੱਕ ਅਨਮੋਲ ਕੁਦਰਤੀ ਦਾਤ ਹੈ ਇਸਦੀ ਸੰਭਾਲ ਕਰਨੀ ਬਹੁਤ ਜ਼ਰੂਰੀ ਹੈ। ਪਾਣੀ ਦੀ ਦੁਰਵਰਤੋਂ ਨੂੰ ਰੋਕ ਕੇ ਅਤੇ ਪਾਣੀ ਦੇ ਪ੍ਰਦੂਸ਼ਣ ਨੂੰ ਘਟਾ ਕੇ ਅਸੀਂ ਪਾਣੀ ਦੀ ਸੰਭਾਲ਼ ਕਰ ਸਕਦੇ ਹਾਂ।

**ਪਾਣੀ ਦੀ ਸੰਭਾਲ :** ਸਾਡੇ ਘਰਾਂ ਵਿੱਚ ਪਾਣੀ ਦੀ ਸਪਲਾਈ ਵਾਟਰ-ਵਰਕਸ ਮਹਿਕਮੇ ਵੱਲੋਂ ਕੀਤੀ ਜਾਂਦੀ ਹੈ। ਇੱਥੇ ਵੱਡੇ ਟਿਊਬਵੈੱਲ ਰਾਹੀਂ ਧਰਤੀ ਹੇਠਲਾ ਪਾਣੀ ਵੱਡੀ ਟੈਂਕੀ ਵਿੱਚ ਸਟੋਰ ਕਰ ਲਿਆ ਜਾਂਦਾ ਹੈ। ਜਿਨ੍ਹਾਂ ਥਾਵਾਂ 'ਤੇ ਧਰਤੀ ਹੇਠਲਾ ਪਾਣੀ ਪੀਣ ਲਈ ਠੀਕ ਨਹੀਂ ਹੁੰਦਾ, ਉੱਥੇ ਨਹਿਰੀ ਪਾਣੀ ਨੂੰ ਸਾਫ਼ ਕਰਕੇ ਘਰਾਂ ਵਿੱਚ ਸਪਲਾਈ ਕੀਤਾ ਜਾਂਦਾ ਹੈ। ਪਾਣੀ ਨੂੰ ਸਾਫ਼ ਕਰਨ ਲਈ ਵੱਡੇ-ਵੱਡੇ ਟ੍ਰੀਟਮੈਂਟ ਪਲਾਂਟ ਲਗਾਏ ਜਾਂਦੇ ਹਨ; ਜਿਸ ਨਾਲ ਪਾਣੀ ਵਿਚਲੀਆਂ ਅਸ਼ੁੱਧੀਆਂ ਨੂੰ ਦੂਰ ਕੀਤਾ ਜਾਂਦਾ ਹੈ। ਪਾਣੀ ਵਿਚਲੇ ਸੂਖ਼ਮ-ਜੀਵਾਂ ਨੂੰ ਖਤਮ ਕਰਨ ਲਈ ਕਲੋਰੀਨ ਨੂੰ ਪਾਣੀ ਵਿੱਚ ਮਿਲਾਇਆ ਜਾਂਦਾ ਹੈ।



ਵੱਡੀ ਟੈਂਕੀ

**ਪ੍ਰਸ਼ਨ 1.** ਵੱਡੀ ਟੈਂਕੀ ਵਿੱਚ ਪਾਣੀ ਕਿੱਥੋਂ ਆਉਂਦਾ ਹੈ ?

...............................................................................................

...............................................................................................

ਕਈ ਵਾਰੀ ਵਾਟਰ-ਵਰਕਸ ਦਾ ਪਾਣੀ ਵੀ ਪ੍ਰਦੂਸ਼ਿਤ ਹੋ ਜਾਂਦਾ ਹੈ। ਪਾਣੀ ਦੀਆਂ ਪਾਈਪਾਂ ਲੀਕ ਹੋਣ ਕਾਰਨ ਗੰਦਾ ਪਾਣੀ ਸਾਫ਼ ਪਾਣੀ ਵਿੱਚ ਮਿਲ਼ ਜਾਂਦਾ ਹੈ। ਇਸੇ ਕਰਕੇ ਅੱਜਕੱਲ੍ਹ ਲੋਕਾਂ ਨੇ ਆਪਣੇ ਘਰਾਂ ਵਿੱਚ ਆਰ.ਓ.ਸਿਸਟਮ ਲਗਾਏ ਹੋਏ ਹਨ। ਜਿਸ ਰਾਹੀਂ ਪਾਣੀ ਨੂੰ ਬਹੁਤ ਬਰੀਕੀ ਨਾਲ ਫ਼ਿਲਟਰ ਕਰਕੇ ਅਸ਼ੁੱਧੀਆਂ ਦੂਰ ਕੀਤੀਆਂ ਜਾਂਦੀਆਂ ਹਨ।

ਪੰਜਾਬ ਦੇ ਜਲ ਅਤੇ ਸੈਨੀਟੇਸ਼ਨ ਵਿਭਾਗ ਵੱਲੋਂ ਸਕੂਲਾਂ ਦੇ ਪਾਣੀ ਨੂੰ ਵੀ ਸਮੇਂ-ਸਮੇਂ 'ਤੇ ਚੈੱਕ ਕੀਤਾ ਜਾਂਦਾ ਹੈ ਤਾਂ ਜੋ ਬੱਚਿਆਂ ਨੂੰ ਪੀਣ ਲਈ ਸਾਫ਼ ਪਾਣੀ ਮਿਲ ਸਕੇ।




ਆਰ.ਓ ਸਿਸਟਮ

ਪ੍ਰਸ਼ਨ 2. ਕੀ ਤੁਹਾਡੇ ਸਕੂਲ ਦਾ ਪਾਣੀ ਵੀ ਕਦੇ ਚੈੱਕ ਕੀਤਾ ਗਿਆ ਹੈ ? ਇਸਨੂੰ ਕੌਣ ਚੈੱਕ ਕਰਦਾ ਹੈ ?

......................................................................................................

......................................................................................................

**ਪਾਣੀ ਦਾ ਭੰਡਾਰਣ**—ਵਾਟਰ ਵਰਕਸ ਮਹਿਕਮੇ ਵੱਲੋਂ ਪਾਣੀ ਦੀ ਸਪਲਾਈ ਤਾਂ ਹੁਣ ਬਹੁਤੇ ਖੇਤਰਾਂ ਵਿੱਚ ਕੀਤੀ ਜਾਣ ਲੱਗ ਪਈ ਹੈ। ਜ਼ਰੂਰੀ ਗੱਲ ਇਸਨੂੰ ਸਟੋਰ ਕਰਨ ਦੀ ਹੈ ਕਿਉਂਕਿ ਪਾਣੀ ਦੀ ਸਪਲਾਈ ਬਹੁਤੇ ਖੇਤਰਾਂ ਵਿੱਚ ਨਿਰੰਤਰ ਨਹੀਂ ਹੁੰਦੀ। ਵਾਟਰ-ਵਰਕਸ ਮਹਿਕਮੇ ਰਾਹੀਂ ਨਿਸ਼ਚਿਤ ਸਮੇਂ 'ਤੇ ਹੀ ਪਾਣੀ ਛੱਡਿਆ ਜਾਂਦਾ ਹੈ।



ਮਿੱਟੀ ਦਾ ਘੜਾ

ਪਾਣੀ ਦੇ ਭੰਡਾਰਣ ਦੇ ਕਈ ਢੰਗ ਹਨ:


1. ਪਿੰਡਾਂ ਵਿੱਚ ਲੋਕ ਪੀਣ ਵਾਲੇ ਪਾਣੀ ਨੂੰ ਸਟੋਰ ਕਰਨ ਲਈ ਮਿੱਟੀ ਦੇ ਘੜੇ ਵਰਤਦੇ ਹਨ, ਜਿਨ੍ਹਾਂ ਵਿੱਚ ਪਾਣੀ ਕੁਦਰਤੀ ਰੂਪ ਵਿੱਚ ਠੰਢਾ ਰਹਿੰਦਾ ਹੈ।
2. ਪਸ਼ੂਆਂ ਨੂੰ ਪਿਲਾਉਣ ਲਈ ਕਈ ਲੋਕ ਘਰਾਂ ਵਿੱਚ ਜਾਂ ਸਾਂਝੀਆ ਥਾਂਵਾਂ 'ਤੇ ਵੱਡੇ-ਵੱਡੇ ਚੁਬੱਚੇ ਵੀ ਬਣਾ ਲੈਂਦੇ ਹਨ
3. ਕਸਬਿਆਂ/ਸ਼ਹਿਰਾਂ ਦੇ ਲੋਕ ਆਪਣੇ ਘਰਾਂ ਦੀਆਂ ਛੱਤਾਂ ਉੱਪਰ ਵੱਡੀਆਂ-ਵੱਡੀਆਂ ਪਾਣੀ ਦੀਆਂ ਟੈਂਕੀਆਂ ਰੱਖਦੇ ਹਨ। ਇਹਨਾਂ ਟੈਂਕੀਆਂ ਰਾਹੀਂ ਪਾਣੀ ਘਰ ਦੀ ਹਰੇਕ ਜਗ੍ਹਾ ਜਿਵੇਂ ਕਿ ਬਾਥਰੂਮ/ਰਸੋਈ ਘਰ ਵਿੱਚ ਪਹੁੰਚਾਇਆ ਜਾਂਦਾ ਹੈ।



ਪਾਣੀ ਦੀ ਟੈਂਕੀ

4. ਕੁੱਝ ਲੋਕ ਪਾਣੀ ਦੀ ਸਟੋਰੇਜ ਲਈ ਬਾਲਟੀਆਂ/ਟੱਬ/ਪਲਾਸਟਿਕ ਦੇ ਡੱਬੇ/ਘੜੇ ਆਦਿ ਵੀ ਵਰਤ ਲੈਂਦੇ ਹਨ।

**ਮੀਂਹ ਦੇ ਪਾਣੀ ਦੀ ਸੰਭਾਲ (RAIN WATER HARVESTING)**— ਧਰਤੀ ਹੇਠਲੇ ਪਾਣੀ ਦੇ ਪੱਧਰ ਨੂੰ ਬਣਾਈ ਰੱਖਣ ਲਈ ਵਰਖਾ ਦੇ ਪਾਣੀ ਦੀ ਸੰਭਾਲ਼ ਬਹੁਤ ਜ਼ਰੂਰੀ ਹੈ। ਵਰਖਾ ਦੇ ਪਾਣੀ ਨੂੰ ਅਜਾਈਂ ਨਾਲੀਆਂ ਵਿੱਚ ਵਹਿਣ ਦੇਣ ਦੀ ਥਾਂ 'ਤੇ ਇਸਦੀ ਸੁਚੱਜੀ ਵਰਤੋਂ ਕਰਨ ਦਾ ਢੰਗ ਹੈ "ਵਰਖਾ ਦੇ ਪਾਣੀ ਦੀ ਸੰਭਾਲ ਕਰਨਾ (Rain Water Harvesting)।" ਵਰਖਾ ਦੇ ਪਾਣੀ ਦੀ ਸੰਭਾਲ ਕਰਨ ਲਈ ਘਰਾਂ ਵਿੱਚ ਇੱਕ ਡੂੰਘਾ ਬੋਰ ਕੀਤਾ ਜਾਂਦਾ ਹੈ, ਜਿਸਨੂੰ ਘਰ ਦੀ ਛੱਤ ਤੋਂ ਪਾਣੀ ਦੀ ਨਿਕਾਸੀ ਵਾਲੇ ਪਾਈਪ ਨਾਲ ਜੋੜਿਆ ਜਾਂਦਾ ਹੈ। ਜਦੋਂ ਮੀਂਹ ਪੈਂਦਾ ਹੈ ਤਾਂ ਘਰਾਂ ਦੀਆਂ ਛੱਤਾਂ ਉੱਪਰ ਇਕੱਠਾ ਹੋਇਆ ਪਾਣੀ ਇਹਨਾਂ ਪਾਈਪਾਂ ਰਾਹੀਂ ਧਰਤੀ ਹੇਠਾਂ ਪਹੁੰਚ ਜਾਂਦਾ ਹੈ ਅਤੇ ਭੂ-ਜਲ (ਧਰਤੀ ਹੇਠਲੇ ਪਾਣੀ) ਦੇ ਡਿੱਗਦੇ ਪੱਧਰ ਨੂੰ ਰੋਕਣ ਵਿੱਚ ਸਹਾਇਤਾ ਕਰਦਾ ਹੈ।



ਵਰਖਾ ਦੇ ਪਾਣੀ ਦੀ ਸੰਭਾਲ

**ਪ੍ਰਸ਼ਨ 3.** ਕੀ ਵਰਖਾ ਦੇ ਪਾਣੀ ਨੂੰ ਸੰਭਾਲਿਆ ਜਾ ਸਕਦਾ ਹੈ? ਕਿਵੇਂ?

...........................................................................

...........................................................................

**ਕਿਰਿਆ-1** ਸਕੂਲ ਵਿੱਚ ਵਰਖਾ ਦਾ ਪਾਣੀ ਕਿਸੇ ਬਰਤਨ ਵਿੱਚ ਸਿੱਧਾ ਹੀ ਇਕੱਠਾ ਕਰੋ। ਕੁਝ ਚਿਰ ਬਾਅਦ ਵੇਖੋ ਕਿ ਕੀ ਇਹ ਪਾਣੀ ਬਿਲਕੁਲ ਸਾਫ਼ ਹੈ?

**ਅਧਿਆਪਕ ਲਈ**—ਵਿਦਿਆਰਥੀਆਂ ਨੂੰ ਸਪਸ਼ਟ ਕੀਤਾ ਜਾਵੇ ਕਿ ਹਵਾ ਵਿਚਲੇ ਧੂੜ-ਕਣ ਵਰਖਾ ਦੇ ਪਾਣੀ ਵਿੱਚ ਰਲ਼ ਜਾਂਦੇ ਹਨ। ਇਸ ਲਈ ਵਰਖਾ ਦਾ ਪਾਣੀ ਸਿੱਧਾ ਵਰਤਣ ਯੋਗ ਨਹੀਂ ਹੁੰਦਾ, ਸਗੋਂ ਇਸਨੂੰ ਵਰਤਣ ਤੋਂ ਪਹਿਲਾਂ ਸਾਫ਼ ਕਰ ਲੈਣਾ ਚਾਹੀਦਾ ਹੈ।

**ਪਾਣੀ ਦੀ ਸੰਭਾਲ/ਬੱਚਤ ਸਬੰਧੀ ਕੁੱਝ ਚੰਗੀਆਂ ਆਦਤਾਂ :-** ਅਸੀਂ ਆਪਣੇ ਰੋਜ਼ਾਨਾ ਜੀਵਨ ਵਿੱਚ ਪਾਣੀ ਦੀ ਸੰਭਾਲ/ਬੱਚਤ ਹੇਠ ਲਿਖੇ ਢੰਗਾਂ ਰਾਹੀਂ ਕਰ ਸਕਦੇ ਹਾਂ:-

1. ਪਾਣੀ ਨੂੰ ਹਰੇਕ ਕੰਮ ਲਈ ( ਨਹਾਉਣਾ, ਬੁਰਸ਼ ਕਰਨਾ, ਕੱਪੜੇ/ਬਰਤਨ ਧੋਣਾ) ਲੋੜ ਅਨੁਸਾਰ ਹੀ ਵਰਤੋ।
2. ਪਾਣੀ ਨੂੰ ਪਾਈਪਾਂ/ਫੁਹਾਰਿਆਂ ਦੀ ਥਾਂ ਬਾਲਟੀ/ਮੱਗ ਰਾਹੀਂ ਵਰਤੋ।
3. ਪਾਣੀ ਦੇ ਸਟੋਰੇਜ ਵਾਲੇ ਸਾਧਨਾਂ ਨੂੰ ਢੱਕ ਕੇ ਰੱਖੋ।

4. ਆਰ.ਓ. ਦਾ ਵਾਧੂ ਪਾਣੀ ਸਟੋਰ ਕਰਕੇ ਕਿਆਰੀਆਂ ਵਿੱਚ ਪਾਓ ਜਾਂ ਸਫਾਈ ਲਈ ਵਰਤੋਂ।
5. ਸਬਜ਼ੀਆਂ ਧੋ ਕੇ ਵਰਤਿਆ ਪਾਣੀ ਗਮਲਿਆਂ ਵਿੱਚ ਪਾਓ।
6. ਕਿਸੇ ਵੀ ਥਾਂ 'ਤੇ ਪਾਣੀ ਦੀ ਟੂਟੀ ਵਿਅਰਥ ਚਲਦੀ ਵੇਖੋਂ ਤਾਂ ਤੁਰੰਤ ਬੰਦ ਕਰ ਦਿਉ।
7. ਘਰਾਂ ਵਿੱਚ ਪਾਣੀ ਵਾਲੀ ਟੈਂਕੀ ਵਿੱਚ ਪਾਣੀ ਨੂੰ ਉਛਲਣ ਤੋਂ (Overflow) ਰੋਕਣ ਲਈ ਆਟੋ ਕੱਟ (Auto-Cut) ਸਵਿੱਚ ਲਗਵਾਓ।



## ਯਾਦ ਰੱਖਣ ਯੋਗ ਗੱਲਾਂ

- ਪਾਣੀ ਦੀ ਸੰਭਾਲ ਬਹੁਤ ਜ਼ਰੂਰੀ ਹੈ।
- ਪਾਣੀ ਦੀ ਦੁਰਵਰਤੋਂ ਨੂੰ ਰੋਕਿਆ ਜਾਣਾ ਚਾਹੀਦਾ ਹੈ।
- ਪਾਣੀ ਦੇ ਪ੍ਰਦੂਸ਼ਣ ਨੂੰ ਵੀ ਰੋਕਿਆ ਜਾਣਾ ਚਾਹੀਦਾ ਹੈ।
- ਸਾਡੇ ਘਰਾਂ ਵਿੱਚ ਪਾਣੀ ਵਾਟਰ-ਵਰਕਸ ਤੋਂ ਆਉਂਦਾ ਹੈ।
- ਵਰਖਾ ਦਾ ਪਾਣੀ ਸੰਭਾਲਣ ਲਈ **ਰੇਨ-ਵਾਟਰ-ਹਾਰਵੈਸਟਿੰਗ** ਢੰਗ ਅਪਣਾਉਣਾ ਚਾਹੀਦਾ ਹੈ।
- ਵੱਖ-ਵੱਖ ਥਾਂਵਾਂ 'ਤੇ ਰਹਿਣ ਵਾਲੇ ਲੋਕ ਵੱਖ-ਵੱਖ ਢੰਗਾਂ ਨਾਲ ਪਾਣੀ ਸੰਭਾਲ਼ਦੇ ਹਨ।
- ਪਾਣੀ ਦੀ ਸੰਭਾਲ ਲਈ ਰੋਜ਼ਾਨਾ ਜੀਵਨ ਵਿਚ ਕੁੱਝ ਚੰਗੀਆਂ ਆਦਤਾਂ ਅਪਣਾਉਣੀਆਂ ਚਾਹੀਦੀਆਂ ਹਨ।



4. ਖ਼ਾਲੀ ਥਾਂਵਾਂ ਭਰੋ—

(ਫੁਹਾਰੇ, ਕਿਆਰੀਆਂ, ਗਮਲਿਆਂ, ਸਬਮਰਸੀਬਲ, ਘੜੇ)

(ੳ) ਪਿੰਡਾਂ ਦੇ ਲੋਕ ਪਾਣੀ ਦੀ ਸਟੋਰੇਜ ਲਈ...............ਵਰਤਦੇ ਹਨ।

(ਅ) ਨਹਾਉਣ ਵੇਲੇ ............... ਦੀ ਥਾਂ ਬਾਲਟੀ/ਮੱਗ ਦੀ ਵਰਤੋਂ ਕਰੋ।

(ੲ) ਸਬਜ਼ੀਆਂ ਧੋ ਕੇ ਵਰਤਿਆ ਪਾਣੀ ............... ਵਿੱਚ ਪਾ ਸਕਦੇ ਹਾਂ।

(ਸ) ਲੋਕਾਂ ਨੇ ਆਪਣੇ ਘਰਾਂ ਵਿੱਚ ਹੀ .............. ਪੰਪ ਲਗਵਾਏ ਹੋਏ ਹਨ।

(ਹ) ਆਰ.ਓ. ਦਾ ਵਾਧੂ ਪਾਣੀ ............... ਵਿੱਚ ਪਾ ਸਕਦੇ ਹਾਂ।

**5. ਸਹੀ ਕਥਨ 'ਤੇ (✓) ਅਤੇ ਗਲਤ ਕਥਨ 'ਤੇ (×) ਦਾ ਨਿਸ਼ਾਨ ਲਗਾਓ—**

(ੳ) ਪਾਣੀ ਦੀ ਸੰਭਾਲ ਬਹੁਤ ਜ਼ਰੂਰੀ ਹੈ॥ ☐

(ਅ) ਸਬਜ਼ੀਆਂ ਧੋ ਕੇ ਵਰਤਿਆ ਪਾਣੀ ਡੋਲ੍ਹ ਦੇਣਾ ਚਾਹੀਦਾ ਹੈ। ☐

(ੲ) ਵਿਅਰਥ ਚਲਦੀ ਟੂਟੀ ਤੁਰੰਤ ਬੰਦ ਕਰ ਦੇਣੀ ਚਾਹੀਦੀ ਹੈ॥ ☐

(ਸ) ਆਰ.ਓ. ਸਿਸਟਮ ਪਾਣੀ ਦੀ ਬਚਤ ਕਰਦਾ ਹੈ। ☐

(ਹ) ਬੁਰਸ਼ ਕਰਦੇ ਸਮੇਂ ਟੂਟੀ ਖੁੱਲ੍ਹੀ ਰੱਖਣੀ ਚਾਹੀਦੀ ਹੈ। ☐

**6. ਸਹੀ ਉੱਤਰ 'ਤੇ (✓) ਦਾ ਨਿਸ਼ਾਨ ਲਗਾਓ—**

(ੳ) ਸ਼ਹਿਰਾਂ ਦੇ ਲੋਕ ਪਾਣੀ ਸਟੋਰ ਕਰਨ ਲਈ ਮੁੱਖ ਰੂਪ ਵਿੱਚ ਕਿਹੜਾ ਸਾਧਨ ਵਰਤਦੇ ਹਨ ?

ਘੜਾ ☐ ਟੈਂਕੀ ☐

ਡਰੰਮ ☐

(ਅ) ਸਬਮਰਸੀਬਲ ਪੰਪ ਰਾਹੀ ਪਾਣੀ ਕਿੱਥੋਂ ਕੱਢਿਆ ਜਾਂਦਾ ਹੈ ?

ਧਰਤੀ ਹੇਠੋਂ ☐ ਨਹਿਰਾਂ ਵਿਚੋਂ ☐

ਤਲਾਬਾਂ ਵਿਚੋਂ ☐

(ੲ) ਸਕੂਲਾਂ ਵਿੱਚ ਪੀਣ ਵਾਲੇ ਪਾਣੀ ਨੂੰ ਕੌਣ ਚੈੱਕ ਕਰਦਾ ਹੈ ?

ਸਿੱਖਿਆ-ਵਿਭਾਗ ☐ ਸਿਹਤ ਵਿਭਾਗ ☐

ਜਲ ਅਤੇ ਸੈਨੀਟੇਸ਼ਨ ਵਿਭਾਗ ☐

(ਸ) ਟੈਂਕੀ ਵਿੱਚ ਪਾਣੀ ਦੇ ਉਛਾਲ ਨੂੰ (OVERFLOW) ਨੂੰ ਰੋਕਣ ਲਈ ਕੀ ਵਰਤਣਾ ਚਾਹੀਦਾ ਹੈ ?

ਸਬਮਰਸੀਬਲ ਪੰਪ ☐ ਆਟੋਕੱਟ ਸਵਿੱਚ ☐

ਆਰ.ਓ. ਸਿਸਟਮ ☐

(ਹ) ਰੇਨ ਵਾਟਰ ਹਾਰਵੈਸਟਿੰਗ ਰਾਹੀਂ ਕਿਸ ਤਰ੍ਹਾਂ ਦੇ ਪਾਣੀ ਨੂੰ ਸੰਭਾਲਿਆ ਜਾਂਦਾ ਹੈ ?

ਵਰਖਾ ਦੇ ਪਾਣੀ ਨੂੰ ☐ ਤਲਾਬਾਂ ਦੇ ਪਾਣੀ ਨੂੰ ☐

ਨਹਿਰਾਂ ਦੇ ਪਾਣੀ ਨੂੰ ☐

**ਪ੍ਰਸ਼ਨ 7. ਸਾਡੇ ਘਰਾਂ ਵਿੱਚ ਪਾਣੀ ਕਿੱਥੋਂ ਆਉਂਦਾ ਹੈ ?**

..................................................................................................

..................................................................................................

**ਪ੍ਰਸ਼ਨ 8. ਪਾਣੀ ਵਿਚਲੇ ਸੂਖਮ ਜੀਵਾਂ ਨੂੰ ਖ਼ਤਮ ਕਰਨ ਲਈ ਉਸ ਵਿੱਚ ਕੀ ਪਾਇਆ ਜਾਂਦਾ ਹੈ ?**

..................................................................................................

..................................................................................................

**ਪ੍ਰਸ਼ਨ 9. ਮੀਂਹ ਦੇ ਪਾਣੀ ਦੇ ਸੰਗ੍ਰਹਿਣ ਲਈ ਕਿਹੜਾ ਢੰਗ ਅਪਣਾਉਣਾ ਚਾਹੀਦਾ ਹੈ ?**

..................................................................................................

..................................................................................................

**ਪ੍ਰਸ਼ਨ 10. ਪਾਣੀ ਦੀ ਸੰਭਾਲ਼ ਸਬੰਧੀ ਦੋ ਚੰਗੀਆਂ ਆਦਤਾਂ ਲਿਖੋ।**

..................................................................................................

..................................................................................................

ਪਾਠ - 19



# ਛੁੱਕ ਛੁੱਕ ਰੇਲ

ਅੱਜ ਸਕੂਲ ਵਿੱਚ ਸਾਰੇ ਬੱਚੇ ਬਹੁਤ ਖੁਸ਼ ਸਨ। ਸਵੇਰ ਦੀ ਸਭਾ ਵਿੱਚ ਮੁੱਖ-ਅਧਿਆਪਕ ਜੀ ਨੇ ਦੱਸਿਆ ਕਿ ਸਕੂਲ ਨੇ 'ਗਰੀਨ ਸਕੂਲ ਪ੍ਰੋਗਰਾਮ' ਮੁਕਾਬਲੇ ਵਿੱਚ ਭਾਗ ਲਿਆ ਸੀ ਅਤੇ ਚੰਗੀ ਕਾਰਗੁਜ਼ਾਰੀ ਹੋਣ ਕਰਕੇ ਸਕੂਲ ਨੂੰ ਸਨਮਾਨਤ ਕੀਤਾ ਜਾਣਾ ਹੈ। ਇਹ ਸਨਮਾਨ ਪ੍ਰਾਪਤ ਕਰਨ ਲਈ ਈਕੋ ਕਲੱਬ ਦੇ ਦੋ ਮੈਂਬਰ ਵਿਦਿਆਰਥੀ ਅਤੇ ਇੱਕ ਅਧਿਆਪਕ ਦਿੱਲੀ ਜਾਣਗੇ। ਇਹ ਸੁਣਦਿਆਂ ਹੀ ਸਾਰਿਆਂ ਵਿੱਚ ਖ਼ੁਸ਼ੀ ਦੀ ਲਹਿਰ ਦੌੜ ਗਈ।

**ਸਰਕਾਰ ਵਲੋਂ ਬੱਚਿਆਂ ਵਿੱਚ ਉਨ੍ਹਾਂ ਦੇ ਆਲ਼ੇ-ਦੁਆਲ਼ੇ ਅਤੇ ਸਕੂਲ ਦੀ ਸਫ਼ਾਈ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਸਕੂਲਾਂ ਵਿੱਚ ਸਵੱਛਤਾ ਕਲੱਬ ਸਥਾਪਤ ਕੀਤੇ ਗਏ ਹਨ। ਜਿਸ ਤਹਿਤ ਬੱਚਿਆਂ ਨੂੰ ਵਾਤਾਵਰਨ ਨਾਲ ਜੋੜਨ ਲਈ ਬਹੁਤ ਸਾਰੀਆਂ ਗਤੀਵਿਧੀਆਂ ਕੀਤੀਆਂ ਜਾਂਦੀਆਂ ਹਨ।**

**ਪ੍ਰਸ਼ਨ 1. ਵਾਤਾਵਰਨ ਸੰਭਾਲ ਕਿਉਂ ਜ਼ਰੂਰੀ ਹੈ ?**

.......................................................................................

.......................................................................................

**ਪ੍ਰਸ਼ਨ 2. ਤੁਹਾਡੇ ਸਕੂਲ ਵਿੱਚ ਸਵੱਛਤਾ ਕਲੱਬ ਵਲੋਂ ਕਿਹੜੀਆਂ ਗਤੀਵਿਧੀਆਂ ਕੀਤੀਆਂ ਜਾਂਦੀਆਂ ਹਨ ?**

.......................................................................................

.......................................................................................

**ਕਿਰਿਆ-1** ਆਪਣੇ ਸਕੂਲ ਦੇ ਸਵੱਛਤਾ ਕਲੱਬ/ਈਕੋ ਕਲੱਬ ਦੇ ਮੈਂਬਰਾਂ ਦੀ ਸੂਚੀ ਤਿਆਰ ਕਰੋ—

| ਕਲੱਬ ਮੈਂਬਰ ਦਾ ਨਾਮ | ਅਹੁਦਾ/ਸ਼੍ਰੇਣੀ | ਕਲੱਬ ਮੈਂਬਰ ਦਾ ਨਾਮ | ਅਹੁਦਾ/ਸ਼੍ਰੇਣੀ |
|---|---|---|---|
| | | | |
| | | | |
| | | | |
| | | | |

ਕਿਰਿਆ-2

**ਬੱਚਿਓ, ਤੁਸੀਂ ਸਾਰੇ ਬੱਸ ਅੱਡੇ ਜ਼ਰੂਰ ਗਏ ਹੋਵੋਗੇ, ਤੁਹਾਨੂੰ ਬੱਸ ਅੱਡੇ ਅਤੇ ਰੇਲਵੇ ਸਟੇਸ਼ਨ ਵਿੱਚ ਕੀ ਫ਼ਰਕ ਲੱਗ ਰਿਹਾ ਹੈ ? ਰੇਲਵੇ ਸਟੇਸ਼ਨ ਦੀਆਂ ਉਹਨਾਂ ਚੀਜ਼ਾਂ ਦੀ ਲਿਸਟ ਤਿਆਰ ਕਰੋ ਜੋ ਬੱਸ ਅੱਡੇ ਨਾਲੋਂ ਭਿੰਨ ਹਨ।**

| ਬੱਸ ਅੱਡੇ ਤੇ ਮੌਜੂਦ ਚੀਜ਼ਾਂ | ਰੇਲਵੇ ਸਟੇਸ਼ਨ ਤੇ ਮੌਜੂਦ ਚੀਜ਼ਾਂ |
|---|---|
| | |
| | |
| | |

ਅਗਲੇ ਦਿਨ ਅਧਿਆਪਕ ਅਤੇ ਵਿਦਿਆਰਥੀ ਦਿੱਲੀ ਜਾਣ ਲਈ ਰੇਲਵੇ ਸਟੇਸ਼ਨ 'ਤੇ ਪਹੁੰਚ ਗਏ।

ਅਧਿਆਪਕ ਨੇ ਰਿਜ਼ਰਵੇਸ਼ਨ ਚਾਰਟ ਵਿੱਚ ਤਿੰਨਾਂ ਦੇ ਨਾਂ ਦੇਖੇ। ਸਟੇਸ਼ਨ ਉੱਪਰ ਰੇਲ-ਗੱਡੀ ਦੇਖ ਕੇ ਦੀਪਕ ਨੇ ਕਿਹਾ, "ਸਰ, ਆਓ ਚੱਲੀਏ! ਗੱਡੀ ਕਿਤੇ ਚਲੀ ਹੀ ਨਾ ਜਾਵੇ।" ਅਧਿਆਪਕ ਬੋਲੇ, "ਨਹੀਂ ਬੇਟਾ, ਜਿਵੇਂ ਆਪਣੇ ਸਕੂਲ ਦਾ ਟਾਈਮ ਟੇਬਲ ਹੈ, ਉਸੇ ਤਰ੍ਹਾਂ ਰੇਲਵੇ ਦਾ ਵੀ ਆਪਣਾ ਟਾਈਮ ਟੇਬਲ ਹੈ। ਜਿਸ ਅਨੁਸਾਰ ਰੇਲ ਗੱਡੀਆਂ ਦੇ ਟਾਈਮ ਨਿਸ਼ਚਿਤ ਹਨ। ਉਹ ਦੇਖੋ! ਟਾਈਮ ਟੇਬਲ। ਜਿਸ ਰੇਲ ਗੱਡੀ ਵਿੱਚ ਅਸੀਂ ਜਾਣਾ ਹੈ, ਉਹ ਅੱਧੇ ਘੰਟੇ ਤੱਕ ਇੱਥੇ ਪਹੁੰਚੇਗੀ।"

| Train No | Train name | Start data | Train type | Source | Destination | Rescheduled by | Rescheduled time |
|---|---|---|---|---|---|---|---|
| 11449 | JBP-JAT EXPRESS | 22 Dec 06:30 | MAIL EXP | JBP | SVDK | 1:30 hrs | 08:00 |
| 12029 | SWARNA SHATABDI EXPRESS | 22 Dec 07:20 | SHATABDI | NDLS | ASR | 1:40 hrs | 09:00 |
| 12054 | ASR-HW JAN SHATABDI EXP | 22 Dec 06:55 | JANSHATABDI | ASR | HW | 3:20 hrs | 10:15 |
| 12488 | ANVT-JBN SUPERFAST EXPRES | 22 Dec 07:30 | SUPERFAST | ANVT | JBN | 45 min | 08:15 |
| 12497 | SHANE PUNJAB EXPRESS | 22 Dec 06:40 | SUPERFAST | NDLS | ASR | 3:50 hrs | 10:30 |
| 12521 | NJP-NDLS BI-WEEKLY EXP | 22 Dec 08:15 | SUPERFAST | NJP | NDLS | 1 hr | 09:15 |
| 12716 | ASR-NED SACHKHAND EXP | 22 Dec 05:36 | SUPERFAST | ASR | NED | 1 hr | 06:36 |
| 12842 | COROMANDEL EXP | 22 Dec 08:45 | SUPERFAST | MAS | HWH | 7:45 hrs | 16:30 |
| 12862 | KZJ-VSKP LINK EXPRESS | 22 Dec 02:30 | SUPERFAST | KZJ | VSKP | 2 hrs | 04:30 |
| 12898 | BBS-PDY SF EXP | 22 Dec 12:00 | SUPERFAST | BBS | PDY | 2:30 hrs | 14:30 |
| 14025 | DEE-FZR INTERCITY EXPRESS | 22 Dec 06:45 | MAIL EXP | DEE | FZR | 5:15 hrs | 12:00 |
| 14649 | SARYUYAMUNA EXP | 22 Dec 07:15 | MAIL EXP | JYG | ASR | 1:15 hrs | 08:30 |
| 14674 | SHAHEED EXP | 22 Dec 11:55 | MAIL EXP | ASR | JYG | 3:05 hrs | 15:00 |
| 14707 | RANAKPUR EXPRES | 22 Dec 09:30 | MAIL EXP | BKN | BDTS | 2:40 hrs | 12:10 |
| 15209 | SHC-ASR JANSEWA EXP | 22 Dec 08:45 | MAIL EXP | SHC | ASR | 2:25 hrs | 11:10 |
| 15210 | ASR-SHC JANSEWA EXP | 22 Dec 06:35 | MAIL EXP | ASR | SHC | 3:25 hrs | 10:00 |
| 15708 | ASR-KIR EXPRESS | 22 Dec 07:15 | MAIL EXP | ASR | KIR | 5:15 hrs | 12:30 |

ਪਲੇਟਫ਼ਾਰਮ 'ਤੇ ਕਾਫ਼ੀ ਭੀੜ ਹੋ ਗਈ ਸੀ। ਕੁੱਝ ਸਮੇਂ ਵਿੱਚ ਹੀ ਰੇਲ ਗੱਡੀ ਦੇ ਆਉਣ ਦਾ ਰੌਲਾ ਪੈ ਗਿਆ। ਸਾਰਿਆਂ ਨੇ ਆਪੋ-ਆਪਣਾ ਸਮਾਨ ਚੁੱਕ ਲਿਆ। ਰੇਲ ਗੱਡੀ ਰੁਕੀ ਤਾਂ ਉਹ ਤਿੰਨੇ ਭੀੜ ਵਿੱਚੋਂ ਹੁੰਦੇ ਹੋਏ ਅੰਦਰ ਚਲੇ ਗਏ। ਅਧਿਆਪਕ ਨੇ ਜੇਬ ਵਿੱਚੋਂ ਟਿਕਟ ਕੱਢ ਕੇ ਸੀਟਾਂ ਦੇ ਨੰਬਰ ਚੈੱਕ ਕੀਤੇ। ਪ੍ਰਿਤਪਾਲ ਨੂੰ ਸਭ ਤੋਂ ਉਪਰਲੀ, ਦੀਪਕ ਨੂੰ ਵਿਚਕਾਰਲੀ ਅਤੇ ਅਧਿਆਪਕ ਨੂੰ ਸਭ ਤੋਂ ਹੇਠਲੀ ਸੀਟ ਮਿਲੀ ਸੀ। ਉਹਨਾਂ ਨੇ ਆਪਣੇ ਬੈਗ ਸੀਟ ਦੇ ਥੱਲੇ ਰੱਖ ਦਿੱਤੇ। ਦੀਪਕ ਹੈਰਾਨ ਹੋ ਰਿਹਾ ਸੀ ਕਿ ਇੱਕੋ ਟਿਕਟ ਨਾਲ ਉਹ ਸਾਰੇ ਕਿਵੇਂ ਜਾਣਗੇ? ਅਧਿਆਪਕ ਨੇ ਮੁਸਕਰਾਉਂਦੇ ਹੋਏ ਟਿਕਟ ਦਿਖਾ ਕੇ ਉਸਦੀ ਚਿੰਤਾ ਦੂਰ ਕਰ ਦਿੱਤੀ।

**ਅਧਿਆਪਕ ਲਈ—** ਇਕ ਰੇਲ ਟਿਕਟ ਲਵੋ ਅਤੇ ਉਸ ਵਿੱਚੋਂ ਹੇਠ ਲਿਖੀ ਜਾਣਕਾਰੀ ਪਤਾ ਕਰਨ ਵਿੱਚ ਵਿਦਿਆਰਥੀਆਂ ਦੀ ਸਹਾਇਤਾ ਕਰੋ।

| | |
|---|---|
| 1. ਉਮਰ | ...................... |
| 2. ਕਿਰਾਇਆ | ...................... |
| 3. ਸਫ਼ਰ ਕਰਨ ਦੀ ਮਿਤੀ | ...................... |
| 4. ਟਿਕਟ ਕਿੰਨੇ ਲੋਕਾਂ ਲਈ ਹੈ | ...................... |
| 5. ਸੀਟ ਨੰਬਰ | ...................... |

**ਜਿੱਥੇ ਪਹਿਲਾਂ ਸਿਰਫ਼ ਭਾਰਤੀ ਰੇਲਵੇ ਵਲੋਂ ਸਥਾਪਿਤ ਕੀਤੇ ਗਏ ਰਿਜ਼ਰਵੇਸ਼ਨ ਕਾਊਂਟਰਾਂ ਉੱਪਰ ਹੀ ਟਿਕਟਾਂ ਦੀ ਬੁਕਿੰਗ ਕਰਵਾਈ ਜਾ ਸਕਦੀ ਸੀ, ਪਰ ਹੁਣ ਸੂਚਨਾ ਤਕਨੀਕ ਦੇ ਇਸ ਯੁੱਗ ਵਿੱਚ ਟਿਕਟਾਂ ਦੀ ਬੁਕਿੰਗ ਘਰ ਬੈਠ ਆਨਲਾਈਨ ਕੀਤੀ ਜਾ ਸਕਦੀ ਹੈ। ਟਿਕਟ ਕਿਰਾਏ ਦਾ ਭੁਗਤਾਨ ਵੀ ਈ-ਪੇਮੈਂਟ ਰਾਹੀਂ ਕੀਤਾ ਜਾ ਸਕਦਾ ਹੈ।**

ਉਹ ਦੋਵੇਂ ਰੇਲ-ਗੱਡੀ ਵਿੱਚ ਖਿੜਕੀ ਕੋਲ ਬੈਠੇ ਸਨ। ਰੇਲ ਗੱਡੀ ਚੱਲ ਪਈ ਸੀ। ਅਚਾਨਕ ਪ੍ਰਿਤਪਾਲ ਨੂੰ ਆਪਣੇ ਅਧਿਆਪਕ ਦੀ ਡਾਇਰੀ ਲਿਖਣ ਵਾਲੀ ਗੱਲ ਯਾਦ ਆ ਗਈ। ਉਸ ਨੇ ਆਪਣੀ ਡਾਇਰੀ ਕੱਢੀ ਅਤੇ ਲਿਖਣ ਲੱਗਾ। 'ਬਿਜਲੀ ਦੇ ਖੰਭੇ, ਦਰੱਖ਼ਤ ਅਤੇ ਇਮਾਰਤਾਂ ਪਿੱਛੇ ਵੱਲ ਨੂੰ ਜਾਂਦੇ ਨਜ਼ਰ ਆਉਂਦੇ ਹਨ। ਇਹਨਾਂ ਨੂੰ ਪਿੱਛੇ ਵੱਲ ਜਾਂਦਿਆਂ ਲਗਾਤਾਰ ਦੇਖਣਾ ਔਖਾ ਹੈ।'

ਦੀਪਕ ਬਾਹਰ ਦੂਰ ਦੂਰ ਤੱਕ ਨਜ਼ਰ ਆਉਂਦੀਆਂ ਫਸਲਾਂ ਅਤੇ ਦਰੱਖ਼ਤਾਂ ਨੂੰ ਬੜੀ ਰੀਝ ਨਾਲ ਦੇਖ ਰਿਹਾ ਸੀ। ਇਹ ਉਸਨੂੰ ਬਹੁਤ ਚੰਗਾ ਲੱਗ ਰਿਹਾ ਸੀ।

ਸੱਚ ਹੀ ਹੈ, ਹਰਿਆਲੀ ਸਭ ਨੂੰ ਚੰਗੀ ਲੱਗਦੀ ਹੈ। ਇਸ ਤੋਂ ਬਿਨਾ........, ਧਰਤੀ ਬਾਰੇ ਸੋਚ ਕੇ ਵੀ ਡਰ ਲੱਗਦਾ ਹੈ।'

**ਸੋਚੋ ਜੇਕਰ ਇਸ ਧਰਤੀ ਉੱਤੇ ਰੁੱਖ ਨਾ ਹੋਣ ਤਾਂ ਇਹ ਕਿਸ ਤਰ੍ਹਾਂ ਦੀ ਨਜ਼ਰ ਆਵੇਗੀ ?**

'ਇਹ ਗੱਡੀ ਕਿਉਂ ਰੁਕ ਗਈ ਹੈ ? ਬਾਹਰ ਏਨੀ ਉੱਚੀ ਕੌਣ ਬੋਲ ਰਿਹਾ ਹੈ ? ਅੱਛਾ! ਸਟੇਸ਼ਨ ਹੈ। ਸਾਹਮਣੇ ਵੱਡੇ-ਵੱਡੇ ਅੱਖਰਾਂ ਵਿੱਚ ਬਠਿੰਡਾ ਜੰਕਸ਼ਨ ਲਿਖਿਆ ਹੈ। ਇਸ ਸ਼ਹਿਰ ਦਾ ਨਾਂ ਬਠਿੰਡਾ ਤਾਂ ਬਹੁਤ ਵਾਰੀ ਸੁਣਿਆ ਹੈ ਪਰ ਇਹ ਜੰਕਸ਼ਨ ਕੀ ਹੋਇਆ ? ਹਾਂ, ਸਰ ਨੂੰ ਜ਼ਰੂਰ ਪਤਾ ਹੋਵੇਗਾ।'

**ਅਧਿਆਪਕ ਲਈ—**ਬੱਚਿਆਂ ਨੂੰ ਰੇਲਵੇ ਜੰਕਸ਼ਨ ਬਾਰੇ ਦੱਸੋ।

'ਸਰ ਕਿਤਾਬ ਪੜ੍ਹ ਰਹੇ ਸਨ। ਗੱਡੀ ਦੀ ਛੁੱਕ-ਛੁੱਕ ਵੀ ਕਿੰਨੀ ਚੰਗੀ ਲੱਗ ਰਹੀ ਸੀ।ਪਰ ਗੱਡੀ

ਜਦੋਂ ਦਰਿਆ ਦੇ ਪੁਲ ਉੱਪਰੋਂ ਲੰਘੀ ਤਾਂ ਉਸਦੀ ਆਵਾਜ਼ ਬਹੁਤ ਬਦਲ ਗਈ ਸੀ। ਕੁੱਝ-ਕੁੱਝ ਡਰਾਉਣੀ ਜਿਹੀ ਵੀ ਲਗਦੀ ਸੀ। ਹਾਂ, ਮੈਂ ਇੱਕ ਹੋਰ ਗੱਲ ਦੇਖੀ ਜਦੋਂ ਗੱਡੀ ਪੁਲ ਉੱਪਰੋਂ ਲੰਘ ਰਹੀ ਸੀ ਤਾਂ ਕੁੱਝ ਲੋਕ ਦਰਿਆ ਵਿੱਚ ਸਿੱਕੇ ਸੁੱਟ ਰਹੇ ਸਨ।'

'ਰੌਲ਼ੇ ਤੋਂ ਲਗਦਾ ਹੈ ਜਿਵੇਂ ਸਟੇਸ਼ਨ ਨੇੜੇ ਹੋਵੇ। ਬਹੁਤ ਸਾਰੀਆਂ ਸਵਾਰੀਆਂ ਨੇ ਆਪਣਾ ਸਮਾਨ ਸੰਭਾਲਣਾ ਸ਼ੁਰੂ ਕਰ ਦਿੱਤਾ ਹੈ। ਇੱਥੇ ਬੱਸ ਵਾਂਗ ਕੋਈ ਅਵਾਜ਼ ਨਹੀਂ ਦਿੰਦਾ ਕਿ ਕਿਹੜਾ ਸ਼ਹਿਰ ਆ ਗਿਆ ਹੈ ? ਸ਼ਾਇਦ ਸਵਾਰੀਆਂ ਨੂੰ ਆਪ ਧਿਆਨ ਰੱਖਣਾ ਪੈਂਦਾ ਹੈ। ਸਰ ਕਹਿ ਰਹੇ ਹਨ ਕਿ ਦਿੱਲੀ ਦਾ ਸਟੇਸ਼ਨ ਆਉਣ ਵਾਲਾ ਹੈ। ਸਾਨੂੰ ਵੀ ਆਪਣੇ ਬੈਗ ਸੰਭਾਲ ਲੈਣੇ ਚਾਹੀਦੇ ਹਨ। ਬਾਕੀ ਦੀ ਡਾਇਰੀ ਮੈਂ ਦਿੱਲੀ ਪਹੁੰਚ ਕੇ ਲਿਖਾਂਗਾ।'

'ਦਿੱਲੀ ਦਾ ਸਟੇਸ਼ਨ ਤਾਂ ਸਾਡੇ ਸ਼ਹਿਰ ਦੇ ਸਟੇਸ਼ਨ ਨਾਲੋਂ ਬਹੁਤ ਵੱਡਾ ਸੀ। ਬਹੁਤ ਹੀ ਜ਼ਿਆਦਾ ਲੋਕ ਸਨ। ਪਤਾ ਨਹੀਂ ਲੱਗ ਰਿਹਾ ਸੀ ਕਿ ਰੇਲ ਗੱਡੀ ਵਿੱਚੋਂ ਉਤਰਨ ਵਾਲੇ ਜ਼ਿਆਦਾ ਹਨ ਜਾਂ ਚੜ੍ਹਨ ਵਾਲੇ। ਗੇਟ ਕੋਲ਼ ਖੜ੍ਹੇ ਇੱਕ ਆਦਮੀ ਨੇ ਸਾਡੀਆਂ ਟਿਕਟਾਂ ਮੁੜ ਚੈੱਕ ਕੀਤੀਆਂ। ਪਰ ਟਿਕਟਾਂ ਤਾਂ ਗੱਡੀ ਵਿੱਚ ਵੀ ਟਿਕਟ ਚੈੱਕਰ ਨੇ ਚੈੱਕ ਕੀਤੀਆਂ ਸਨ। ਬੜੀ ਮੁਸ਼ਕਿਲ ਨਾਲ ਅਸੀਂ ਉੱਥੋਂ ਬਾਹਰ ਨਿਕਲੇ। ਹੁਣ ਅਸੀਂ ਹੋਸਟਲ ਜਾਣਾ ਸੀ। ਉੱਥੋਂ ਅਸੀਂ ਆਟੋ-ਰਿਕਸ਼ਾ ਵਿੱਚ ਬੈਠੇ ਅਤੇ ਹੋਸਟਲ ਪਹੁੰਚ ਗਏ। ਆਟੋ-ਰਿਕਸ਼ਾ ਵਾਲੇ ਨੇ ਸਾਥੋਂ ਮੀਟਰ ਪੜ੍ਹ ਕੇ ਕਿਰਾਇਆ ਲਿਆ।'

'ਉੱਥੋਂ ਅਸੀਂ ਪੈਦਲ ਹੀ ਨਵੀਂ ਦਿੱਲੀ ਰੇਲਵੇ ਸਟੇਸ਼ਨ ਦੇ ਬਾਹਰਲੇ ਪਾਸੇ ਬਣੇ ਮੈਟਰੋ ਰੇਲਵੇ ਸਟੇਸ਼ਨ ਪਹੁੰਚ ਗਏ। **ਦਿੱਲੀ ਮੈਟਰੋ** ਰਾਜਧਾਨੀ ਅਤੇ ਇਸਦੇ ਲਾਗਲੇ ਖੇਤਰਾਂ ਵਿੱਚ ਵੱਸਦੇ ਲੋਕਾਂ ਲਈ ਇੱਕ ਸਸਤਾ ਅਤੇ ਆਸਾਨ ਆਵਾਜਾਈ ਦਾ ਸਾਧਨ ਹੈ। ਮੈਟਰੋ ਸਟੇਸ਼ਨ ਪੂਰੀ ਤਰ੍ਹਾਂ ਨਾਲ ਏਅਰ-ਕੰਡੀਸ਼ਨਡ ਹੈ। ਉੱਥੇ ਸੁਰੱਖਿਆ ਅਤੇ ਸਫ਼ਾਈ ਦਾ ਵੀ ਵਧੀਆ ਪ੍ਰਬੰਧ ਹੈ।'



ਮੈਟਰੋ ਸਟੇਸ਼ਨ

ਅਸੀਂ ਟਿਕਟ ਕਾਊਂਟਰ ਤੋਂ ਟਿਕਟ ਖਰੀਦੀ। ਟਿਕਟ ਦੇ ਰੂਪ ਵਿੱਚ ਸਾਨੂੰ ਹਰ ਇੱਕ ਨੂੰ ਟੋਕਨ ਮਿਲ ਗਿਆ, ਜਿਸਨੂੰ ਆਟੋਮੈਟਿਕ ਮਸ਼ੀਨ ਅੱਗੇ ਛੂਹਣ ਨਾਲ ਪਲੇਟਫਾਰਮ ਤੇ ਜਾਣ ਲਈ ਦਰਵਾਜ਼ਾ ਖੁੱਲ੍ਹ ਗਿਆ। ਫਿਰ ਅਸੀਂ ਟ੍ਰੇਨ ਅੰਦਰ ਸਵਾਰ ਹੋ ਕੇ ਆਪਣੀ ਮੰਜ਼ਿਲ ਤੇ ਪਹੁੰਚ ਗਏ। ਉੱਥੋਂ ਅਸੀਂ ਬਾਹਰ ਆ ਕੇ ਮੈਟਰੋ ਫੀਡਰ ਬੱਸ ਵਿੱਚ ਬੈਠ ਕੇ ਹੋਸਟਲ ਪਹੁੰਚ ਗਏ।'

'ਹੋਸਟਲ ਪਹੁੰਚ ਕੇ ਬਹੁਤ ਵਧੀਆ ਲੱਗ ਰਿਹਾ ਹੈ। ਇੱਥੇ ਹੋਰ ਵੀ ਬਹੁਤ ਸਾਰੇ ਬੱਚੇ ਹਨ। ਜਿਹੜੇ ਦੂਰ-ਦੂਰ ਤੋਂ ਇਸ ਪ੍ਰੋਗਰਾਮ ਵਿੱਚ ਭਾਗ ਲੈਣ ਆਏ ਹਨ। ਅਬਦੁਲ ਸ਼ਿਮਲਾ ਤੋਂ ਆਇਆ ਹੈ। ਐਲਿਸ ਗੋਆ ਤੋਂ ਆਈ ਹੈ। ਇਹ ਸਭ ਸਾਡੇ ਦੋਸਤ ਬਣ ਗਏ। ਪਹਿਲਾਂ ਤਾਂ ਇਕ ਦੂਸਰੇ ਦੀ ਗੱਲ ਬੜੀ ਮੁਸ਼ਕਿਲ ਨਾਲ ਸਮਝ ਆਉਂਦੀ ਸੀ ਪਰ ਹੁਣ ਅਸੀਂ ਬਹੁਤ ਸਾਰੀਆਂ ਗੱਲਾਂ ਸਮਝ ਸਕਦੇ ਸੀ। ਮੈਂ ਇਹਨਾਂ ਨੂੰ ਆਪਣੀ ਸਫ਼ਰ ਵਾਲੀ ਡਾਇਰੀ ਪੜ੍ਹ ਕੇ ਸੁਣਾਈ। ਸਾਰਿਆਂ ਨੂੰ ਬਹੁਤ ਪਸੰਦ ਆਈ।'

**ਪ੍ਰਿਤਪਾਲ ਦੁਆਰਾ ਡਾਇਰੀ ਵਿੱਚ ਲਿਖਿਆ ਸਫਰ ਦਾ ਹਾਲ ਤੁਹਾਨੂੰ ਕਿਹੋ ਜਿਹਾ ਲੱਗਿਆ ? ਹੁਣ ਜਦੋਂ ਤੁਸੀਂ ਛੁੱਟੀਆਂ ਵਿਚ ਕਿਧਰੇ ਜਾਉਗੇ ਤਾਂ ਤੁਸੀਂ ਵੀ ਡਾਇਰੀ ਜ਼ਰੂਰ ਲਿਖਣਾ।**

'ਡਾਇਰੀ ਸੁਣ ਕੇ ਅਬਦੁਲ ਬੋਲਿਆ, "ਆਏ ਤਾਂ ਅਸੀਂ ਵੀ ਰੇਲ ਗੱਡੀ ਵਿੱਚ ਹਾਂ ਪਰ ਸਾਡੇ ਰਸਤੇ ਵਿੱਚ ਤਾਂ ਸ਼ਿਮਲਾ ਤੋਂ ਕਾਲਕਾ ਤੱਕ ਕਈ ਸੁਰੰਗਾਂ ਆਈਆਂ ਸਨ। ਉਹਨਾਂ ਵਿਚੋਂ ਕੁੱਝ ਤਾਂ ਬਹੁਤ ਲੰਬੀਆਂ ਸੀ। ਜਦੋਂ ਵੀ ਰੇਲ ਗੱਡੀ ਸੁਰੰਗ ਵਿਚੋਂ ਲੰਘਦੀ ਸੀ, ਕੁੱਝ ਸਮੇਂ ਲਈ ਬਿਲਕੁਲ ਹਨੇਰਾ ਹੋ ਜਾਂਦਾ ਸੀ। ਸ਼ੁਕਰ ਹੈ! ਰੇਲ ਗੱਡੀ ਅੰਦਰਲੀਆਂ ਬੱਤੀਆਂ ਜਗ ਪੈਂਦੀਆਂ ਸਨ। ਖਿੜਕੀ ਵਿੱਚੋਂ ਇੱਕ ਪਾਸੇ ਦੇਖਿਆਂ ਉੱਚੇ-ਉੱਚੇ ਪਹਾੜ ਦਿਖਾਈ ਦਿੰਦੇ ਸਨ ਪਰ ਦੂਜੇ ਪਾਸੇ ਬਹੁਤ ਡੂੰਘੀਆਂ ਖੱਡਾਂ। ਜਿਸ ਰੇਲ ਗੱਡੀ ਵਿੱਚ ਅਸੀਂ ਆਏ ਸੀ, ਉਸ ਦਾ ਨਾਂ 'ਹਿਮਾਲਿਅਨ ਕੁਈਨ' ਹੈ ਪਰ ਮੇਰੇ ਪਾਪਾ ਉਸਨੂੰ ਟੌਆਏ ਟਰੇਨ ਕਹਿੰਦੇ ਹਨ। ਲਉ ਮੈਂ ਤੁਹਾਨੂੰ ਉਸਦੀ ਤਸਵੀਰ ਦਿਖਾਵਾਂ।"



ਵਿਸ਼ਵ ਵਿਰਾਸਤ ਨੂੰ ਸੰਭਾਲਣ ਵਾਲੀ ਸਿਰਮੌਰ ਸੰਸਥਾ ਯੂਨੈਸਕੋ ਵਲੋਂ 10 ਜੁਲਾਈ,2008 ਨੂੰ "ਹਿਮਾਲਿਅਨ ਕੁਈਨ" ਨੂੰ ਵਿਸ਼ਵ ਵਿਰਾਸਤ ਦਾ ਦਰਜਾ ਦਿੱਤਾ ਗਿਆ ਹੈ। ਸ਼ਿਮਲਾ-ਕਾਲਕਾ ਰੇਲ ਸੇਵਾ ਨੂੰ ਆਮ ਜਨਤਾ ਲਈ 9 ਨਵੰਬਰ, 1903 ਨੂੰ ਖੋਲ੍ਹਿਆ ਗਿਆ ਸੀ। 96.57 ਕਿਲੋਮੀਟਰ ਲੰਬੇ ਇਸ ਰੇਲ ਟ੍ਰੈਕ ਵਿਚਲੀਆਂ 103 ਸੁਰਗਾਂ (ਹੁਣ 102) ਅਤੇ 800 ਪੁਲ਼ੀਆਂ ਨੂੰ ਰਿਕਾਰਡ ਤਿੰਨ ਸਾਲਾਂ ਵਿੱਚ ਬਣਾਇਆ ਗਿਆ ਸੀ। ਇਸ ਕੰਮ ਨੂੰ ਪੂਰਾ ਕਰਨ ਵਿੱਚ ਲੋਕਲ ਨਿਵਾਸੀ ਬਾਬਾ ਬਾਲਖੂ ਨੇ ਆਪਣੀ ਵਿਸ਼ਵ ਪੱਧਰੀ ਇੰਜੀਨੀਅਰਿੰਗ ਕੌਸ਼ਲ ਦਾ ਨਮੂਨਾ ਦੁਨੀਆ ਸਾਹਮਣੇ ਪੇਸ਼ ਕੀਤਾ ਸੀ।

ਤਸਵੀਰ ਦੇਖਦਿਆਂ ਐਲਿਸ ਇਕਦਮ ਬੋਲੀ, "ਇਸ ਦੇ ਡੱਬੇ ਕਿੰਨੇ ਛੋਟੇ ਹਨ। ਬਿਲਕੁਲ ਖਿਡਾਉਣੇ। ਇਹਨਾਂ ਨੂੰ ਦੇਖਕੇ ਤਾਂ ਮੈਨੂੰ ਫੈਰੀ (ਕਿਸ਼ਤੀ) ਦਾ ਸਫ਼ਰ ਯਾਦ ਆ ਗਿਆ। 'ਅਸੀਂ ਜਦੋਂ ਆਪਣੇ ਮਾਮਾ ਜੀ ਨੂੰ ਮਿਲਣ ਜਾਂਦੇ ਹਾਂ ਤਾਂ ਕਿਸ਼ਤੀ ਵਿੱਚ ਜਾਂਦੇ ਹਾਂ,ਜਿਸ ਨੂੰ ਫੈਰੀ ਕਹਿੰਦੇ ਹਨ। ਇਸ ਵਿੱਚ ਕਾਫ਼ੀ ਲੋਕ ਬੈਠ ਸਕਦੇ ਹਨ। ਸਟੇਸ਼ਨ ਪਹੁੰਚਣ ਲਈ ਵੀ ਸਾਨੂੰ ਪਹਿਲਾਂ ਫੈਰੀ ਅਤੇ ਫਿਰ ਆਟੋ-ਰਿਕਸ਼ਾ ਵਿਚ ਆਉਣਾ ਪੈਂਦਾ ਹੈ। ਸਾਨੂੰ ਪਣਜੀ ਤੋਂ ਦਿੱਲੀ ਪਹੁੰਚਣ ਲਈ ਬਹੁਤ ਸਮਾਂ ਲੱਗਿਆ। ਪਣਜੀ ਤੋਂ ਅਸੀਂ ਮੁੰਬਈ, ਗਾਂਧੀਨਗਰ, ਜੈਪੁਰ ਹੁੰਦੇ ਹੋਏ ਦਿੱਲੀ ਪਹੁੰਚੇ। ਸਾਡੇ ਮੈਡਮ ਨੇ ਦੱਸਿਆ ਕਿ ਰੇਲਵੇ-ਲਾਈਨ ਦੀ ਮੁਰੰਮਤ ਚਲਦੀ ਹੋਣ ਕਰਕੇ ਰੇਲ ਗੱਡੀ ਦਾ ਰਸਤਾ ਬਦਲ ਦਿੱਤਾ ਗਿਆ ਸੀ। ਇਹ ਰਸਤਾ ਪੁਰਾਣੇ ਰਸਤੇ ਨਾਲੋਂ ਲੰਬਾ ਹੈ।"

ਐਲਿਸ ਨੇ ਅੱਗੇ ਦੱਸਿਆ ਬੱਚਿਓ ! ਤੁਹਾਨੂੰ ਪਤਾ ਹੈ ਜਪਾਨ ਵਰਗੇ ਦੇਸ਼ ਵਿੱਚ ਤੇਜ਼ ਰਫ਼ਤਾਰ ਟ੍ਰੇਨਾਂ ਚਲਦੀਆਂ ਹਨ, ਇਹਨਾਂ ਨੂੰ ਬੁਲੇਟ ਟ੍ਰੇਨ ਕਿਹਾ ਜਾਂਦਾ ਹੈ। ਇਹਨਾਂ ਟ੍ਰੇਨਾਂ ਦੀ ਰਫ਼ਤਾਰ 500 ਕਿਲੋਮੀਟਰ ਪ੍ਰਤੀ ਘੰਟਾ ਹੁੰਦੀ ਹੈ। ਭਾਰਤੀ ਰੇਲਵੇ ਵਲੋਂ ਵੀ ਦੇਸ਼ ਵਿੱਚ ਮੁੰਬਈ ਅਹਿਮਦਾਬਾਦ ਵਿਚਾਲੇ ਤੇਜ਼ ਰਫ਼ਤਾਰ ਬੁਲੇਟ ਟ੍ਰੇਨ ਚਲਾਉਣ ਦੀ ਵਿਉਂਤਬੰਦੀ ਕੀਤੀ ਗਈ ਹੈ। ਜਿਸ ਉੱਪਰ ਕੰਮ ਚੱਲ ਰਿਹਾ ਹੈ। 2023 ਵਿੱਚ ਪ੍ਰੋਜੈਕਟ ਪੂਰਾ ਹੋਣ ਉਪਰੰਤ ਇਹ ਟ੍ਰੇਨ ਮੁੰਬਈ-ਅਹਿਮਦਾਬਾਦ ਵਿਚਾਲੇ 508 ਕਿਲੋਮੀਟਰ ਦਾ ਸਫ਼ਰ 2 ਘੰਟੇ 7 ਮਿੰਟ ਵਿੱਚ ਪੂਰਾ ਕਰੇਗੀ।

ਐਲਸ ਨੇ ਅੱਗੇ ਦੱਸਿਆ, "ਰਾਜਸਥਾਨ ਸਾਡੇ ਗੋਆ ਨਾਲੋਂ ਬਿਲਕੁਲ ਹੀ ਵੱਖਰਾ ਸੀ। ਗੋਆ ਸਮੁੰਦਰ ਦੇ ਕੰਢੇ 'ਤੇ ਹੈ। ਅਸੀਂ ਦੂਰ ਤੱਕ ਪਾਣੀ ਹੀ ਪਾਣੀ ਦੇਖਦੇ ਹਾਂ। ਇੱਥੇ ਦੂਰ ਤੱਕ ਰੇਤ ਹੀ ਰੇਤ ਹੈ। ਜਿਵੇਂ ਰੇਤ ਦਾ ਸਮੁੰਦਰ ਹੀ ਹੋਵੇ। ਕਦੇ-ਕਦੇ ਲੋਕ ਊਠਾਂ ਦੀ ਸਵਾਰੀ ਕਰਦੇ ਨਜ਼ਰ ਆਉਂਦੇ ਸਨ। ਮੈਂ ਆਪਣੀ ਸਕੂਲ ਦੀ ਕਿਤਾਬ ਵਿੱਚ ਪੜ੍ਹਿਆ ਸੀ ਕਿ ਮਾਰੂਥਲ ਵਿੱਚ ਸਫ਼ਰ ਕਰਨ ਲਈ ਊਠ ਸਭ ਤੋਂ ਢੁਕਵਾਂ ਜਾਨਵਰ ਹੈ। ਇਸ ਦੇ ਚਪਟੇ ਅਤੇ ਗੱਦੇਦਾਰ ਪੈਰ ਰੇਤ ਉੱਪਰ ਤੁਰਨ ਵਿੱਚ ਇਸਦੀ ਮਦਦ ਕਰਦੇ ਹਨ। ਮਾਰੂਥਲ ਵਿੱਚ ਪਾਣੀ ਬਹੁਤ ਘੱਟ ਹੁੰਦਾ ਹੈ। ਊਠ ਕਈ



ਦਿਨ ਪਾਣੀ ਅਤੇ ਭੋਜਨ ਤੋਂ ਬਿਨਾ ਰਹਿ ਸਕਦਾ ਹੈ। ਜੈਪੁਰ ਰੇਲਵੇ-ਸਟੇਸ਼ਨ ਉੱਪਰ 'ਦਾਲ ਬਾਟੀ ਚੂਰਮਾ' 'ਦਾਲ ਬਾਟੀ ਚੂਰਮਾ' ਦੀ ਆਵਾਜ਼ ਆ ਰਹੀ ਸੀ। ਬਾਅਦ ਵਿੱਚ ਪਤਾ ਚੱਲਿਆ ਕਿ ਇਹ ਇਥੋਂ ਦਾ ਖਾਣਾ ਹੈ। ਇੱਕ ਛੋਟੀ ਲੜਕੀ ਬੜੀ ਮਿੱਠੀ ਆਵਾਜ਼ ਵਿਚ ਗਾ ਰਹੀ ਸੀ 'ਆਵੋ ਨੀ ਪਧਾਰੋ ਮਾਰ੍ਹੇ ਦੇਸ'। ਉਸਦੇ ਨਾਲ ਇੱਕ ਬਜ਼ੁਰਗ ਸਾਰੰਗੀ ਵਜਾ ਰਿਹਾ ਸੀ। ਮੈਨੂੰ ਲਗਦਾ ਸੀ ਉਹ ਮੇਰੀ ਹੀ ਉਮਰ ਦੀ ਹੋਵੇਗੀ। ਮੈਂ ਉਸਦੀ ਜਮਾਤ ਪੁੱਛਣਾ ਚਾਹੁੰਦੀ ਸੀ ਪਰ ਸ਼ਾਇਦ ਉਹ ਸਕੂਲ ਨਹੀਂ ਜਾਂਦੀ ਸੀ। ਉਸਦੀ ਮਿੱਠੀ ਆਵਾਜ਼ ਮੈਨੂੰ ਲੋਰੀ ਵਰਗੀ ਲੱਗੀ। ਸ਼ਾਇਦ ਇਸੇ ਲਈ ਨੀਂਦ ਆ ਗਈ। ਜੈਪੁਰ ਤੋਂ ਦਿੱਲੀ ਅਸੀਂ ਸੁੱਤੇ-ਸੁੱਤੇ ਕਦੋਂ ਪਹੁੰਚ ਗਏ ਕੁੱਝ ਪਤਾ ਹੀ ਨਹੀਂ ਲੱਗਿਆ।"



## ਯਾਦ ਰੱਖਣ ਯੋਗ ਗੱਲਾਂ

- ਬੱਚਿਆਂ ਵਿੱਚ ਆਪਣੇ ਆਲੇ-ਦੁਆਲੇ ਅਤੇ ਸਕੂਲ ਦੀ ਸਫ਼ਾਈ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਸਕੂਲਾਂ ਵਿੱਚ ਸਵੱਛਤਾ ਕਲੱਬ ਸਥਾਪਿਤ ਕੀਤੇ ਗਏ ਹਨ।

- ਹਰ ਰੇਲਗੱਡੀ ਦੇ ਚੱਲਣ ਅਤੇ ਮਿੱਥੇ ਸਥਾਨ 'ਤੇ ਪਹੁੰਚਣ ਦਾ ਸਮਾਂ ਨਿਸ਼ਚਿਤ ਹੁੰਦਾ ਹੈ, ਜਿਸਨੂੰ ਟਾਈਮ ਟੇਬਲ ਕਹਿੰਦੇ ਹਨ।
- ਟਿਕਟਾਂ ਦੀ ਬੁਕਿੰਗ ਘਰ ਬੈਠੇ ਆਨਲਾਈਨ ਵੀ ਕੀਤੀ ਜਾ ਸਕਦੀ ਹੈ।
- ਦਿੱਲੀ ਅਤੇ ਲਾਗਲੇ ਸ਼ਹਿਰਾਂ ਲਈ ਮੈਟਰੋ ਰੇਲ ਦਾ ਵੀ ਵਿਕਾਸ ਕੀਤਾ ਗਿਆ ਹੈ।
- ਕਾਲਕਾ-ਸ਼ਿਮਲਾ ਵਿੱਚਕਾਰ ਚੱਲਣ ਵਾਲੀ ਟ੍ਰੇਨ ਨੂੰ "ਹਿਮਾਲਿਅਨ ਕੁਈਨ" ਕਿਹਾ ਜਾਂਦਾ ਹੈ।
- ਜਪਾਨ ਵਰਗੇ ਦੇਸ਼ ਵਿੱਚ ਤੇਜ਼ ਰਫ਼ਤਾਰ ਟ੍ਰੇਨਾਂ ਚਲਦੀਆਂ ਹਨ, ਇਹਨਾਂ ਨੂੰ ਬੁਲੇਟ ਟ੍ਰੇਨ ਕਿਹਾ ਜਾਂਦਾ ਹੈ। ਇਹਨਾਂ ਟ੍ਰੇਨਾਂ ਦੀ ਰਫ਼ਤਾਰ 500 ਕਿਲੋਮੀਟਰ ਪ੍ਰਤੀ ਘੰਟਾ ਹੁੰਦੀ ਹੈ।

3. ਖ਼ਾਲੀ ਥਾਂਵਾਂ ਭਰੋ—

(ਹਿਮਾਲਿਅਨ ਕੁਈਨ, ਸਵੱਛਤਾ ਕਲੱਬ, ਆਨਲਾਈਨ)

(ੳ) ਹੁਣ ਸੂਚਨਾ ਤਕਨੀਕ ਦੇ ਇਸ ਯੁੱਗ ਵਿੱਚ ਟਿਕਟਾਂ ਦੀ ਬੁਕਿੰਗ ਘਰ ਬੈਠੇ ............. ਕੀਤੀ ਜਾ ਸਕਦੀ ਹੈ।

(ਅ) ਆਪਣੇ ਆਲ਼ੇ-ਦੁਆਲ਼ੇ ਅਤੇ ਸਕੂਲ ਦੀ ਸਫ਼ਾਈ ਪ੍ਰਤੀ ਜਾਗਰੂਕਤਾ ਪੈਦਾ ਕਰਨ ਲਈ ਸਕੂਲਾਂ ਵਿੱਚ ................... ਸਥਾਪਿਤ ਕੀਤੇ ਗਏ ਹਨ।

(ੲ) ਕਾਲਕਾ-ਸ਼ਿਮਲਾ ਵਿੱਚਕਾਰ ਚੱਲਣ ਵਾਲੀ ਟ੍ਰੇਨ ਦਾ ਨਾਮ .............. ਹੈ।

4. ਮਾਰੂਥਲ ਲਈ ਸਭ ਤੋਂ ਢੁੱਕਵਾਂ ਜਾਨਵਰ ਕਿਹੜਾ ਹੈ ? ਇਸ ਜਾਨਵਰ ਦੇ ਕਿਹੜੇ ਖ਼ਾਸ ਗੁਣ ਹਨ ?

.......................................................................................................

.......................................................................................................

5. ਫ਼ੈਰੀ ਕਿਸ ਨੂੰ ਕਹਿੰਦੇ ਹਨ ?

.......................................................................................................

.......................................................................................................

6. ਬੁਲੇਟ ਟ੍ਰੇਨ ਦੀਆਂ ਕੀ ਵਿਸ਼ੇਸ਼ਤਾਵਾਂ ਹਨ ?

.......................................................................................................

.......................................................................................................

7. ਕੁੱਝ ਲੋਕ ਰੇਲਵੇ ਫਾਟਕ ਬੰਦ ਹੋਣ ਦੇ ਬਾਵਜੂਦ ਵੀ ਉਸਨੂੰ ਪਾਰ ਕਰਦੇ ਹਨ। ਕੀ ਅਜਿਹਾ ਕਰਨਾ ਠੀਕ ਹੈ ?

.............................................................................................................

.............................................................................................................



ਰੇਲਵੇ ਫਾਟਕ ਦਾ ਦ੍ਰਿਸ਼

*****

ਪਾਠ - 20

# ਜਾਣੋ ਆਪਣੀ ਕਰੰਸੀ (ਮੁਦਰਾ) ਨੂੰ

ਪ੍ਰੀਤੀ ਆਪਣੇ ਇਕੱਠੇ ਕੀਤੇ ਹੋਏ ਨੋਟਾਂ ਅਤੇ ਸਿੱਕਿਆਂ ਨੂੰ ਐਲਬਮ ਵਿੱਚ ਲਗਾਉਣ ਤੋਂ ਪਹਿਲਾਂ ਤਰਤੀਬ ਅਨੁਸਾਰ ਰੱਖ ਰਹੀ ਹੈ। ਉਸ ਨੂੰ ਬਹੁਤ ਸਾਰੇ ਨੋਟ ਅਤੇ ਸਿੱਕੇ ਉਸਦੇ ਭੂਆ ਜੀ ਦੇ ਬੇਟੇ ਮਨਦੀਪ ਨੇ ਦਿੱਤੇ ਸਨ। ਆਓ! ਦੇਖੀਏ ਉਸਨੇ ਨੋਟ ਕਿਸ ਤਰ੍ਹਾਂ ਲਗਾਏ ਹਨ ?





ਉਪਰੋਕਤ ਨੋਟਾਂ ਨੂੰ ਧਿਆਨ ਨਾਲ ਦੇਖੋ ਅਤੇ ਪਤਾ ਕਰੋ ਕਿ ਕਿਹੜੇ ਨੋਟ ਭਾਰਤੀ ਕਰੰਸੀ ਦਾ ਹਿੱਸਾ ਹਨ ਅਤੇ ਕਿਹੜੇ-ਕਿਹੜੇ ਹੋਰ ਦੇਸ਼ਾਂ ਦੇ ?

ਮਨਦੀਪ ਨੂੰ ਲਗਦਾ ਹੈ ਕਿ ਜੇਕਰ ਪ੍ਰੀਤੀ ਆਪਣੇ ਦੇਸ਼ ਦੇ ਨੋਟਾਂ ਨੂੰ ਵੱਖ ਅਤੇ ਦੂਸਰੇ ਦੇਸ਼ਾਂ ਦੇ ਨੋਟਾਂ ਨੂੰ ਵੱਖ ਕਰਕੇ ਲਗਾਵੇ ਤਾਂ ਜ਼ਿਆਦਾ ਠੀਕ ਰਹੇਗਾ।

ਕੀ ਤੁਸੀਂ ਇਹ ਪਹਿਚਾਨਣ ਵਿੱਚ ਪ੍ਰੀਤੀ ਦੀ ਮਦਦ ਕਰੋਗੇ ਕਿ ਕਿਹੜੇ ਨੋਟ ਭਾਰਤ ਦੇ ਹਨ ਅਤੇ ਕਿਹੜੇ ਨੋਟ ਹੋਰ ਦੇਸ਼ਾਂ ਦੇ। ਮਨਦੀਪ ਨੇ ਪ੍ਰੀਤੀ ਨੂੰ ਭਾਰਤੀ ਕਰੰਸੀ ਨੋਟਾਂ ਦੀਆਂ ਕੁੱਝ ਵਿਸ਼ੇਸ਼ ਗੱਲਾਂ ਦੱਸੀਆਂ ਤਾਂ ਕਿ ਪ੍ਰੀਤੀ ਅਸਾਨੀ ਨਾਲ ਇਸ ਸਮੱਸਿਆ ਨੂੰ ਹੱਲ ਕਰ ਸਕੇ।




**"ਇਹ ਦੋ ਹਜ਼ਾਰ ਰੁਪਏ ਦਾ ਨੋਟ ਹੈ। ਇਸ ਉੱਪਰ ਹਿੰਦੀ ਵਿੱਚ ਭਾਰਤੀਯ ਰਿਜ਼ਰਵ ਬੈਂਕ ਅਤੇ ਅੰਗਰੇਜ਼ੀ ਵਿੱਚ ਰਿਜ਼ਰਵ ਬੈਂਕ ਆਫ਼ ਇੰਡੀਆ ਲਿਖਿਆ ਹੋਇਆ ਹੈ। ਇਸ ਨੋਟ ਦਾ ਰੰਗ ਗੂੜ੍ਹਾ ਗੁਲਾਬੀ ਹੈ। ਇਸਦੇ ਅਗਲੇ ਪਾਸੇ ਰਾਸ਼ਟਰਪਿਤਾ ਮਹਾਤਮਾ ਗਾਂਧੀ ਦੀ ਤਸਵੀਰ ਹੈ ਅਤੇ ਪਿਛਲੇ ਪਾਸੇ ਮੰਗਲਯਾਨ ਦੀ ਫ਼ੋਟੋ ਹੈ। ਇਸ ਉੱਪਰ ਸਵੱਛ ਭਾਰਤ ਦਾ ਲੋਗੋ ਵੀ ਬਣਿਆ ਹੋਇਆ ਹੈ।" "ਇਸ ਉੱਪਰ ਕਈ ਭਾਸ਼ਾਵਾਂ ਵਿੱਚ ਦੋ ਹਜ਼ਾਰ ਰੁਪਏ ਲਿਖਿਆ ਹੋਇਆ ਹੈ।" ਮਨਦੀਪ ਨੇ ਪ੍ਰੀਤੀ ਨੂੰ ਦੱਸਿਆ।**

"ਆਓ, ਹੁਣ ਦੱਸੋ ਕਿ 10 ਰੁਪਏ ਦੇ ਨੋਟ ਉੱਪਰ ਕਿੰਨੀਆਂ ਅਤੇ ਕਿਹੜੀਆਂ ਭਾਸ਼ਾਵਾਂ ਵਿੱਚ ਉਸ ਦੀ ਕੀਮਤ ਲਿਖੀ ਹੋਈ ਹੈ," ਮਨਦੀਪ ਨੇ ਅੱਗੇ ਕਿਹਾ। ਪ੍ਰੀਤੀ ਨੇ ਮੂੰਹ ਬਣਾਉਂਦਿਆਂ ਆਪਣੀ ਅਗਿਆਨਤਾ ਜ਼ਾਹਰ ਕੀਤੀ।



"ਚੰਗਾ, ਮੈਂ ਦੱਸਦਾਂ, ਹਿੰਦੀ ਅਤੇ ਅੰਗਰੇਜ਼ੀ ਤੋਂ ਇਲਾਵਾ ਪੰਦਰਾਂ ਭਾਸ਼ਾਵਾਂ ਵਿੱਚ ਇਸ ਦੀ ਕੀਮਤ ਲਿਖੀ ਹੋਈ ਹੈ ਅਰਥਾਤ ਕੁੱਲ ਸਤਾਰਾਂ ਭਾਸ਼ਾਵਾਂ। ਇਹਨਾਂ ਵਿੱਚੋਂ ਤੂੰ ਕਿਹੜੀਆਂ-ਕਿਹੜੀਆਂ ਭਾਸ਼ਾਵਾਂ ਪੜ੍ਹ ਸਕਦੀ ਹੈਂ," ਮਨਦੀਪ ਨੇ ਪ੍ਰੀਤੀ ਨੂੰ ਮੁਸਕਰਾਉਂਦਿਆਂ ਪੁੱਛਿਆ ?

ਹੇਠਾਂ ਪੰਜ ਸੌ ਰੁਪਏ ਦੇ ਨੋਟ ਦਾ ਚਿੱਤਰ ਦਿੱਤਾ ਗਿਆ ਹੈ। ਉਸ ਨੂੰ ਦੇਖ ਕੇ ਉੱਤਰ ਦਿਓ—







ਪ੍ਰਸ਼ਨ 1. ਇਸ ਨੋਟ ਵਿੱਚ ਕਿੰਨੀਆਂ ਭਾਸ਼ਾਵਾ ਵਿੱਚ ਪੰਜ ਸੌ ਰੁਪਏ ਲਿਖਿਆ ਹੋਇਆ ਹੈ ?

..................................................................................................

..................................................................................................

ਪ੍ਰਸ਼ਨ 2. ਇਸ ਨੋਟ ਉੱਤੇ ਕਿਸ ਇਤਿਹਾਸਿਕ ਵਿਰਾਸਤ ਦੀ ਤਸਵੀਰ ਲੱਗੀ ਹੈ ?

..................................................................................................

..................................................................................................

"ਪ੍ਰੀਤੀ ਤੈਨੂੰ ਪਤਾ ਹੈ ਇਹਨਾਂ ਨੋਟਾਂ ਤੋਂ ਇਲਾਵਾ ਸਿੱਕੇ ਵੀ ਕਰੰਸੀ ਦਾ ਹਿੱਸਾ ਹੁੰਦੇ ਹਨ। ਰੋਜ਼ਾਨਾ ਦੀ ਜ਼ਿੰਦਗੀ ਵਿੱਚ ਇਹਨਾਂ ਸਿੱਕਿਆਂ ਦਾ ਬਹੁਤ ਮਹੱਤਵ ਹੈ। ਇਹ ਛੋਟੀ ਕਰੰਸੀ ਵਜੋਂ ਵੀ ਜਾਣੇ ਜਾਂਦੇ ਹਨ।" ਮਨਦੀਪ ਨੇ ਦੱਸਿਆ।



ਪ੍ਰਸ਼ਨ 3. ਉਪਰੋਕਤ ਸਿੱਕਿਆਂ ਵਿੱਚੋਂ ਤੁਸੀਂ ਕਿੰਨੇ ਸਿੱਕਿਆਂ ਨੂੰ ਪਹਿਚਾਣ ਸਕਦੇ ਹੋ ?

..................................................................................................

..................................................................................................


## ਪ੍ਰਸ਼ਨ 4. ਇਹਨਾਂ ਸਿੱਕਿਆਂ ਉੱਪਰ ਕੀਮਤ ਤੋਂ ਇਲਾਵਾ ਹੋਰ ਕੀ ਅੰਕਿਤ ਹੈ ?

..............................................................................................

..............................................................................................

**ਇਹਨਾਂ ਸਿੱਕਿਆਂ ਉੱਪਰ ਜੋ ਤਿੰਨ ਸ਼ੇਰ ਦਿਖਾਈ ਦੇ ਰਹੇ ਹਨ, ਇਹ ਭਾਰਤ ਦਾ ਰਾਸ਼ਟਰੀ ਚਿੰਨ੍ਹ ਹੈ। ਇਸਨੂੰ ਤ੍ਰਿਮੂਰਤੀ ਕਹਿੰਦੇ ਹਨ।**

ਭਾਰਤੀ ਕਰੰਸੀ ਅਰਥਾਤ ਰੁਪਏ-ਪੈਸਿਆਂ ਲਈ ਇਕ ਵਿਸ਼ੇਸ਼ ਚਿੰਨ੍ਹ ਨਿਸ਼ਚਿਤ ਕੀਤਾ ਗਿਆ ਹੈ। ਨਵੇਂ ਨੋਟਾਂ ਅਤੇ ਸਿੱਕਿਆਂ ਉੱਪਰ ਇਹ ਚਿੰਨ੍ਹ ਅੰਕਿਤ ਹੈ।



ਭਾਰਤੀ ਕਰੰਸੀ ਦਾ ਚਿੰਨ੍ਹ

ਪ੍ਰੀਤੀ ਦੀ ਤਰ੍ਹਾਂ ਸਿੱਕੇ ਅਤੇ ਨੋਟ ਇੱਕਠੇ ਕਰਨਾ ਬਹੁਤ ਸਾਰੇ ਲੋਕਾਂ ਦੀ ਰੁਚੀ ਹੈ। ਇਸਨੂੰ **ਨਿਊਮਿਸਮੈਟਿਕਸ** ਕਹਿੰਦੇ ਹਨ। ਸਾਨੂੰ ਆਪਣੇ ਦੇਸ਼ ਦੀ ਕਰੰਸੀ ਨੂੰ ਸਾਫ਼ ਰੱਖਣਾ ਚਾਹੀਦਾ ਹੈ। ਕਰੰਸੀ ਨੋਟਾਂ ਉੱਪਰ ਕੁਝ ਵੀ ਨਹੀਂ ਲਿਖਣਾ ਚਾਹੀਦਾ।

ਕਈ ਵਾਰ ਦੇਸ਼ ਦੇ ਅਰਥਚਾਰੇ ਨੂੰ ਮੁੱਖ ਰੱਖਦੇ ਹੋਏ ਪਹਿਲੇ ਤੋਂ ਪ੍ਰਚੱਲਿਤ ਕਰੰਸੀ ਨੂੰ ਬਦਲ ਕੇ ਨਵੀਂ ਕਰੰਸੀ ਦਾ ਚਲਨ ਸ਼ੁਰੂ ਕੀਤਾ ਜਾਂਦਾ ਹੈ, ਇਸਨੂੰ ਵਿਮੁਦਰੀਕਰਨ ਕਿਹਾ ਜਾਂਦਾ ਹੈ। ਭਾਰਤ ਵਿੱਚ 8 ਨਵੰਬਰ, 2016 ਨੂੰ ਵਿਮੁਦਰੀਕਰਨ ਕੀਤਾ ਗਿਆ ਸੀ।

**ਕਿਰਿਆ-1** ਅੱਗੇ ਦਿੱਤੇ ਗਏ ਕਰੰਸੀ ਨੋਟਾਂ ਨੂੰ ਧਿਆਨ ਨਾਲ ਦੇਖੋ ਅਤੇ ਨੋਟਾਂ ਦੀ ਕੀਮਤ ਨੂੰ ਸਾਹਮਣੇ ਦਰਸਾਏ ਖਾਨਿਆਂ ਵਿੱਚ ਲਿਖੋ।


भारतीय रिज़र्व बैंक
RESERVE BANK OF INDIA
82F 307275
बीस रुपये
₹20


RESERVE BANK OF INDIA
2
दो रुपये


भारतीय रिज़र्व बैंक
दो सौ रुपये
RESERVE BANK OF INDIA
0AA 000000
₹200
SPECIMEN


भारतीय रिज़र्व बैंक
पचास रुपये
RESERVE BANK OF INDIA
7AL 038156
₹50



ਪ੍ਰਸ਼ਨ 5. ਤੁਸੀਂ ਭਾਰਤੀ ਨੋਟਾਂ ਉੱਪਰ ਕਿਸ ਦੀ ਤਸਵੀਰ ਦੇਖਦੇ ਹੋ ?

..............................................................................................

..............................................................................................

ਪ੍ਰਸ਼ਨ 6. ਕੀ ਤੁਸੀਂ ਇਹਨਾਂ ਨੋਟਾਂ ਤੇ ਇਸਦੀ ਕੀਮਤ ਤੋਂ ਇਲਾਵਾ ਕੋਈ ਹੋਰ ਨੰਬਰ ਵੀ ਦੇਖ ਸਕਦੇ ਹੋ ?

..............................................................................................

..............................................................................................

ਪ੍ਰਸ਼ਨ 7. ਕੀ ਦੋ ਨੋਟਾਂ ਦਾ ਇੱਕੋ ਨੰਬਰ ਹੋ ਸਕਦਾ ਹੈ ?

..............................................................................................

..............................................................................................

ਪ੍ਰਸ਼ਨ 8. ਭਾਰਤ ਦੇ ਕਰੰਸੀ ਨੋਟ ਉੱਪਰ ਲਿਖੇ ਬੈਂਕ ਦਾ ਨਾਮ ਲਿਖੋ ?

..............................................................................................

..............................................................................................

ਪਾਠ - 21

# ਇਮਾਰਤਾਂ ਅਤੇ ਪੁਲ਼

ਰਾਜੂ ਗਰਮੀ ਦੀਆਂ ਛੁੱਟੀਆਂ ਵਿੱਚ ਆਪਣੇ ਦਾਦਾ ਜੀ ਨਾਲ ਅੰਮ੍ਰਿਤਸਰ ਤੋਂ ਤਾਜ ਮਹਿਲ ਦੇਖਣ ਲਈ ਦਿੱਲੀ ਵਿੱਚੋਂ ਹੁੰਦਾ ਹੋਇਆ ਆਗਰਾ ਜਾ ਰਿਹਾ ਸੀ। ਉਹ ਰੇਲ ਗੱਡੀ ਦੇ ਡੱਬੇ ਵਿੱਚ ਖਿੜਕੀ ਵਾਲੇ ਪਾਸੇ ਸੀਟ 'ਤੇ ਬੈਠ ਗਿਆ। ਰੇਲ ਗੱਡੀ ਉੱਚੀ-ਉੱਚੀ ਹਾਰਨ ਮਾਰਦੀ ਛੁੱਕ-ਛੁੱਕ ਕਰਦੀ ਚੱਲ ਪਈ। ਰਾਜੂ ਵੰਨ-ਸੁਵੰਨੇ ਨਜ਼ਾਰੇ ਦੇਖ ਕੇ ਬਹੁਤ ਖੁਸ਼ ਹੋ ਰਿਹਾ ਸੀ। ਉਹ ਰਸਤੇ ਵਿੱਚ ਛੋਟੇ-ਛੋਟੇ ਪਿੰਡ, ਵੱਡੇ-ਵੱਡੇ ਸ਼ਹਿਰ, ਛੋਟੀਆਂ-ਵੱਡੀਆਂ ਇਮਾਰਤਾਂ, ਨਹਿਰਾਂ, ਨਦੀਆਂ ਅਤੇ ਲੰਬੇ-ਲੰਬੇ ਪੁਲ਼ ਦੇਖ ਕੇ ਬਹੁਤ ਹੈਰਾਨ ਹੋ ਰਿਹਾ ਸੀ।

ਅਚਾਨਕ ਇੱਕ ਵੱਡੀ ਸ਼ੀਸ਼ਿਆਂ ਵਾਲੀ ਇਮਾਰਤ ਵੇਖ ਕੇ ਕਿ ਉਸਨੇ ਦਾਦਾ ਜੀ ਤੋਂ ਪੁੱਛਿਆ ਕਿ ਕੀ ਇਹ ਇੰਨੀ ਵੱਡੀ ਇਮਾਰਤ ਇੱਕ ਆਦਮੀ ਨੇ ਬਣਾਈ ਹੈ ?





ਦਾਦਾ ਜੀ ਨੇ ਦੱਸਿਆ ਕਿ ਕਿਸੇ ਵੀ ਇਮਾਰਤ ਨੂੰ ਬਣਾਉਣ ਲਈ ਬਹੁਤ ਸਾਰੇ ਹੁਨਰਮੰਦ ਵਿਅਕਤੀਆਂ ਦੀ ਜ਼ਰੂਰਤ ਹੁੰਦੀ ਹੈ, ਜਿੰਨ੍ਹਾਂ ਨੂੰ ਕਾਰੀਗਰ ਕਿਹਾ ਜਾਂਦਾ ਹੈ।

ਰਾਜੂ — ਦਾਦਾ ਜੀ ਮੈਨੂੰ ਇਮਾਰਤ ਬਣਾਉਣ ਵਾਲੇ ਸਾਰੇ ਕਾਰੀਗਰਾਂ ਬਾਰੇ ਦੱਸੋ ?

ਦਾਦਾ ਜੀ—ਬੇਟਾ! ਲੈ ਸੁਣ, ਮੈਂ ਇਮਾਰਤ ਬਣਾਉਣ ਵਾਲੇ ਹਰੇਕ ਕਾਰੀਗਰ ਬਾਰੇ ਦੱਸਦਾ ਹਾਂ।"

1. ਨਕਸ਼ਾ ਨਵੀਸ/ਆਰਕੀਟੈਕਟ (Architect)— ਇਹ ਇੱਕ ਇੰਜੀਨੀਅਰ ਹੁੰਦਾ ਹੈ। ਇਹ ਇੱਕ ਕਾਗਜ਼ ਉੱਪਰ ਡਰਾਇੰਗ ਕਰਕੇ ਅਤੇ ਰੰਗ ਭਰ ਕੇ ਇਮਾਰਤ ਦਾ ਨਕਸ਼ਾ ਬਣਾਉਂਦਾ

ਹੈ। ਅੱਜ-ਕੱਲ੍ਹ ਇਹ ਕੰਮ ਕੰਪਿਊਟਰ ਦੀ ਮਦਦ ਨਾਲ ਵੀ ਕੀਤਾ ਜਾਂਦਾ ਹੈ। ਆਰਕੀਟੈਕਟ ਇਮਾਰਤ ਮੁਕੰਮਲ ਹੋਣ ਤੱਕ ਬਾਕੀ ਕਾਰੀਗਰਾਂ ਨੂੰ ਸੇਧ ਦਿੰਦਾ ਹੈ।

**2. ਰਾਜ ਮਿਸਤਰੀ (Mason)**—ਇਹ ਇਮਾਰਤ ਬਣਾਉਣ ਲਈ ਇੱਟਾਂ ਦੀ ਚਿਣਾਈ, ਪਲਸਤਰ, ਫਰਸ਼ ਉੱਤੇ ਪੱਥਰ ਅਤੇ ਟਾਇਲਾਂ ਲਗਾਉਣ ਦਾ ਕੰਮ ਕਰਦਾ ਹੈ। ਇਹ ਕਰੰਡੀ, ਹਥੌੜੀ, ਤੇਸੀ, ਸਾਲ੍ਹ, ਕਟਰ ਆਦਿ ਸੰਦਾਂ ਦੀ ਵਰਤੋਂ ਕਰਦਾ ਹੈ।

**3. ਮਜ਼ਦੂਰ (Labourer)**—ਇਹ ਵਿਅਕਤੀ ਇਮਾਰਤ ਬਣਾਉਣ ਵਿੱਚ ਅਹਿਮ ਰੋਲ ਅਦਾ ਕਰਦੇ ਹਨ। ਇਹ ਹਰ ਤਰ੍ਹਾਂ ਦੇ ਕਾਰੀਗਰਾਂ ਦੀ ਮਦਦ ਕਰਦੇ ਹਨ। ਇਹ ਉਹਨਾਂ ਨੂੰ ਔਜ਼ਾਰ (ਸੰਦ), ਇੱਟਾਂ ਸੀਮਿੰਟ, ਬੱਜਰੀ ਅਤੇ ਰੇਤਾ ਆਦਿ ਫੜਾਉਂਦੇ ਹਨ।

**4. ਇਲੈਕਟ੍ਰੀਸ਼ੀਅਨ (Electrician)**— ਇਹ ਇਮਾਰਤ ਵਿੱਚ ਬਿਜਲੀ ਦੀਆਂ ਤਾਰਾਂ ਅਤੇ ਸਵਿੱਚਾਂ ਆਦਿ ਦੀ ਫਿਟਿੰਗ ਕਰਦਾ ਹੈ, ਤਾਂ ਜੋ ਪੱਖੇ, ਏਅਰ ਕੰਡੀਸ਼ਨ, ਬਲਬ, ਫਰਿੱਜ, ਟੈਲੀਵਿਜ਼ਨ ਆਦਿ ਸਹੀ ਢੰਗ ਨਾਲ ਚਲਦੇ ਰਹਿਣ।

ਇਹ ਟੈਸਟਿੰਗ ਪੈੱਨ, ਪਲਾਸ,ਪੇਚਕਸ ਅਤੇ ਡਰਿੱਲ ਮਸ਼ੀਨ ਆਦਿ ਸੰਦਾਂ ਦੀ ਵਰਤੋਂ ਕਰਦਾ ਹੈ।

**5. ਪਲੰਬਰ (Plumber)** —ਇਹ ਇਮਾਰਤ ਵਿੱਚ ਪਾਣੀ ਦੀਆਂ ਟੂਟੀਆਂ ਅਤੇ ਗੰਦੇ ਪਾਣੀ ਦੇ ਨਿਕਾਸ ਲਈ ਪਾਈਪਾਂ ਪਾਉਂਦਾ ਹੈ। ਇਹ ਰੈਂਚ, ਡਰਿੱਲ ਮਸ਼ੀਨ, ਪਲਾਸ, ਕਟਰ ਆਦਿ ਦੀ ਵਰਤੋਂ ਕਰਦਾ ਹੈ।

**6. ਤਰਖਾਣ (Carpenter)**— ਇਹ ਇਮਾਰਤ ਵਿੱਚ ਲੱਕੜ ਦੇ ਦਰਵਾਜ਼ੇ, ਸ਼ੀਸ਼ੇ ਅਤੇ ਜਾਲ਼ੀ ਵਾਲ਼ੀਆਂ ਖਿੜਕੀਆਂ, ਕੱਪ-ਬੋਰਡ, ਬੈੱਡ ਅਤੇ ਸੋਫ਼ਾ ਬਣਾਉਂਦਾ ਹੈ। ਅੱਜ-ਕੱਲ੍ਹ ਲੱਕੜੀ ਦੀ ਥਾਂ ਐਲੂਮੀਨੀਅਮ ਅਤੇ ਪਲਾਸਟਿਕ ਦੀ ਵਰਤੋਂ ਹੋਣ ਲੱਗ ਪਈ ਹੈ। ਇਹ ਆਰੀ, ਹਥੌੜੀ, ਰੰਦਾ ਅਤੇ ਮਾਪਣ-ਫੀਤੇ ਦੀ ਵਰਤੋਂ ਕਰਦਾ ਹੈ।

**7. ਪੇਂਟਰ (Painter)**— ਇਹ ਰੰਗ-ਰੋਗਨ ਕਰਕੇ ਇਮਾਰਤ ਨੂੰ ਅੰਦਰੋਂ-ਬਾਹਰੋਂ ਸੁੰਦਰ ਬਣਾਉਂਦਾ ਹੈ। ਇਹ ਆਮ ਤੌਰ ਤੇ ਬੁਰਸ਼ ਅਤੇ ਰੋਲਰ ਦੀ ਮਦਦ ਨਾਲ਼ ਰੰਗ ਕਰਦਾ ਹੈ।

**ਕਿਰਿਆ-1 :** ਹੇਠਾਂ ਦਿੱਤੇ ਚਿੱਤਰ ਵੇਖ ਕੇ ਵੱਖ ਵੱਖ ਕਾਰੀਗਰਾਂ ਦੇ ਨਾਂ ਲਿਖੋ।











ਰਾਜੂ—ਦਾਦਾ ਜੀ, ਇਸ ਤਰ੍ਹਾਂ ਤਾਂ ਇਮਾਰਤ ਬਣਾਉਣ ਵਿੱਚ ਬਹੁਤ ਸਾਰੇ ਸਮਾਨ ਦੀ ਵਰਤੋਂ ਵੀ ਹੁੰਦੀ ਹੋਵੇਗੀ ?

ਦਾਦਾ ਜੀ—"ਹਾਂ ਬੇਟਾ, ਇਮਾਰਤ ਬਣਾਉਣ ਲਈ ਇੱਟਾਂ, ਮਿੱਟੀ, ਪਾਣੀ, ਸੀਮਿੰਟ, ਰੇਤ, ਬੱਜਰੀ, ਲੋਹਾ, ਸਟੀਲ, ਪੱਥਰ ਅਤੇ ਲੱਕੜੀ ਦੀ ਜ਼ਰੂਰਤ ਪੈਂਦੀ ਹੈ।"

## ਇੱਟਾਂ (Bricks)

ਰਾਜੂ—'ਦਾਦਾ ਜੀ, ਇੰਨੀਆਂ ਇੱਟਾਂ ਕਿਵੇਂ ਬਣਦੀਆਂ ਹਨ ?"

ਦਾਦਾ ਜੀ—"ਬੇਟਾ, ਇਮਾਰਤ ਬਣਾਉਣ ਦੇ ਲਈ ਇੱਟ ਦੀ ਸਭ ਤੋਂ ਵੱਧ ਜ਼ਰੂਰਤ ਪੈਂਦੀ ਹੈ। ਪੁਰਾਣੇ ਸਮੇਂ ਵਿੱਚ ਕੱਚੇ ਘਰ ਕੱਚੀਆਂ ਇੱਟਾਂ ਨਾਲ਼ ਬਣਦੇ ਸਨ। ਹੁਣ ਪੱਕੇ ਘਰ ਪੱਕੀਆਂ ਇੱਟਾਂ ਨਾਲ਼ ਬਣਦੇ ਹਨ। ਇੱਟਾਂ ਬਣਾਉਣ ਲਈ ਸਭ ਤੋਂ ਪਹਿਲਾਂ ਬਰੀਕ ਮਿੱਟੀ ਨੂੰ ਪਾਣੀ ਨਾਲ ਗੁੰਨ੍ਹ ਲਿਆ ਜਾਂਦਾ ਹੈ। ਫਿਰ ਇਸ ਨਰਮ ਮਿੱਟੀ ਨੂੰ ਸਾਂਚੇ ਵਿੱਚ ਪਾ ਕੇ ਕੱਚੀਆਂ ਇੱਟਾਂ ਬਣਾ ਲਈਆਂ ਜਾਂਦੀਆਂ ਹਨ। ਇਹਨਾਂ ਨੂੰ ਚੰਗੀ ਤਰ੍ਹਾਂ ਧੁੱਪ ਵਿੱਚ ਸੁਕਾਉਣ ਤੋਂ ਬਾਅਦ ਕਿਸੇ ਬੰਦ ਭੱਠੀ ਵਿੱਚ ਬਹੁਤ ਉੱਚੇ ਤਾਪਮਾਨ 'ਤੇ ਗਰਮ ਕੀਤਾ ਜਾਂਦਾ ਹੈ।



1. ਸਾਂਚਾ



2. ਕੱਚੀਆਂ ਇੱਟਾਂ ਬਣਾਉਂਦੇ ਹੋਏ



3. ਇੱਟਾਂ ਨੂੰ ਪਕਾਉਣ ਵਾਲਾ ਭੱਠਾ

ਗਰਮ ਕਰਨ 'ਤੇ ਇੱਟ ਵਿਚਲਾ ਪਾਣੀ ਉੱਡ ਜਾਂਦਾ ਹੈ ਅਤੇ ਮਿੱਟੀ ਦੇ ਕਣ ਆਪਸ ਵਿੱਚ ਜੁੜ

ਕੇ ਸਖ਼ਤ ਅਤੇ ਮਜ਼ਬੂਤ ਇੱਟ ਬਣਾਉਂਦੇ ਹਨ। ਭੱਠੇ ਵਿੱਚ ਇੱਟਾਂ ਨੂੰ ਪਕਾਉਣ ਲਈ ਕੋਲੇ ਦੀ ਵਰਤੋਂ ਕੀਤੀ ਜਾਂਦੀ ਹੈ, ਜਿਸ ਵਿੱਚੋਂ ਨਿਕਲਦੇ ਜ਼ਹਿਰੀਲੇ ਧੂੰਏ ਕਾਰਨ ਹਵਾ ਪ੍ਰਦੂਸ਼ਿਤ ਹੋ ਜਾਂਦੀ ਹੈ। ਇਸ ਲਈ ਭੱਠਿਆਂ ਦੇ ਆਲੇ-ਦੁਆਲੇ ਵੱਡੀ ਗਿਣਤੀ ਵਿੱਚ ਦਰੱਖ਼ਤ ਲਗਾਏ ਜਾਂਦੇ ਹਨ ਤਾਂ ਜੋ ਹਵਾ ਦਾ ਪ੍ਰਦੂਸ਼ਣ ਘੱਟ ਹੋ ਸਕੇ। ਅੱਜ-ਕੱਲ੍ਹ ਭੱਠੇ ਦੀਆਂ ਇੱਟਾਂ ਦੇ ਬਦਲ ਵਜੋਂ ਸੀਮਿੰਟ ਦੀਆਂ ਇੱਟਾਂ ਦੀ ਵਰਤੋਂ ਹੋਣ ਲੱਗ ਪਈ ਹੈ।"

**ਕਿਰਿਆ 2 :** ਆਓ ਖੇਡੀਏ!



1. ਤੀਲੀਆਂ ਵਾਲੀ ਡੱਬੀ ਲਵੋ।



2. ਉਸ ਦਾ ਤਲ ਧਿਆਨ ਨਾਲ ਕੱਟ ਕੇ ਬਾਹਰ ਕੱਢ ਦਿਓ। ਸਾਡਾ ਸਾਂਚਾ ਤਿਆਰ ਹੈ।



3. ਹੁਣ ਮਿੱਟੀ ਨੂੰ ਗੁੰਨ੍ਹ ਲਵੋ।



4. ਸਾਂਚੇ ਵਿੱਚ ਮਿੱਟੀ ਭਰੋ। ਖਿਡੌਣਾ ਇੱਟ ਤਿਆਰ ਹੈ।



5. ਇਸਨੂੰ ਧੁੱਪ ਵਿੱਚ ਥੱਪ ਦਿਓ। ਇਸ ਨੂੰ ਸੁੱਕਣ ਦੇਵੋ।



6. ਇਹਨਾਂ ਇੱਟਾਂ ਨਾਲ ਇੱਕ ਖਿਡੌਣਾ ਘਰ ਤਿਆਰ ਕਰੋ।

**ਸੀਮਿੰਟ (Cement)** —ਇਹ ਜਿਪਸਮ ਤੋਂ ਬਣਿਆ ਇੱਕ ਬਰੀਕ ਪਾਊਡਰ ਹੁੰਦਾ ਹੈ। ਜਦੋਂ ਇਸਨੂੰ ਰੇਤ ਅਤੇ ਪਾਣੀ ਨਾਲ ਮਿਲਾ ਕੇ ਇੱਟਾਂ ਨਾਲ਼ ਲਗਾਇਆ ਜਾਂਦਾ ਹੈ ਤਾਂ ਇਹ ਦੀਵਾਰ ਨੂੰ ਮਜ਼ਬੂਤ ਬਣਾ ਦਿੰਦਾ ਹੈ। ਸੀਮਿੰਟ, ਬੱਜਰੀ, ਰੇਤ ਅਤੇ ਪਾਣੀ ਦੇ ਘੋਲ ਨੂੰ **ਕੰਕਰੀਟ** ਕਿਹਾ ਜਾਂਦਾ ਹੈ। ਇਹ ਕੁੱਝ ਦੇਰ ਰੱਖਣ ਤੋਂ ਬਾਅਦ ਸਖ਼ਤ ਹੋ ਜਾਂਦਾ ਹੈ। ਇਸ ਦੀ ਵਰਤੋਂ ਫਰਸ਼, ਥੰਮਲੇ ਅਤੇ

ਇਮਾਰਤ ਦੀਆਂ ਛੱਤਾਂ ਬਣਾਉਣ ਲਈ ਕੀਤੀ ਜਾਂਦੀ ਹੈ। ਲੋਹੇ ਦੇ ਸਰੀਏ ਪਾਉਣ ਨਾਲ ਇਹ ਹੋਰ ਵੀ ਮਜ਼ਬੂਤ ਹੋ ਜਾਂਦਾ ਹੈ।

**ਪ੍ਰਸ਼ਨ 1. ਪੱਕੀ ਇਮਾਰਤ ਬਣਾਉਣ ਲਈ ਵਰਤੇ ਜਾਂਦੇ ਸਮਾਨ ਦੀ ਸੂਚੀ ਬਣਾਉ ?**

..............................................................................................

..............................................................................................

**ਪ੍ਰਸ਼ਨ 2. ਰਾਜ-ਮਿਸਤਰੀ ਕੀ-ਕੀ ਕੰਮ ਕਰਦਾ ਹੈ ?**

..............................................................................................

..............................................................................................

**ਪ੍ਰਸ਼ਨ 3. ਭੱਠਿਆਂ ਦੇ ਧੂੰਏ ਨਾਲ ਵੱਧ ਰਹੇ ਹਵਾ ਪ੍ਰਦੂਸ਼ਣ ਨੂੰ ਕਿਵੇਂ ਰੋਕਿਆ ਜਾ ਸਕਦਾ ਹੈ**

..............................................................................................

..............................................................................................

**ਪ੍ਰਸ਼ਨ 4. ਸਹੀ ਉੱਤਰ 'ਤੇ (✓) ਦਾ ਨਿਸ਼ਾਨ ਲਗਾਉ।**

(ੳ) ਰਾਜ ਮਿਸਤਰੀ ਕੰਧ ਨੂੰ ਸਿੱਧਾ ਦੇਖਣ ਲਈ ਕਿਸ ਸੰਦ ਦੀ ਵਰਤੋਂ ਕਰਦਾ ਹੈ ?

ਤੇਸੀ ☐ ਸਾਲ੍ਹ ☐ ਫੀਤਾ ☐

ਕਰੰਡੀ ☐

(ਅ) ਸੀਮਿੰਟ, ਬਜਰੀ, ਰੇਤੇ ਅਤੇ ਪਾਣੀ ਦੇ ਘੋਲ ਨੂੰ ਕੁੱਝ ਦੇਰ ਰੱਖਣ ਤੇ ਕੀ ਹੁੰਦਾ ਹੈ ?

ਕਮਜ਼ੋਰ ☐ ਨਰਮ ☐ ਸਖ਼ਤ ☐

ਭੁਰ-ਭੁਰਾ ☐

(ੲ) ਬਿਜਲੀ ਦਾ ਮਕੈਨਿਕ ਕਰੰਟ ਦੀ ਜਾਂਚ ਲਈ ਕਿਸ ਉਪਕਰਨ ਦੀ ਵਰਤੋਂ ਕਰਦਾ ਹੈ ?

ਪਲਾਸ ☐ ਟੈਸਟ ਪੈਨੱ ☐ ਪੇਚਕਸ ☐

ਬਲਬ ☐

(ਸ) ਇੱਟਾਂ ਕਿਸ ਤੋਂ ਬਣਾਈਆਂ ਜਾਂਦੀਆਂ ਹਨ ?

ਗਿੱਲੀ ਮਿੱਟੀ ☐ ਰੇਤ ☐ ਘਾਹ-ਫੂਸ ☐

ਧੂੜ ☐

**ਪੁਲ਼ (Bridges)** —ਤੇਜ਼ ਗਤੀ ਨਾਲ ਚਲਦੀ ਰੇਲ ਗੱਡੀ ਅਚਾਨਕ ਇੱਕ ਨਦੀ ਦੇ ਪੁਲ਼ ਉੱਤੋਂ ਲੰਘਦੀ ਹੋਈ ਹੌਲੀ ਹੋ ਗਈ। ਰਾਜੂ ਲੋਹੇ ਦੇ ਜਾਲ਼ ਤੋਂ ਬਣਿਆ ਇੰਨਾ ਵੱਡਾ ਅਤੇ ਲੰਮਾ ਪੁਲ਼ ਦੇਖ ਕੇ ਹੈਰਾਨ ਹੋ ਗਿਆ।

**ਰਾਜੂ—** ਦਾਦਾ ਜੀ, ਪੁਲ਼ ਕਿਉਂ ਬਣਾਏ ਜਾਂਦੇ ਹਨ ?

**ਦਾਦਾ ਜੀ—** ਆਵਾਜਾਈ ਦੇ ਲਈ ਨਦੀ, ਨਾਲ਼ੇ, ਦਰਿਆ, ਝੀਲ ਦੇ ਦੋ ਕਿਨਾਰਿਆਂ ਨੂੰ ਆਪਸ ਵਿੱਚ ਜੋੜਨ ਲਈ ਪੁਲ਼ ਬਣਾਏ ਜਾਂਦੇ ਹਨ। ਕੀ ਤੂੰ ਪਹਿਲਾਂ ਕਦੀ ਪੁਲ਼ ਦੇਖਿਆ ਹੈ ?

**ਰਾਜੂ**—ਹਾਂ ਦਾਦਾ ਜੀ, ਮੈਂ ਪੁਲ਼ ਦੇਖਿਆ ਹੈ, ਘਰ ਤੋਂ ਸਕੂਲ ਦੇ ਰਸਤੇ ਵਿੱਚਕਾਰ ਆਉਂਦੀ ਨਹਿਰ 'ਤੇ ਪੁਲ਼ ਬਣਿਆ ਹੋਇਆ ਹੈ। ਦਾਦਾ ਜੀ ਸਾਡੇ ਦੇਸ਼ ਵਿੱਚ ਵੱਖ-ਵੱਖ ਕਿਸਮ ਦੇ ਪੁਲ਼ ਕਿਉਂ ਬਣਾਏ ਜਾਂਦੇ ਹਨ ?

**ਦਾਦਾ ਜੀ**—ਪੁੱਤਰ, ਸਾਡੇ ਦੇਸ਼ ਦੀ ਧਰਤੀ ਇੱਕ ਸਮਾਨ ਨਹੀਂ ਹੈ। ਇੱਥੇ ਜ਼ਮੀਨ ਉੱਚੀ-ਨੀਵੀਂ, ਪਹਾੜੀ ਅਤੇ ਨਦੀਆਂ ਵਾਲ਼ੀ ਹੈ। ਇਸ ਲਈ ਆਵਾਜਾਈ ਨੂੰ ਜਾਰੀ ਰੱਖਣ ਲਈ ਇੱਥੇ ਵੱਖੋ-ਵੱਖਰੇ ਪੁਲ਼ਾਂ ਦੀ ਜ਼ਰੂਰਤ ਪੈਂਦੀ ਹੈ।

ਉਹਨਾਂ ਦੇ ਕੋਲ ਬੈਠੇ ਇੱਕ ਆਦਮੀ ਨੇ ਆਪਣੇ ਮੋਬਾਇਲ ਦੇ ਸਰਚ ਟੂਲ ਵਿੱਚ ਜਾ ਕੇ ਵੱਖੋ-ਵੱਖਰੇ ਪੁਲ਼ਾਂ ਦੀਆਂ ਫੋਟੋਆਂ ਸਮੇਤ ਰਾਜੂ ਅਤੇ ਦਾਦਾ ਜੀ ਨੂੰ ਵਿਸਥਾਰ ਨਾਲ ਜਾਣਕਾਰੀ ਦਿੱਤੀ।


**ਬਾਂਸ ਦਾ ਪੁਲ਼ (Bamboo bridge)** —ਇਸ ਤਰ੍ਹਾਂ ਦੇ ਪੁਲ਼ ਪਹਾੜੀ ਖੇਤਰਾਂ ਵਿੱਚ ਆਮ ਲੋਕਾਂ ਦੁਆਰਾ ਬਣਾਏ ਜਾਂਦੇ ਹਨ। ਇਹ ਪੁਲ਼ ਛੋਟੇ-ਛੋਟੇ ਨਾਲ਼ਿਆਂ ਅਤੇ ਪਹਾੜੀਆਂ ਨੂੰ ਪਾਰ ਕਰਨ ਲਈ ਸਹਾਈ ਹੁੰਦੇ ਹਨ। ਇਹ ਬਾਂਸ ਅਤੇ ਰੱਸਿਆਂ ਦੀ ਮਦਦ ਨਾਲ ਬਣਾਏ ਜਾਂਦੇ ਹਨ। ਇਹਨਾਂ ਪੁਲ਼ਾਂ ਨੂੰ ਕਿਨਾਰਿਆਂ ਤੋਂ ਦਰੱਖਤਾਂ ਨਾਲ ਬੰਨ੍ਹਿਆ ਜਾਂਦਾ ਹੈ। ਇਹ ਪੈਦਲ ਆਵਾਜਾਈ ਲਈ ਹੀ ਬਣਾਏ ਜਾਂਦੇ ਹਨ। ਅਜਿਹੇ ਪੁਲ਼ ਅਸਾਮ ਵਿੱਚ ਮਿਲ਼ਦੇ ਹਨ।



**ਪੱਥਰਾਂ ਦਾ ਪੁਲ਼ (Clapper bridge) —** ਇਸ ਤਰ੍ਹਾਂ ਦੇ ਪੁਲ਼ ਨੂੰ ਬਣਾਉਣ ਲਈ ਕੁੱਝ ਪੱਥਰਾਂ ਨੂੰ ਬੀਮ ਅਤੇ ਕੁੱਝ ਨੂੰ ਥਮਲਿਆਂ ਦੀ ਤਰ੍ਹਾਂ ਦੂਜੇ ਪੱਥਰਾਂ ਉੱਪਰ ਰੱਖਿਆ ਜਾਂਦਾ ਹੈ ਤਾਂ ਜੋ ਪਾਣੀ ਵੀ ਵਗਦਾ ਰਹੇ ਅਤੇ ਆਵਾਜਾਈ ਵੀ ਚਲਦੀ ਰਹੇ। ਇਸ ਤਰ੍ਹਾਂ ਦੇ ਪੁਰਾਣੇ ਪੁਲ਼ ਇੰਗਲੈਂਡ ਵਿੱਚ ਮਿਲਦੇ ਹਨ।



**ਚਾਪ ਵਾਲਾ ਪੁਲ਼ (Concrete Arch bridge) —** ਇਸ ਤਰ੍ਹਾਂ ਦੇ ਪੁਲ਼ ਸੀਮਿੰਟ, ਚੂਨੇ ਅਤੇ ਇੱਟਾਂ ਦੀ ਮਦਦ ਨਾਲ ਬਣਾਏ ਜਾਂਦੇ ਹਨ। ਇਹਨਾਂ ਨੂੰ ਇਮਾਰਤ ਦੀ ਛੱਤ ਦੀ ਡਾਟ ਵਾਂਗ ਬਣਾਇਆ ਜਾਂਦਾ ਹੈ। ਇਹ ਸਭ ਤੋਂ ਪੁਰਾਣੇ ਪੁਲ਼ ਹਨ। ਬਿਹਾਰ ਦੀ ਰਾਜਧਾਨੀ ਪਟਨੇ ਵਿੱਚ ਬਣਿਆ ਮਹਾਤਮਾ ਗਾਂਧੀ ਸੇਤੂ ਇੱਕ ਚਾਪ ਪੁਲ਼ ਹੈ।



**ਲਟਕਦਾ ਪੁਲ਼ (Suspension Bridge) —** ਇਸ ਤਰ੍ਹਾਂ ਦੇ ਪੁਲ਼ ਸਟੀਲ ਦੀਆਂ ਮੋਟੀਆਂ ਤਾਰਾਂ ਨਾਲ ਬਣਾਏ ਜਾਂਦੇ ਹਨ। ਤਾਰਾਂ ਨੂੰ ਸਹਾਰਾ ਦੇਣ ਲਈ ਪੁਲ਼ ਦੇ ਦੋਵੇਂ ਪਾਸੇ ਮਜ਼ਬੂਤ ਖੰਭੇ ਲਗਾਏ ਜਾਂਦੇ ਹਨ। ਸਾਰੇ ਪੁਲ਼ ਦਾ ਭਾਰ ਇਹਨਾਂ ਖੰਭਿਆਂ ਉੱਤੇ ਹੀ ਹੁੰਦਾ ਹੈ। ਇਸ ਤਰ੍ਹਾਂ ਦਾ ਪੁਲ਼ ਉੱਤਰ ਪ੍ਰਦੇਸ਼ ਦੇ ਅਲਾਹਾਬਾਦ ਵਿੱਚ ਯਮੁਨਾ ਨਦੀ 'ਤੇ ਬਣਿਆ ਹੋਇਆ ਹੈ।



**ਘੁਮਾਵਦਾਰ ਪੁਲ਼ (Movable bridge) —** ਇਸ ਤਰ੍ਹਾਂ ਦੇ ਪੁਲ਼ ਉੱਪਰ ਅਤੇ ਹੇਠਾਂ ਵੱਲ ਘੁੰਮ ਸਕਦੇ ਹਨ। ਇਹ ਦੋ ਹਿੱਸਿਆਂ ਵਿੱਚ ਹੋ ਸਕਦੇ ਹਨ। ਨਦੀਆਂ ਵਿੱਚੋਂ ਜ਼ਹਾਜ਼ ਅਤੇ ਕਿਸ਼ਤੀਆਂ ਲੰਘਾਉਣ ਲਈ ਪੁਲ਼ ਦੇ ਹਿੱਸਿਆਂ ਨੂੰ ਉੱਪਰ ਚੁੱਕ ਦਿੱਤਾ ਜਾਂਦਾ ਹੈ। ਜਹਾਜ਼ ਦੇ ਲੰਘਣ ਤੋਂ ਬਾਅਦ ਪੁਲ਼ ਦੇ ਹਿੱਸਿਆਂ ਨੂੰ ਹੇਠਾਂ ਕਰ ਦਿੱਤਾ ਜਾਂਦਾ ਹੈ ਤਾਂ ਜੋ ਆਵਾਜਾਈ ਸ਼ੁਰੂ ਹੋ ਸਕੇ। ਤਮਿਲਨਾਡੂ ਦੇ ਰਾਮੇਸ਼ਵਰਮ ਵਿੱਚ ਪਮਬੰਨ ਪੁਲ਼ ਇਸੇ ਤਰ੍ਹਾਂ ਦਾ ਹੈ।



ਪਨਟੂਨ ਪੁਲ਼ (Pontoon bridge)—ਇਸ ਤਰ੍ਹਾਂ ਦਾ ਪੁਲ਼ ਬਹੁਤ ਸਾਰੇ ਖਾਲੀ ਡਰੰਮਾਂ ਨੂੰ ਜੋੜ ਕੇ ਬਣਾਇਆ ਜਾਂਦਾ ਹੈ। ਡਰੰਮਾਂ ਦੇ ਉੱਪਰ ਲੱਕੜ ਦੇ ਫੱਟੇ ਰੱਖ ਕੇ ਹਲਕੀ ਆਵਾਜਾਈ ਸ਼ੁਰੂ ਕੀਤੀ ਜਾਂਦੀ ਹੈ। ਇਹ ਆਮ ਤੌਰ 'ਤੇ ਹੜ੍ਹਾਂ ਦੇ ਦਿਨਾਂ ਵਿੱਚ ਲੋਕਾਂ ਲਈ ਫੌਜ ਵੱਲੋਂ ਬਣਾਏ ਜਾਂਦੇ ਹਨ।



ਬਰੈਕਟ ਪੁਲ਼ (Cantilever bridge)—ਇਹ ਪੁਲ਼ ਲੋਹੇ ਦੀਆਂ ਬਰੈਕਟਾਂ ਨੂੰ ਜੋੜ ਕੇ ਬਣਾਇਆ ਹੁੰਦਾ ਹੈ। ਇਹਨਾਂ ਬ੍ਰੈਕਟਾਂ ਨੂੰ ਸਿਰਫ਼ ਸਿਰਿਆਂ 'ਤੇ ਹੀ ਸਹਾਰਾ ਦਿੱਤਾ ਜਾਂਦਾ ਹੈ। ਰੇਲਵੇ ਦੇ ਪੁਲ਼ ਇਸੇ ਤਰੀਕੇ ਨਾਲ ਬਣੇ ਹੁੰਦੇ ਹਨ। ਹਾਵੜਾ ਪੁਲ਼ ਵੀ ਬਰੈਕਟ ਪੁਲ਼ ਹੈ।



ਸੁਰੰਗ (Tunnel)— ਪਹਾੜੀ ਖੇਤਰਾਂ ਵਿੱਚ ਆਮ ਤੌਰ ਤੇ ਪਹਾੜਾਂ ਨੂੰ ਵਿਚਕਾਰ ਤੋਂ ਕੱਟ ਕੇ ਆਵਾਜਾਈ ਦੇ ਲਈ ਆਰ-ਪਾਰ ਗੁਫ਼ਾ ਬਣਾਈ ਜਾਂਦੀ ਹੈ। ਜੰਮੂ-ਕਸ਼ਮੀਰ ਵਿੱਚ ਬਣੀ ਹੋਈ ਜਵਾਹਰ ਸੁਰੰਗ (Jawahar Tunnel) ਦੀ ਲੰਬਾਈ 2850 ਮੀਟਰ ਹੈ।



ਰਾਜੂ ਖੁਸ਼ ਹੋ ਗਿਆ। ਦਾਦਾ ਜੀ ਨੇ ਉਸ ਭਲੇ ਆਦਮੀ ਦਾ ਇਸ ਜਾਣਕਾਰੀ ਲਈ ਧੰਨਵਾਦ ਕੀਤਾ।

ਰਾਜੂ—ਅੰਕਲ! ਸਾਡੀ ਇਮਾਰਤ ਦੀ ਨਾਲ਼ੀ ਤੇ ਬਣੀ ਛੋਟੀ ਪੁਲ਼ੀ ਵੀ ਸਾਡੇ ਲਈ ਪੁਲ਼ ਦਾ ਹੀ ਕੰਮ ਕਰਦੀ ਹੈ। ਮੈਂ ਤੁਹਾਡੇ ਦੁਆਰਾ ਦਿੱਤੀ ਜਾਣਕਾਰੀ ਆਪਣੇ ਦੋਸਤਾਂ ਅਤੇ ਮਾਤਾ-ਪਿਤਾ ਨਾਲ ਜ਼ਰੂਰ ਸਾਂਝੀ ਕਰਾਂਗਾ।

ਦਾਦਾ ਜੀ, ਆਪਣੇ ਇਮਾਰਤ ਦੇ ਕੋਲ਼ ਵੀ ਸੜਕ ਦੇ ਉੱਪਰ ਇੱਕ ਵੱਡਾ ਪੁਲ਼ ਬਣਿਆ ਹੈ, ਜਦਕਿ ਉੱਥੇ ਤਾਂ ਕੋਈ ਪਾਣੀ ਵੀ ਨਹੀਂ ਵਗਦਾ।

ਦਾਦਾ ਜੀ—ਬੇਟਾ, ਵੱਡੇ ਸ਼ਹਿਰਾਂ ਵਿੱਚ ਆਵਾਜਾਈ ਦੇ ਸਾਧਨਾਂ ਦੀ ਵਧਦੀ ਭੀੜ ਨੂੰ ਨਿਯਮਤ ਕਰਨ ਲਈ ਅਤੇ ਟ੍ਰੈਫਿਕ ਨੂੰ ਘੱਟ ਕਰਨ ਦੇ ਲਈ ਸੜਕਾਂ ਅਤੇ ਰੇਲਵੇ ਲਾਇਨਾਂ ਉੱਪਰ (ਓਵਰ-ਬ੍ਰਿਜ ਜਾਂ ਫਲਾਈ-ਓਵਰ) ਅਤੇ ਜ਼ਮੀਨ ਦੇ ਹੇਠਾਂ ਅੰਡਰ ਬ੍ਰਿਜ ਬਣਾਏ ਗਏ ਹਨ।



ਅੰਡਰ-ਬ੍ਰਿਜ (Under bridge)




ਫਲਾਈ ਓਵਰ ਬ੍ਰਿਜ (Fly over bridge)

5. ਸਹੀ ਮਿਲਾਨ ਕਰੋ—



ਮਿਸਤਰੀ



ਤਰਖਾਣ



ਪੇਂਟਰ



ਨਕਸ਼ਾ-ਨਵੀਸ



ਇਲੈਕਟ੍ਰੀਸ਼ੀਅਨ



ਪਲੰਬਰ

ਕਿਰਿਆ 3—ਆਪਣੀ ਇਮਾਰਤ ਜਾਂ ਸਕੂਲ ਵਿੱਚ ਕਿਆਰੀਆਂ ਦੇ ਉੱਪਰੋਂ ਲੰਘਣ ਲਈ ਇੱਕ ਪੁਲ਼ ਬਣਾਓ। ਇਸ ਪੁਲ਼ ਨੂੰ ਤਿਆਰ ਕਰਨ ਲਈ ਵਰਤੋਂ ਵਿੱਚ ਲਿਆਂਦੇ ਸਮਾਨ ਦੀ ਸੂਚੀ ਬਣਾਓ ?

## ਯਾਦ ਰੱਖਣ ਯੋਗ ਗੱਲਾਂ

- ਇਮਾਰਤ ਬਣਾਉਣ ਲਈ ਇੱਟਾਂ, ਸੀਮਿੰਟ, ਲੋਹਾ ਅਤੇ ਰੇਤ ਦੀ ਜ਼ਰੂਰਤ ਪੈਂਦੀ ਹੈ।
- ਬਹੁਤ ਸਾਰੇ ਮਿਸਤਰੀ ਅਤੇ ਮਜ਼ਦੂਰ ਦਿਨ-ਰਾਤ ਮਿਹਨਤ ਕਰਕੇ ਇਮਾਰਤਾਂ ਅਤੇ ਪੁਲ਼ ਆਦਿ ਤਿਆਰ ਕਰਦੇ ਹਨ।
- ਇੱਟਾਂ ਨੂੰ ਭੱਠਿਆਂ ਵਿੱਚ ਗਰਮ ਕਰਕੇ ਪਕਾਇਆ ਜਾਂਦਾ ਹੈ।
- ਭੱਠਿਆਂ ਵਿੱਚ ਕੋਲ਼ੇ ਦੀ ਵਰਤੋਂ ਨਾਲ ਪੈਦਾ ਹੋਏ ਧੂੰਏ ਕਾਰਨ ਹਵਾ ਪ੍ਰਦੂਸ਼ਿਤ ਹੁੰਦੀ ਹੈ।
- ਪੁਲ਼ ਆਵਾਜਾਈ ਨੂੰ ਜਾਰੀ ਰੱਖਣ ਲਈ ਬਣਾਏ ਜਾਂਦੇ ਹਨ।

ਪ੍ਰਸ਼ਨ 6. ਤੁਸੀਂ ਕਿਹੜੇ-ਕਿਹੜੇ ਪੁਲ਼ ਦੇਖੇ ਹਨ ? ਉਹਨਾਂ ਦੇ ਸਥਾਨ ਦਾ ਨਾਮ ਵੀ ਲਿਖੋ ?

.......................................................................................................

.......................................................................................................

ਪ੍ਰਸ਼ਨ 7. ਫਲਾਈ-ਓਵਰ ਬਣਾਉਣ ਦੀ ਜ਼ਰੂਰਤ ਕਿਉਂ ਪੈਂਦੀ ਹੈ ?

.......................................................................................................

.......................................................................................................

*****

# ਕੰਪਿਊਟਰ ਇੱਕ ਅਨੋਖੀ ਮਸ਼ੀਨ

**ਕੰਪਿਊਟਰ—** ਕੰਪਿਊਟਰ ਇੱਕ ਅਜਿਹੀ ਮਸ਼ੀਨ ਹੈ ਜੋ ਸਾਡੇ ਕੰਮਾਂ ਨੂੰ ਬਹੁਤ ਆਸਾਨ ਬਣਾ ਦਿੰਦਾ ਹੈ। ਬੇਸ਼ੱਕ ਇਹ ਸਾਡੇ ਸਾਰੇ ਕੰਮ ਨਹੀਂ ਕਰ ਸਕਦਾ ਪਰੰਤੂ ਅੱਜ-ਕੱਲ੍ਹ ਬਹੁਤ ਸਾਰੇ ਕੰਮਾਂ ਲਈ ਇਸ ਦੀ ਵਰਤੋਂ ਹੋਣ ਲੱਗੀ ਹੈ।



**ਕੰਪਿਊਟਰ ਇੱਕ ਅਨੋਖੀ ਮਸ਼ੀਨ—**ਭਾਵੇਂ ਕਿ ਕੰਪਿਊਟਰ ਵੀ ਇੱਕ ਮਸ਼ੀਨ ਹੀ ਹੈ ਪਰੰਤੂ ਸਾਡੇ ਦੁਆਰਾ ਵਰਤੀਆਂ ਜਾਂਦੀਆਂ ਬਾਕੀ ਸਾਰੀਆਂ ਮਸ਼ੀਨਾਂ ਨਾਲੋਂ ਇਹ ਸੱਚਮੁੱਚ ਅਨੋਖੀ ਅਤੇ ਸ਼ਾਨਦਾਰ ਹੈ। ਹੇਠਾਂ ਦਰਸਾਈਆਂ ਗਈਆਂ ਵਿਸ਼ੇਸ਼ਤਾਵਾਂ ਇਸ ਨੂੰ ਇੱਕ ਵਿਲੱਖਣ ਮਸ਼ੀਨ ਬਣਾਉਂਦੀਆਂ ਹਨ—



1. ਰਫ਼ਤਾਰ— ਕੰਪਿਊਟਰ ਦੀ ਰਫ਼ਤਾਰ ਬਹੁਤ ਤੇਜ਼ ਹੈ। ਇਸਦੀ ਮਦਦ ਨਾਲ਼ ਅਸੀਂ ਕਈ ਘੰਟਿਆਂ ਵਿੱਚ ਹੋਣ ਵਾਲੇ ਬਹੁਤ ਸਾਰੇ ਕੰਮ ਮਿੰਟਾਂ-ਸਕਿੰਟਾਂ ਵਿੱਚ ਹੀ ਕਰ ਸਕਦੇ ਹਾਂ।



2. ਭਰੋਸੇਯੋਗਤਾ— ਕੰਪਿਊਟਰ ਬਹੁਤ ਹੀ ਭਰੋਸੇਯੋਗ ਮਸ਼ੀਨ ਹੈ। ਇਹ ਸਾਡੇ ਦੁਆਰਾ ਦਿੱਤੀ ਗਈ ਸੂਚਨਾ ਅਨੁਸਾਰ ਸਹੀ ਨਤੀਜੇ ਦਿੰਦਾ ਹੈ।



3. ਯਾਦਦਾਸ਼ਤ— ਕੰਪਿਊਟਰ ਦੀ ਯਾਦਦਾਸ਼ਤ ਬਹੁਤ ਤੇਜ਼ ਹੁੰਦੀ ਹੈ। ਇਹ ਕਿਸੇ ਵੀ ਸਟੋਰ ਕੀਤੀ ਸੂਚਨਾ ਨੂੰ ਕਦੇ ਨਹੀਂ ਭੁੱਲਦਾ। ਇਸ ਵਿੱਚ ਅਸੀਂ ਜਿੰਨਾ ਚਾਹੀਏ ਡਾਟਾ ਸਟੋਰ ਕਰਕੇ ਰੱਖ ਸਕਦੇ ਹਾਂ।



**4. ਬਹੁ-ਗੁਣਤਾ ਅਤੇ ਬਹੁ-ਕਾਰਜਤਾ—** ਇੱਕ ਹੀ ਕੰਪਿਊਟਰ ਅਲੱਗ-ਅਲੱਗ ਤਰ੍ਹਾਂ ਦੇ ਬਹੁਤ ਸਾਰੇ ਕੰਮਾਂ ਨੂੰ ਕਰਨ ਦੇ ਕਾਬਿਲ ਹੈ। ਇਸ ਦੁਆਰਾ ਕੀਤੇ ਜਾਂਦੇ ਕੰਮਾਂ ਦੀ ਸੂਚੀ ਹਰ ਰੋਜ਼ ਲੰਮੀ ਹੁੰਦੀ ਜਾ ਰਹੀ ਹੈ। ਕੰਪਿਊਟਰ ਅਲੱਗ-ਅਲੱਗ ਤਰ੍ਹਾਂ ਦੇ ਬਹੁਤ ਸਾਰੇ ਕੰਮਾਂ ਨੂੰ ਇੱਕੋ ਸਮੇਂ ਕਰ ਸਕਦਾ ਹੈ।



**ਅਧਿਆਪਕ ਲਈ—** ਬਹੁ-ਗੁਣਤਾ ਤੋਂ ਭਾਵ ਅਲੱਗ-ਅਲੱਗ ਕੰਮਾਂ ਨੂੰ ਕਰ ਸਕਣ ਅਤੇ ਬਹੁ-ਕਾਰਜਤਾ ਤੋਂ ਭਾਵ ਬਹੁਤ ਸਾਰੇ ਕੰਮਾਂ ਨੂੰ ਇੱਕੋ ਸਮੇਂ ਕਰ ਲੈਣ ਦੀ ਯੋਗਤਾ ਹੈ। ਅਧਿਆਪਕ ਉਦਾਹਰਨਾਂ ਦੀ ਸਹਾਇਤਾ ਨਾਲ ਵਿਦਿਆਰਥੀਆਂ ਨੂੰ ਬਹੁ-ਗੁਣਤਾ ਅਤੇ ਬਹੁ-ਕਾਰਜਤਾ ਵਿਚਲਾ ਅੰਤਰ ਸਮਝਣ ਵਿੱਚ ਮਦਦ ਕਰੇ।

**5. ਆਟੋਮੈਟਿਕ—** ਕੰਪਿਊਟਰ ਇੱਕ ਆਟੋਮੈਟਿਕ ਮਸ਼ੀਨ ਹੈ। ਇਹ ਕੰਮਾਂ ਨੂੰ ਆਪਣੇ ਆਪ ਬਿਨਾਂ ਸਾਡੀ ਮਦਦ ਤੋਂ ਕਰਨ ਦੇ ਸਮਰੱਥ ਹੈ। ਲੋੜ ਹੈ ਬੱਸ ਇਸ ਨੂੰ ਹਦਾਇਤਾਂ ਦੇਣ ਦੀ। ਉਦਾਹਰਣ ਲਈ ਤੁਸੀਂ ਸਾਰਿਆਂ ਨੇ ਰੋਬੋਟ ਤਾਂ ਦੇਖਿਆ ਹੋਵੇਗਾ, ਉਹ ਬਿਨਾਂ ਕਿਸੇ ਇਨਸਾਨੀ ਮਦਦ ਦੇ ਆਪਣਾ ਕੰਮ ਲਗਾਤਾਰ ਕਰਦਾ ਰਹਿੰਦਾ ਹੈ।



6. **ਅਣਥੱਕ—** ਕੰਪਿਊਟਰ ਭਾਵੇਂ ਕਿੰਨੇ ਵੀ ਚਿਰ ਤੋਂ ਕਿਸੇ ਕੰਮ ਨੂੰ ਲਗਾਤਾਰ ਕਰ ਰਿਹਾ ਹੋਵੇ, ਪਰੰਤੂ ਇਹ ਸਾਡੇ ਵਾਂਗ ਅੱਕਦਾ ਥੱਕਦਾ ਨਹੀਂ। ਸਾਡੇ ਵਾਂਗ ਇਸ ਨੂੰ ਆਰਾਮ ਕਰਨ ਦੀ ਲੋੜ ਬਿਲਕਲ ਨਹੀਂ ਪੈਂਦੀ ਅਤੇ ਕੰਮ ਵਿਚਾਲੇ ਨਹੀਂ ਰੁਕਦਾ।





**1. ਖ਼ਾਲੀ ਥਾਂਵਾਂ ਭਰੋ—**

(ਭੁੱਲਦਾ, ਅਨੋਖੀ, ਤੇਜ਼)

(ੳ) ਕੰਪਿਊਟਰ ਇੱਕ ............... ਮਸ਼ੀਨ ਹੈ।

(ਅ) ਕੰਪਿਊਟਰ ਸਟੋਰ ਕੀਤੀ ਹੋਈ ਸੂਚਨਾ ਨੂੰ ਕਦੇ ............... ਨਹੀਂ।

(ੲ) ਕੰਪਿਊਟਰ ਦੀ ਰਫ਼ਤਾਰ ਬਹੁਤ .............. ਹੁੰਦੀ ਹੈ।

**2. ਹੇਠ ਲਿਖੇ ਸਹੀ ਕਥਨ 'ਤੇ (✓) ਅਤੇ ਗਲਤ ਕਥਨ 'ਤੇ (×) ਦਾ ਨਿਸ਼ਾਨ ਲਗਾਉ—**

(ੳ) ਕੰਪਿਊਟਰ ਬਹੁਤ ਹੀ ਹੌਲੀ ਕੰਮ ਕਰਦਾ ਹੈ। ☐

(ਅ) ਕੰਪਿਊਟਰ ਇੱਕ ਸਮੇਂ ਤੇ ਕੇਵਲ ਇੱਕ ਹੀ ਕੰਮ ਕਰ ਸਕਦਾ ਹੈ। ☐

(ੲ) ਕੰਪਿਊਟਰ ਲਗਾਤਾਰ ਕੰਮ ਕਰਕੇ ਵੀ ਥੱਕਦਾ ਨਹੀਂ। ☐

(ਸ) ਕੰਪਿਊਟਰ ਬਹੁਤ ਸਾਰੀ ਸੂਚਨਾ ਸਟੋਰ ਕਰ ਸਕਦਾ ਹੈ। ☐

(ਹ) ਅਸੀਂ ਕੰਪਿਊਟਰ ਤੇ ਭਰੋਸਾ ਨਹੀਂ ਕਰ ਸਕਦੇ। ☐

**ਪ੍ਰਸ਼ਨ 3. ਕੰਪਿਊਟਰ ਕੀ ਹੈ ?**

..............................................................................................

..............................................................................................

**ਪ੍ਰਸ਼ਨ 4. ਕੰਪਿਊਟਰ ਦੀਆਂ ਵਿਸ਼ੇਸ਼ਤਾਵਾਂ ਦੀ ਸੂਚੀ ਬਣਾਓ।**

..............................................................................................

..............................................................................................

## ਅਸੀਂ ਕੰਪਿਊਟਰ 'ਤੇ ਕੀ-ਕੀ ਕਰ ਸਕਦੇ ਹਾਂ ?

ਬੱਚਿਓ! ਪਿਛਲੇ ਪਾਠ ਵਿੱਚ ਅਸੀਂ ਪੜ੍ਹਿਆ ਹੈ ਕਿ ਕੰਪਿਊਟਰ ਕਿਉਂ ਬਾਕੀ ਸਾਰੀਆਂ ਮਸ਼ੀਨਾਂ ਨਾਲੋਂ ਇੱਕ ਅਨੋਖੀ ਮਸ਼ੀਨ ਹੈ। ਪਿਆਰੇ ਬੱਚਿਓ! ਇਹ ਅਨੋਖੀ ਮਸ਼ੀਨ ਤੁਹਾਡੀ ਬਹੁਤ ਹੀ ਵਧੀਆ ਦੋਸਤ ਵੀ ਸਾਬਤ ਹੋ ਸਕਦੀ ਹੈ। ਬੱਸ ਜ਼ਰੂਰਤ ਹੈ ਇਸਨੂੰ ਆਪਣਾ ਦੋਸਤ ਬਣਾਉਣ ਦੀ ਅਤੇ ਇਸਦੀ ਵਰਤੋਂ ਕਰਨ ਦੀ। ਆਓ, ਜਾਣੀਏ ਕਿ ਤੁਸੀਂ ਕੰਪਿਊਟਰ ਦੀ ਵਰਤੋਂ ਕਿਹੜੇ-ਕਿਹੜੇ ਕੰਮਾਂ ਨੂੰ ਕਰਨ ਲਈ ਕਰ ਸਕਦੇ ਹੋ।



ਤੁਸੀਂ ਆਪਣੇ ਸਕੂਲ ਵਿੱਚ ਜਾਂ ਫਿਰ ਘਰ ਵਿੱਚ ਕੰਪਿਊਟਰ ਦੀ ਵਰਤੋਂ ਹੇਠ ਲਿਖੇ ਕੰਮਾਂ ਨੂੰ ਕਰਨ ਲਈ ਆਸਾਨੀ ਨਾਲ ਕਰ ਸਕਦੇ ਹੋ—

**ਗੇਮਾਂ ਖੇਡਣ ਲਈ—**ਬੱਚਿਓ! ਤੁਸੀਂ ਕੰਪਿਊਟਰ ਤੇ ਆਪਣੀਆਂ ਮਨਪਸੰਦ ਗੇਮਜ਼ ਜਾਂ ਖੇਡਾਂ ਖੇਡ ਸਕਦੇ ਹੋ। ਕੰਪਿਊਟਰ ਵਿੱਚ ਆਪਣੀ ਪਸੰਦ ਅਨੁਸਾਰ ਨਵੀਆਂ-ਨਵੀਆਂ ਗੇਮਜ਼ ਪਾਈਆਂ ਜਾ ਸਕਦੀਆਂ ਹਨ ਅਤੇ ਮਜ਼ਾ ਲਿਆ ਜਾ ਸਕਦਾ ਹੈ।



**2.ਚਿੱਤਰਕਾਰੀ ਜਾਂ ਡਰਾਇੰਗ ਕਰਨ ਲਈ—** ਬੱਚੇ ਕੰਪਿਊਟਰ ਦੀ ਵਰਤੋਂ ਡਰਾਇੰਗ ਕਰਨ ਲਈ ਵੀ ਕਰ ਸਕਦੇ ਹਨ। ਇਸ ਤਰ੍ਹਾਂ ਉਨ੍ਹਾਂ ਨੂੰ ਆਪਣੀ ਕਲਾ ਵਿਕਸਿਤ ਕਰਨ ਦਾ ਮੌਕਾ ਮਿਲਦਾ ਹੈ ਅਤੇ ਕਾਗ਼ਜ ਜਾਂ ਰੰਗਾਂ ਆਦਿ ਦਾ ਖਰਚਾ ਵੀ ਨਹੀਂ ਹੁੰਦਾ। ...ਤਾਂ ਫਿਰ ਹੋਇਆ ਨਾ ਇਹ ਤੁਹਾਡਾ ਵਧੀਆ ਦੋਸਤ!





**3. ਟਾਈਪਿੰਗ ਕਰਨ ਲਈ—** ਬੱਚਿਓ! ਤੁਸੀਂ ਕੰਪਿਊਟਰ 'ਤੇ ਟਾਈਪਿੰਗ ਵੀ ਕਰ ਸਕਦੇ ਹੋ। ਇਸ ਨਾਲ ਤੁਸੀਂ ਚਿੱਠੀਆਂ-ਪੱਤਰ ਜਾਂ ਹੋਰ ਦਸਤਾਵੇਜ਼ ਬਣਾ ਸਕਦੇ ਹੋ ਅਤੇ ਪ੍ਰਿੰਟ ਕਰਕੇ ਕਿਸੇ ਨੂੰ ਭੇਜ ਵੀ ਸਕਦੇ ਹੋ।





**4. ਗਣਨਾਵਾਂ ਕਰਨ ਲਈ—** ਤੁਸੀਂ ਗਣਿਤ ਦੀਆਂ ਗਣਨਾਵਾਂ ਕੰਪਿਊਟਰ ਦੀ ਮਦਦ ਨਾਲ ਬਹੁਤ ਹੀ ਅਸਾਨੀ ਨਾਲ ਕਰ ਸਕਦੇ ਹੋ। ਇਸ ਨਾਲ ਕਿਸੇ ਗਲਤੀ ਦੀ ਗੁੰਜਾਇਸ਼ ਵੀ ਨਹੀਂ ਰਹਿੰਦੀ।






**5. ਗਾਣੇ ਸੁਣਨ ਲਈ—** ਜੇ ਤੁਸੀਂ ਕੰਮ ਕਰਦੇ ਜਾਂ ਪੜ੍ਹਦੇ ਹੋਏ ਅੱਕ ਚੁੱਕੇ ਹੋ ਤਾਂ ਤੁਹਾਡਾ ਦੋਸਤ ਹਾਜ਼ਿਰ ਹੈ! ਤੁਸੀਂ ਕੰਪਿਊਟਰ 'ਤੇ ਆਪਣੇ ਮਨਪਸੰਦ ਗਾਣੇ ਸੁਣ ਸਕਦੇ ਹੋ। ਇੰਟਰਨੈਟ 'ਤੇ ਹਰ ਤਰ੍ਹਾਂ ਦਾ ਸੰਗੀਤ ਉਪਲੱਬਧ ਹੈ।



**6. ਫਿਲਮਾਂ ਵੇਖਣ ਲਈ—** ਇਕੱਲੇ ਗਾਣੇ ਹੀ ਨਹੀਂ ਅਸੀਂ ਕੰਪਿਊਟਰ ਦੀ ਮਦਦ ਨਾਲ ਫ਼ਿਲਮਾਂ ਵੀ ਦੇਖ ਸਕਦੇ ਹੋ। ਅੱਜ-ਕੱਲ੍ਹ ਤਾਂ ਟੀ.ਵੀ ਦੇ ਪ੍ਰੋਗਰਾਮ ਵੀ ਕੰਪਿਊਟਰ 'ਤੇ ਹੀ ਵੇਖੇ ਜਾ ਸਕਦੇ ਹਨ।



**7. ਖੋਜ ਕਰਨ ਲਈ—** ਅਸੀਂ ਕੰਪਿਊਟਰ 'ਤੇ ਮਨਚਾਹੀ ਸੂਚਨਾ ਜਾਂ ਸਮੱਗਰੀ ਖੋਜ ਸਕਦੇ ਹਾਂ।






ਇਸ ਦੀ ਮਦਦ ਨਾਲ ਤੁਸੀਂ ਆਪਣੇ ਵਿਸ਼ੇ ਨਾਲ ਸੰਬੰਧਤ ਰੋਚਕ ਜਾਣਕਾਰੀ ਦੀ ਭਾਲ ਕਰ ਸਕਦੇ ਹੋ।

**ਪ੍ਰਸ਼ਨ 5. ਖਾਲੀ ਥਾਵਾਂ ਭਰੋ—**

(ਦੋਸਤ, ਖੋਜ, ਚਿੱਤਰਕਾਰੀ)

(ੳ) ਕੰਪਿਊਟਰ ਤੁਹਾਡਾ ਵਧੀਆ ................ ਹੋ ਸਕਦਾ ਹੈ।

(ਅ) ਕੰਪਿਊਟਰ 'ਤੇ ................. ਕਰਨ ਲਈ ਕਾਗਜ਼ ਦੀ ਲੋੜ ਨਹੀਂ ਪੈਂਦੀ।

(ੲ) ਬੱਚੇ ਕੰਪਿਊਟਰ 'ਤੇ ਮਨਚਾਹੀ ਸੂਚਨਾ ਦੀ ................ ਕਰ ਸਕਦੇ ਹਨ।

**ਪ੍ਰਸ਼ਨ 6. ਹੇਠ ਲਿਖੇ ਸਹੀ ਕਥਨਾਂ ਤੇ (✓) ਅਤੇ ਗਲਤ ਕਥਨ ਤੇ (×) ਦਾ ਨਿਸ਼ਾਨ ਲਗਾਉ—**

(ੳ) ਕੰਪਿਊਟਰ 'ਤੇ ਗੇਮਾਂ ਖੇਡੀਆਂ ਜਾ ਸਕਦੀਆਂ ਹਨ।

(ਅ) ਕੰਪਿਊਟਰ 'ਤੇ ਫਿਲਮਾਂ ਨਹੀ ਵੇਖ ਸਕਦੇ।

(ੲ) ਕੰਪਿਊਟਰ ਵੱਡੀਆਂ ਗਣਨਾਵਾਂ ਨਹੀਂ ਕਰ ਸਕਦਾ।


(ਸ) ਕੰਪਿਊਟਰ ਟਾਈਪਿੰਗ ਕਰਨ ਲਈ ਵਰਤਿਆ ਜਾ ਸਕਦਾ ਹੈ।

**ਪ੍ਰਸ਼ਨ 7.** ਤੁਸੀਂ ਕੰਪਿਊਟਰ 'ਤੇ ਕੀ-ਕੀ ਕਰ ਸਕਦੇ ਹੋ, ਕੰਮਾਂ ਦੀ ਸੂਚੀ ਬਣਾਓ ?

..........................................................................................

..........................................................................................

ਪ੍ਸ਼ਨ 8. ਹੇਠਾਂ ਦਿੱਤੇ ਚਿੱਤਰ ਵਿੱਚ ਮਨਚਾਹੇ ਰੰਗ ਭਰੋ :



*****